

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 18

August 12, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਭਾਰਤ ਦੇ ਆਜ਼ਾਦੀ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।

**ਸ੍ਰੀ ਕੁਲਦੀਪ ਚੰਦ ਦਾ ਵਿਸ਼ੇਸ਼ ਲੇਖ ਦੇਖੋ ਸਫਾ 17 'ਤੇ।**



ਮੋਰਚਾ ਗੁਰੂ ਕਾ ਬਾਗ- 8 ਅਗਸਤ 1922

ਸ. ਪ੍ਰਮਿੰਦਰ ਸਿੰਘ ਪ੍ਰਵਾਨਾ ਦਾ ਵਿਸ਼ੇਸ਼ ਲੇਖ ਦੇਖੋ ਸਫਾ 18 'ਤੇ।

## ਜੋਅ ਬਾਇਡਨ ਨੇ ਕਮਲਾ ਹੈਰਿਸ ਨੂੰ ਉੱਪ ਰਾਸ਼ਟਰਪਤੀ ਵਜੋਂ ਕੀਤਾ ਨਾਮਜ਼ਦ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**—ਡੈਮੋਕਰੈਟਸ ਉਮੀਦਵਾਰ ਜੋਅ ਬਾਇਡਨ ਨੇ ਨਵੰਬਰ 2020 ਵਿਚ ਹੋਣ ਜਾ ਰਹੀਆਂ ਰਾਸ਼ਟਰਪਤੀ ਦੀਆਂ ਚੋਣਾਂ ਲਈ ਸੈਨੇਟਰ ਕਮਲਾ ਹੈਰਿਸ ਨੂੰ ਆਪਣਾ 'ਰਨਿੰਗ ਮੇਟ' ਚੁਣਿਆ ਹੈ। ਇਸ ਤਰਾਂ ਜੇਕਰ ਜੋਅ ਬਾਇਡਨ ਰਾਸ਼ਟਰਪਤੀ ਦੀ ਚੋਣ ਜਿੱਤ ਜਾਂਦੇ ਹਨ ਤਾਂ ਕਮਲਾ ਹੈਰਿਸ ਅਮਰੀਕਾ ਦੀ ਉੱਪ ਰਾਸ਼ਟਰਪਤੀ ਬਣੇਗੀ। ਉਹ ਪਹਿਲੀ ਏਸ਼ੀਅਨ-ਅਮਰੀਕਨ ਔਰਤ ਹੈ ਜੋ 'ਰਨਿੰਗ ਮੇਟ' ਚੁਣੀ ਗਈ ਹੈ। ਜੋਅ ਬਾਇਡਨ ਨੇ ਕਮਲਾ ਹੈਰਿਸ ਨੂੰ ਨਿਡੱਰ ਯੋਧਾ ਕਿਹਾ ਹੈ। ਹਾਲਾਂ ਕਿ ਰਾਸ਼ਟਰਪਤੀ ਦੇ ਅਹੁੱਦੇ ਲਈ ਡੈਮੋਕਰੈਟਸ ਉਮੀਦਵਾਰ ਦੀ ਨਾਮਜ਼ਦਗੀ ਚੋਣ ਦੌਰਾਨ ਜੋਅ ਬਾਇਡਨ ਤੇ ਕਮਲਾ ਹੈਰਿਸ ਵਿਚਾਲੇ ਤਿੱਖੀ ਨੋਕਝੋਕ ਵੀ ਹੁੰਦੀ ਰਹੀ ਹੈ ਪਰ ਜੋਅ ਬਾਇਡਨ ਨੇ ਇਸ ਸਭ ਕੁਝ ਨੂੰ ਭੁਲਾ ਕੇ ਕਮਲਾ ਹੈਰਿਸ ਦੀ ਚੋਣ ਕੀਤੀ ਹੈ। ਹੈਰਿਸ ਦਾ ਜਨਮ ਓਕਲੈਂਡ, ਕੈਲੀਫੋਰਨੀਆ ਵਿਚ ਹੋਇਆ। ਉਸ ਦੀ ਮਾਂ ਭਾਰਤੀ ਮੂਲ ਤੇ ਪਿਤਾ ਜਮਾਇਕਾ ਮੂਲ ਦੇ ਸਨ। ਹੈਰਿਸ ਪੇਸ਼ੇ ਪੱਖੋਂ ਵਕੀਲ ਹੈ ਤੇ ਉਸ ਨੇ ਵਕਾਲਤ ਦੀ ਡਿਗਰੀ ਯੂਨੀਵਰਸਿਟੀ ਆਫ ਕੈਲੀਫੋਰਨੀਆ ਤਹਿਤ ਆਉਂਦੇ ਹੇਸਟਿੰਗਜ ਕਾਲਜ ਆਫ ਲਾਅ ਤੋਂ ਕੀਤੀ। ਉਸ ਦੀ ਚੋਣ ਉਪਰ ਭਾਰਤੀ ਮੂਲ ਦੇ ਲੋਕਾਂ ਸਮੇਤ ਕਾਲੇ ਭਾਈਚਾਰੇ ਵਿਚ ਖੁਸ਼ੀ ਪਾਈ ਜਾ ਰਹੀ ਹੈ। 'ਸ਼ੀ ਦਾ ਪੀਪਲ' ਨਾਂ ਦੇ ਗਰੁੱਪ ਦੀ ਸੰਸਥਾਪਕ ਐਮੀ ਐਲੀਸਨ ਨੇ ਕਿਹਾ ਹੈ ਕਿ ਅੱਜ ਆਸ ਦੀ ਨਵੀਂ ਕਿਰਨ ਪੈਦਾ ਹੋਈ ਹੈ। ਇਸ ਗਰੁੱਪ ਨੇ ਜੋਅ ਬਾਇਡਨ ਨੂੰ ਬੇਨਤੀ ਕੀਤੀ ਸੀ ਕਿ ਉਹ ਆਪਣੀ 'ਰਨਿੰਗ ਮੇਟ' ਕਿਸੇ ਸ਼ਾਹਫਿਆਮ ਔਰਤ ਨੂੰ ਚੁਣੇ।



**ਮਰਦਾਂ ਦੀ ਹੋਈ ਬੇਇਜ਼ਤੀ**

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਜੋਅ ਬਾਇਡਨ ਨੇ ਉੱਪ ਰਾਸ਼ਟਰਪਤੀ ਦੇ ਅਹੁੱਦੇ ਲਈ ਇਕ ਔਰਤ ਦੀ ਚੋਣ ਕਰਕੇ ਮੁਕਾਬਲੇ ਵਿਚ ਸ਼ਾਮਿਲ ਕੁਝ ਮਰਦਾਂ ਦੀ ਬੇਇਜ਼ਤੀ ਕੀਤੀ ਹੈ। ਉਨਾਂ ਨੇ ਫੌਕਸ ਸਪੋਰਟਸ ਰੇਡੀਓ ਨਾਲ ਗੱਲਬਾਤ ਕਰਦਿਆਂ ਕਿਹਾ ਕਿ ' ਜੋਅ ਬਾਇਡਨ ਲੋਕਾਂ ਦੇ ਇਕ ਵਿਸ਼ੇਸ਼ ਗਰੁੱਪ ਵਿਚ ਘਿਰੇ ਹੋਏ ਹਨ। ਕੁਝ ਲੋਕ ਇਸ ਨੂੰ ਮਰਦਾਂ ਦੀ ਬੇਇਜ਼ਤੀ ਕਹਿਣਗੇ ਤੇ ਕੁਝ ਹੋਰ ਇਸ ਨੂੰ ਵਧੀਆ ਕਹਿਣਗੇ। ਲੋਕ ਉੱਪ ਰਾਸ਼ਟਰਪਤੀ ਨੂੰ ਵੋਟਾਂ ਨਹੀਂ ਪਾਉਣਗੇ। ਵੋਟਾਂ ਤਾਂ ਰਾਸ਼ਟਰਪਤੀ ਦੇ ਅਹੁੱਦੇ ਲਈ ਖੜੇ ਉਮੀਦਵਾਰ ਨੂੰ ਪੈਣੀਆਂ ਹਨ। ਮੇਰੇ ਲਈ ਇਹ ਕੋਈ ਮੁੱਦਾ ਨਹੀਂ ਹੈ।''

## ਬੈਰੂਤ ਧਮਾਕੇ ਪਿੱਛੋਂ ਮਦਦ ਲਈ ਅੱਗੇ ਆਈ ਦੁਨੀਆ

**ਵਾਸ਼ਿੰਗਟਨ (ਬਿਊਰੋ)**- ਲਿਬਨਾਨ ਦੀ ਰਾਜਧਾਨੀ ਬੈਰੂਤ 'ਚ ਭਿਆਨਕ ਧਮਾਕੇ ਪਿੱਛੋਂ ਦੁਨੀਆ ਪੀੜਤਾਂ ਦੀ ਮਦਦ ਲਈ ਅੱਗੇ ਆਈ ਹੈ। ਫਰਾਂਸ, ਅਮਰੀਕਾ ਵਰਗੇ ਕਈ ਦੇਸ਼ਾਂ ਦੀ ਮਦਦ ਪੁੱਜ ਵੀ ਚੁੱਕੀ ਹੈ ਪ੍ਰੰਤੂ ਇਹ ਕਾਫ਼ੀ ਨਹੀਂ ਹੈ। ਲਿਬਨਾਨ ਨੂੰ ਹੋਰ ਜ਼ਿਆਦਾ ਸਹਾਇਤਾ ਪਹੁੰਚਾਉਣ ਲਈ ਫਰਾਂਸ ਦੀ ਪਹਿਲ 'ਤੇ ਐਤਵਾਰ ਨੂੰ ਕਾਨਫਰੰਸ ਕਾਲ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸਮੇਤ ਕਈ ਦੇਸ਼ਾਂ ਦੇ ਆਗੂ ਗੱਲਬਾਤ ਕਰਨਗੇ।



ਟਰੰਪ ਨੇ ਟਵਿੱਟਰ 'ਤੇ ਕਿਹਾ ਕਿ ਉਨ੍ਹਾਂ ਨੇ ਲਿਬਨਾਨ ਦੇ ਰਾਸ਼ਟਰਪਤੀ ਮਿਸ਼ੇਲ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨਾਲ ਅਲੱਗ-ਅਲੱਗ ਗੱਲ ਕੀਤੀ ਹੈ। ਅਮਰੀਕਾ ਦੇ ਤਿੰਨ ਵੱਡੇ ਜਹਾਜ਼ ਰਾਹਤ ਸਮੱਗਰੀ ਲੈ ਕੇ ਰਵਾਨਾ ਹੋ ਚੁੱਕੇ ਹਨ। ਇਸ ਦੇ ਇਲਾਵਾ ਨਰਸਾਂ ਤੇ ਡਾਕਟਰਾਂ ਦੀ ਟੀਮ ਅਤੇ ਡਾਕਟਰੀ ਸਮੱਗਰੀ ਵੀ ਭੇਜੀ ਜਾ ਰਹੀ ਹੈ। ਅਸੀਂ ਹੋਰ ਵੀ ਮਦਦ ਪਹੁੰਚਾਵਾਂਗੇ। ਕਈ ਹੋਰ ਦੇਸ਼ ਵੀ ਮਦਦ ਵਿਚ ਹੱਥ ਵੰਡਾਉਣਾ ਚਾਹੁੰਦੇ ਹਨ। ਬੈਰੂਤ ਬੰਦਰਗਾਹ 'ਤੇ ਮੰਗਲਵਾਰ ਨੂੰ ਹੋਏ

**(ਬਾਕੀ ਸਫਾ 'ਤੇ)**


Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM



GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for Professional & reliable services at reasonable rates.
959 Corporate Way, Fremont, CA. 94539


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
rajasweetsandcatering
Follow us on Twitter
rajasweets


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਟਰੰਪ ਵੱਲੋਂ 400 ਡਾਲਰ ਹਰ ਹਫ਼ਤੇ ਬੇਰੁਜ਼ਗਾਰੀ ਲਾਭ ਦੇਣ ਸਮੇਤ ਹੋਰ ਕੋਰੋਨਾ ਰਾਹਤ ਸਬੰਧੀ 4 ਆਦੇਸ਼ਾਂ ਉਪਰ ਦਸਤਖ਼ਤ

## ਡੈਮੋਕਰੈਟਸ ਨਾਲ ਰਾਹਤ ਪੈਕੇਜ਼ ਉਪਰ ਸਹਿਮਤੀ ਨਾ ਬਣਨ ਉਪਰੰਤ ਇਕਤਰਫ਼ਾ ਕੀਤੀ ਕਾਰਵਾਈ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਕੋਰੋਨਾ ਰਾਹਤ ਪੈਕੇਜ਼ ਬਾਰੇ ਡੈਮੋਕਰੈਟਸ ਨਾਲ ਸਹਿਮਤੀ ਨਾ ਬਣਨ ਉਪਰੰਤ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਤੌਰ 'ਤੇ ਕਾਰਵਾਈ ਕਰਦਿਆਂ 4 ਵੱਖ ਵੱਖ ਆਦੇਸ਼ਾਂ ਉਪਰ ਦਸਤਖ਼ਤ ਕੀਤੇ। ਬੈਡਮਿਨਸਟਰ ਵਿਚ ਆਪਣੇ ਗੋਲਫ਼ ਰਿਜ਼ਾਰਟ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਇਨਾਂ ਆਦੇਸ਼ਾਂ ਤਹਿਤ 400 ਡਾਲਰ ਹਰ ਹਫ਼ਤੇ ਬੇਰੁਜ਼ਗਾਰੀ ਲਾਭ ਮਿਲੇਗਾ, ਕਿਰਾਏ 'ਤੇ ਰਹਿੰਦੇ ਲੋਕਾਂ ਕੋਲੋਂ ਘਰ ਖਾਲੀ ਨਹੀਂ ਕਰਵਾਇਆ ਜਾ ਸਕੇਗਾ, ਵਿਦਿਆਰਥੀਆਂ ਦੇ ਕਰਜੇ ਇਸ ਸਾਲ ਦੇ ਅੰਤ ਤੱਕ ਮੁਲਤਵੀ ਹੋ ਜਾਣਗੇ ਤੇ ਮਾਲਕਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ 1 ਲੱਖ ਡਾਲਰ ਪ੍ਰਤੀ ਸਾਲ ਤੋਂ ਘੱਟ ਕਮਾਉਣ ਵਾਲੇ ਅਮਰੀਕੀਆਂ ਦੇ ਕੁਝ ਵਿਸ਼ੇਸ਼ ਪੇਰੋਲ ਟੈਕਸ ਇਸ ਸਾਲ ਦੇ ਅੰਤ ਤੱਕ ਮੁਲਤਵੀ ਕਰ ਦੇਣ। ਟਰੰਪ ਨੇ ਕਿਹਾ ਕਿ ਨਵੇਂ ਕੋਰੋਨਾ ਰਾਹਤ ਪੈਕੇਜ਼ ਬਾਰੇ ਡੈਮੋਕਰੈਟਸ ਨਾਲ ਦੋ ਹਫ਼ਤੇ ਚੱਲੀ ਗੱਲਬਾਤ ਫੇਲ ਹੋ ਜਾਣ ਕਾਰਨ ਉਨਾਂ ਨੇ ਆਪਣੇ 'ਤੌਰ 'ਤੇ ਇਹ ਨਿਰਨੇ ਲਏ ਹਨ ਤੇ ਉਹ ਅਮਰੀਕੀ ਕਾਮਿਆਂ ਨੂੰ ਰਾਹਤ ਦੇਣ ਜਾ ਰਹੇ ਹਨ। ਇਥੇ ਵਰਣਨਯੋਗ ਹੈ ਕਿ ਡੈਮੋਕਰੈਟਸ ਚਹੁੰਦੇ ਸਨ ਕਿ 3.4 ਖ਼ਰਬ ਡਾਲਰ ਦੀ ਰਾਹਤ ਯੋਜਨਾ ਬਣਾਈ ਜਾਵੇ ਪਰ ਰਿਪਬਲੀਕਨ 1.1 ਖ਼ਰਬ ਡਾਲਰ ਤੋਂ ਵਧ ਦੇਣ ਲਈ ਤਿਆਰ ਨਹੀਂ ਹੋਏ। ਹਾਊਸ ਸਪੀਕਰ ਨੈਨਸੀ ਪੇਲੋਸੀ ਤੇ ਸੈਨੇਟ ਦੇ ਘੱਟ ਗਿਣਤੀਆਂ ਬਾਰੇ ਆਗੂ ਚੁੱਕ ਸ਼ੂਮਰ ਨੇ ਖਜ਼ਾਨਾ ਸਕੱਤਰ ਸਟੀਵਨ ਮਨੂਚਿਨ ਤੇ ਵਾਈਟ ਹਾਊਸ ਮੁੱਖੀ ਸਟਾਫ ਮਾਰਕ ਮੀਡੋਜ ਨਾਲ ਰਾਹਤ ਪੈਕੇਜ਼ ਬਾਰੇ ਸਾਂਝੀ ਰਾਏ ਬਣਾਉਣ ਲਈ ਆਖਰੀ ਕੋਸ਼ਿਸ਼ ਵਜੋਂ ਸ਼ੁੱਕਰਵਾਰ ਨੂੰ ਮੁਲਾਕਾਤ ਕੀਤੀ ਪਰ ਗੱਲਬਾਤ ਕਿਸੇ ਤਣ ਪੱਤਣ ਨਾ ਲੱਗੀ।





ਦੋਨਾਂ ਧਿਰਾਂ ਨੇ ਮੰਨਿਆ ਕਿ 2 ਘੰਟੇ ਤੋਂ ਵਧ ਸਮਾਂ ਹੋਈ ਗੱਲਬਾਤ ਦਾ ਕੋਈ ਨਤੀਜ਼ਾ ਨਹੀਂ ਨਿਕਲ ਸਕਿਆ। ਗੱਲਬਾਤ ਉਪਰੰਤ ਖਜ਼ਾਨਾ ਸਕੱਤਰ ਮਨੂਚਿਨ ਨੇ ਐਲਾਨ ਕੀਤਾ ਸੀ ਕਿ ਉਹ ਰਾਸ਼ਟਰਪਤੀ ਨੂੰ ਆਪਣੇ ਤੌਰ 'ਤੇ ਕਾਰਵਾਈ ਕਰਨ ਦੀ ਸਿਫਾਰਿਸ਼ ਕਰਨਗੇ ਹਾਲਾਂ ਕਿ ਡੈਮੋਕਰੈਟਸ ਨੇ ਕਿਹਾ ਸੀ ਕਿ ਰਾਸ਼ਟਰਪਤੀ ਨੂੰ ਇਕਤਰਫ਼ਾ ਫੈਸਲਾ ਲੈਣ ਦਾ ਕਾਨੂੰਨੀ ਅਧਿਕਾਰ ਨਹੀਂ ਹੈ ਤੇ ਨਾ ਹੀ ਸੰਘੀ ਬਜ਼ਟ ਵਿਚ ਲੋੜੀਂਦਾ ਪੈਸਾ ਹੈ। ਇਥੇ ਵਰਣਨਯੋਗ ਹੈ ਕਿ ਪਹਿਲਾਂ ਹਰ ਹਫ਼ਤੇ 600 ਡਾਲਰ ਬੇਰੁਜ਼ਗਾਰੀ ਲਾਭ ਮਿਲਦਾ ਸੀ ਜੋ ਜੁਲਾਈ ਵਿਚ ਖਤਮ ਹੋ ਗਿਆ ਹੈ।

# ਸ਼ਿਕਾਗੋ ਵਿਚ ਪੁਲਿਸ ਤੇ ਲੋਕਾਂ ਵਿਚਾਲੇ ਜਬਰਦਸਤ ਝੜਪਾਂ 'ਚ 13 ਪੁਲਿਸ ਅਧਿਕਾਰੀਆਂ ਸਮੇਤ ਅਨੇਕਾਂ ਜ਼ਖਮੀ, 100 ਗ੍ਰਿਫ਼ਤਾਰ

**ਸ਼ਿਕਾਗੋ (ਹੁਸਨ ਲੜੋਆ ਬੰਗਾ)–** ਸ਼ਿਕਾਗੋ ਦੇ ਮੈਗਨੀਫੀਸੈਂਟ ਮਿਲੇ ਸ਼ਾਪਿੰਗ ਡਿਸਟ੍ਰਿਕਟ ਤੇ ਸ਼ਹਿਰ ਦੇ ਅੰਦਰਲੇ ਹਿੱਸਿਆਂ ਵਿਚ ਭੜਕੇ ਲੋਕਾਂ ਨੇ ਸਟੋਰਾਂ ਵਿਚ ਲੁੱਟ ਖਸੁੱਟ ਕੀਤੀ ਤੇ ਇਮਾਰਤਾਂ ਦੇ ਸ਼ੀਸ਼ੇ ਤੋੜ ਦਿੱਤੇ। ਪੁਲਿਸ ਨਾਲ ਹੋਈਆਂ ਝੜਪਾਂ ਵਿਚ ਅਨੇਕਾਂ ਲੋਕ ਜ਼ਖਮੀ ਹੋਏ ਹਨ। ਜ਼ਖਮੀਆਂ ਵਿਚ ਪੁਲਿਸ ਦੇ ਘਟੋ ਘੱਟ 13 ਅਧਿਕਾਰੀ ਵੀ ਸ਼ਾਮਿਲ ਹਨ। ਪੁਲਿਸ ਨੇ 100 ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ। ਸ਼ਿਕਾਗੋ ਪੁਲਿਸ ਵਿਭਾਗ ਦੇ ਸੁਪਰਡੈਂਟ ਡੇਵਿਟ ਬਰਾਊਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੋਸ਼ਲ ਮੀਡੀਆ ਉਪਰ ਲੁੱਟ ਖਸੁੱਟ ਦੀ ਪੋਸਟ ਵੇਖਣ ਉਪਰੰਤ ਸ਼ਿਕਾਗੋ ਵਿਚ ਤਕਰੀਬਨ 400 ਪੁਲਿਸ ਅਧਿਕਾਰੀ ਭੇਜੇ ਗਏ। ਪੁਲਿਸ ਤੇ ਹਿੰਸਾ 'ਤੇ ਉਤਾਰੂ ਲੋਕਾਂ ਵਿਚਾਲੇ ਗੋਲੀਆਂ ਦਾ ਵਟਾਂਦਰਾ ਵੀ ਹੋਇਆ। ਇਕ ਸੁਰੱਖਿਆ ਗਾਰਡ ਤੇ ਇਕ ਆਮ ਨਾਗਰਿਕ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬਰਾਊਨ ਅਨੁਸਾਰ ਅਜਿਹਾ ਲੱਗਦਾ ਹੈ ਕਿ ਸੋਸ਼ਲ ਮੀਡੀਆ ਉਪਰ ਪੁਲਿਸ ਅਫਸਰਾਂ ਵੱਲੋਂ ਇਕ 20 ਸਾਲਾ ਨੌਜਵਾਨ ਜਿਸ ਦਾ ਕਿ ਲੰਬਾ ਅਪਰਾਧਕ ਪਿਛੋਕੜ ਹੈ, ਨੂੰ ਜ਼ਖਮੀ ਕਰਨ ਦੀ ਵਾਪਰੀ ਘਟਨਾ ਸਬੰਧੀ ਪਾਈਆਂ ਪੋਸਟਾਂ ਕਾਰਨ ਲੋਕ ਭੜਕੇ ਹਨ। ਇਸ ਘਟਨਾ ਤੋਂ ਬਾਅਦ ਫੇਸ ਬੁੱਕ ਉਪਰ ਇਕ ਝੂਠੀ ਵੀਡੀਓ ਪਾਈ ਗਈ ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਪੁਲਿਸ ਨੇ ਇਕ 15 ਸਾਲਾ ਲੜਕੇ ਦੀ ਗੋਲੀ ਮਾਰਕੇ ਹੱਤਿਆ ਕਰ ਦਿੱਤੀ ਹੈ। ਪੁਲਿਸ ਅਨੁਸਾਰ ਇਹ ਅਯੋਜਿਤ ਪ੍ਰਦਰਸ਼ਨ ਨਹੀਂ ਸੀ ਬਲਕਿ ਇਹ ਸਾਡੀ ਪੁਲਿਸ ਤੇ ਸਾਡੇ ਸ਼ਹਿਰੀਆਂ



ਵਿਰੁੱਧ ਹਿੰਸਾ ਭੜਕਾਈ ਗਈ ਹੈ। ਮੌਕੇ ਦੇ ਗਵਾਹਾਂ ਅਨੁਸਾਰ ਲੋਕ ਸਟੋਰਾਂ ਵਿਚੋਂ ਜੋ ਵੀ ਕੁਝ ਮਿਲਿਆ ਥੈਲਿਆਂ ਵਿਚ ਭਰਕੇ ਲੈ ਗਏ। ਇਕ ਬੈਂਕ ਨੂੰ ਵੀ ਨੁਕਸਾਨ ਪਹੁੰਚਾਇਆ ਤੇ ਉਸ ਦੇ ਸ਼ੀਸ਼ੇ ਤੋੜ ਦਿੱਤੇ। ਸ਼ਿਕਾਗੋ ਦੀ ਮੇਅਰ ਲੌਰੀ ਲਾਈਟਫੁੱਟ ਨੇ ਘਟਨਾ ਨੂੰ ਅਪਰਾਧਕ ਕਰਾਰ ਦਿੰਦਿਆਂ ਕਿਹਾ ਹੈ ਕਿ ਗ੍ਰਿਫਤਾਰ ਵਿਅਕਤੀਆਂ ਨੂੰ ਲੁੱਟਮਾਰ, ਭੜਕਾਹਟ ਪੈਦਾ ਕਰਨ ਤੇ ਪੁਲਿਸ ਉਪਰ ਹਮਲੇ ਵਰਗੇ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਉਨ•ਾਂ ਕਿਹਾ ਕਿ ਇਹ ਗਰੀਬ ਲੋਕ ਨਹੀਂ ਸੀ ਜੋ ਮਜ਼ਬੂਰੀ ਵੱਸ ਲੁੱਟਮਾਰ ਕਰ ਰਹੇ ਸਨ ਬਲਕਿ ਇਹ ਸਿੱਧੇ ਤੌਰ 'ਤੇ ਅਪਰਾਧੀ ਲੋਕਾਂ ਦਾ ਕਾਰਾ ਹੈ ਜਿਨਾਂ ਵਿਰੁੱਧ ਕਾਰਵਾਈ ਹੋਵੇਗੀ।


ਸੋਹੰ

SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

PITTSBURG GURUGHAR CLOSED AGAIN DUE TO COVID-19

**Pittsburg Gurughar remained open for Sunday services for a few weeks but because of ongoing surge in COVID-19 cases the Managing Committee is constrained to notify the entire Sangat that effective immediately the Gurughar is closed again for Sangat attendance till August 9th, 2020 (Sunday) and is rescheduled to open on August,16th, 2020 , depending on the severity of the COVID-19 conditions. We are very sorry to share this unpleasant decision with the Sangat but had no other option but to pray for calming down this Pandemic. Community collaboration in such difficult times is vital to help keep Sangat healthy by avoiding exposures to the virus.**

APPEAL FOR DONATIONS:- As the Sangat is well aware that because of no in-flow of cash donations impacted by Corona Virus the Guru ghar is also experiencing financial difficulties in the payment of our regular bills including the salary of the priests and other unforeseen maintenance repairs of Guru Ghar. Since the Sangat is the main force and the impetus behind the running of any religious institution we earnestly appeal to to please continue your kind help through your generous donations to Guru Ghar.

**REORGANIZATIONAL CHANGES:-** In accordance with the provisions of the By-laws of this Gurughar, the process of reorganization of the Board of Directors and the Executive Committee will be on August 23, 2020. The term of some of the current members of the Managing Committee is due to expire in August, 2020 making room for replacement with new volunteer Sewadars. Applications from new Sewadars are invited from Sangat so as to reach the Chairman by August 16th, 2020.

Gurughar members who have not renewed their membership so far are also requested to do so by paying their annual renewal fee.

We also pray for the safety of all those physicians, nurses and other workers who are fighting together by risking their lives in the forefront for treatment of the patients of COVID-19.

**"NANAK NAM CHARDI KALA TERE BHANE SARBAT DA BHALA"**

Chairman Jagtar Bhatia | President Shinder Paul Narabu | Sangat De Sewadar | General Secretary Dharam Pal Chonkria | Treasurer Vinod Kumar

# ਨਵੰਬਰ ਵਿਚ ਚੋਣਾਂ ਉਪਰੰਤ ਖੜ੍ਹਾ ਹੋ ਸਕਦੈ ਸੰਕਟ- ਚੋਟੀ ਦੇ ਸਾਬਕਾ ਅਧਿਕਾਰੀਆਂ ਨੇ ਕੀਤਾ ਸੁਚੇਤ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਸੇਵਾ ਮੁਕਤ ਫੌਜੀ ਅਧਿਕਾਰੀਆਂ, ਸਾਬਕਾ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀਆਂ, ਲਾਅ ਪ੍ਰੋਫੈਸਰਾਂ ਤੇ ਰਾਜਸੀ ਰਣਨੀਤੀ ਘਾੜਿਆਂ ਨੇ ਸੁਚੇਤ ਕੀਤਾ ਹੈ ਕਿ ਇਸ ਸਾਲ 3 ਨਵੰਬਰ ਨੂੰ ਰਾਸ਼ਟਰਪਤੀ ਚੋਣਾਂ ਉਪਰੰਤ ਦੇਸ਼ ਵਿਚ ਸੰਕਟ ਖੜਾ ਹੋ ਸਕਦਾ ਹੈ।

ਫੌਜ ਤੇ ਖੁਫੀਆ ਹਲਕਿਆਂ ਵਿਚ 'ਵਾਰ ਗੇਮਜ਼' ਵਜੋਂ ਜਾਣੇ ਜਾਂਦੇ ਇਸ ਵਿਚਾਰ ਵਟਾਂਦਰੇ ਵਿਚ ਚੋਟੀ ਦੇ 67 ਸਾਬਕਾ ਤੇ ਮੌਜੂਦਾ ਅਧਿਕਾਰੀਆਂ ਨੇ ਹਿੱਸਾ ਲਿਆ ਜਿਨਾਂ ਵਿਚ ਵਧੇਰੇ ਕਰਕੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਲੋਚਕ ਸ਼ਾਮਿਲ ਸਨ। ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਦੇ ਚੋਟੀ ਦੇ ਸਹਾਇਕ ਤੇ ਬਿੱਲ ਕਲਿੰਟਨ ਦੇ ਚੀਫ ਆਫ ਸਟਾਫ ਜੌਹਨ ਪੋਡੈਸਟਾ , ਰਾਸ਼ਟਰਪਤੀ ਟਰੰਪ ਦੇ ਰਿਪਬਲੀਕਨ ਅਲੋਚਕ ਡੇਵਿਡ ਫਰਮ ਤੇ ਬਿਲ ਕ੍ਰਿਸਟੋਲ ਨੇ ਚੋਣਾਂ ਤੋਂ ਬਾਅਦ ਦਾ ਦ੍ਰਿਸ਼ ਪੇਸ਼ ਕਰਦਿਆਂ ਸਥਿਤੀ ਖਰਾਬ ਹੋਣ ਦੀ ਗੱਲ ਕਹੀ।

ਗਰੁੱਪ ਨੇ ਵਿਚਾਰ ਵਟਾਂਦਰੇ ਉਪਰੰਤ ਕਿਹਾ ਕਿ ਅਸੀ ਇਹ ਨਿਚੋੜ ਕੱਢਿਆ ਹੈ ਕਿ ''ਕੋਰੋਨਾਵਾਇਰਸ ਮਹਾਮਾਰੀ ਦੌਰਾਨ ਹੋ ਰਹੀਆਂ ਚੋਣਾਂ ਦੇ ਸਿੱਟੇ ਖਤਰਨਾਕ ਹੋ ਸਕਦੇ ਹਨ। ਮੰਦੇ ਦਰਮਿਆਨ ਰਾਜਸੀ ਧਰੁਵੀਕਰਨ ਹੋਵੇਗਾ, ਮਾਮਲਾ ਅਦਾਲਤਾਂ ਵਿਚ ਜਾ ਸਕਦਾ ਹੈ, ਹਿੰਸਕ ਝੜਪਾਂ ਹੋ ਸਕਦੀਆਂ ਹਨ ਤੇ ਸੰਵਿਧਾਨਕ ਗਤੀਰੋਧ ਪੈਦਾ ਹੋ ਸਕਦਾ ਹੈ।'' ਟਰਾਂਜੀਸ਼ਨ ਇੰਟੈਗਰਿਟੀ ਪ੍ਰਾਜੈਕਟ ਜਿਸ ਵੱਲੋਂ ਇਹ ਵਿਚਾਰ ਵਟਾਂਦਰਾ ਆਯਿਜਤ ਕੀਤਾ ਜਾਂਦਾ ਹੈ, ਨੇ ਇਸ ਹਫਤੇ ਦੀ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ''ਚੋਣਾਂ ਤੋਂ ਬਾਅਦ ਉਸੇ ਰਾਤ ਜੇਤੂ ਉਮੀਦਵਾਰ ਐਲਾਨੇ ਜਾਣ ਦੀ ਸੰਭਾਵਨਾ ਨਹੀਂ ਹੈ ਕਿਉਂਕਿ ਅਧਿਕਾਰੀ ਡਾਕ ਵਾਲੀਆਂ ਵੋਟਾਂ ਦੀ ਗਿਣਤੀ ਵਿਚ ਮਸਰੂਫ ਹੋਣਗੇ।

ਇਹ ਬੇਯਕੀਨੀ ਵਾਲਾ ਸਮਾਂ ਬੇਈਮਾਨ ਉਮੀਦਵਾਰ ਨੂੰ ਚੋਣ ਪ੍ਰਕ੍ਰਿਆ ਉਪਰ ਸਵਾਲ ਖੜੇ ਕਰਨ ਦਾ ਮੌਕਾ ਦੇਵੇਗਾ। ਉਹ ਚੋਣ ਪ੍ਰਕ੍ਰਿਆ ਦੀ ਜਾਇਜ਼ਤਾ 'ਤੇ ਸੰਦੇਹ ਪ੍ਰਗਟ ਕਰ ਸਕਦਾ ਹੈ ਤੇ ਚੋਣ ਨਤੀਜੇ ਨੂੰ ਮੰਨਣ ਤੋਂ ਇਨਕਾਰੀ ਹੋ ਸਕਦਾ ਹੈ।'' ਟਰਾਂਜੀਸ਼ਨ ਇੰਟੈਗਰਿਟੀ ਪ੍ਰਾਜੈਕਟ ਦੇ ਸਹਿ ਸੰਸਥਾਪਕ ਨਿਲਸ ਗਿਲਮੈਨ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਹੁਣ ਤੋਂ ਹੀ ਅਜਿਹਾ ਮਾਹੌਲ ਤਿਆਰ ਕਰ ਰਿਹਾ ਹੈ ਕਿ ਉਹ ਇਹ ਦਾਅਵਾ ਕਰ ਸਕੇ ਕਿ ਚੋਣਾਂ ਜਾਇਜ਼ ਨਹੀਂ ਹਨ। ਬਰਗਰੂਨ ਇੰਸਟੀਚਿਊਟ ਵਿਖੇ ਤਾਇਨਾਤ ਵਿਦਵਾਨ ਗਿਲਮੈਨ ਨੇ ਕਿਹਾ ਕਿ ' ਉਹ ਡਰ ਤੇ ਬੇਯਕੀਨੀ ਵਾਲਾ ਮਾਹੌਲ ਪੈਦਾ ਕਰਨਾ ਚਹੁੰਦਾ ਹੈ ਤਾਂ ਜੋ ਵੋਟਰ ਆਪਣੇ ਆਪ ਨੂੰ ਬੇਵੱਸ ਮਹਿਸੂਸ ਕਰਨ ਲੱਗ ਪੈਣ ਤੇ ਉਹ ਆਪਣੇ ਮਕਸਦ ਵਿਚ ਸਫਲ ਹੋ ਜਾਵੇ। ਇਥੇ ਜ਼ਿਕਰਯੋਗ ਹੈ ਕਿ ਟਰੰਪ ਪਿਛਲੇ ਮਹੀਨੇ ਚੋਣਾਂ ਅੱਗੇ ਪਾਉਣ ਦਾ ਸੁਝਾਅ ਦੇ ਚੁੱਕੇ ਹਨ ਹਾਲਾਂ ਕਿ ਬਾਅਦ ਵਿਚ ਹੀ ਆਪਣੇ ਸੁਝਾਅ ਤੋਂ ਪਿੱਛੇ ਹਟ ਗਏ ਸਨ।

ਉਨਾਂ ਨੇ ਡਾਕ ਰਾਹੀਂ ਵੋਟਾਂ ਪਾਉਣ ਦਾ ਵੀ ਵਿਰੋਧ ਕੀਤਾ ਸੀ ਪਰ ਬਾਅਦ ਵਿਚ ਉਹ ਆਪਣੇ ਇਸ ਬਿਆਨ ਤੋਂ ਵੀ ਮੁਕਰ ਗਏ ਸਨ।

# ਪੰਜਾਬ ਪ੍ਰੋਡਕਸ਼ਨਜ਼ ਤੇ ਪੰਜਾਬੀ ਮੀਡੀਆ ਯੂ ਐਸ ਏ ਵੱਲੋਂ ਇੰਟਰਨੈਸ਼ਨਲ 'ਦਸਤਾਰ ਮੁਕਾਬਲਾ' ਕਰਵਾਇਆ ਗਿਆ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਦੁਨੀਆ ਭਰ ਵਿੱਚ ਦਸਤਾਰ ਪ੍ਰਤੀ ਨੌਜਵਾਨਾਂ ਵਿਚ ਰੁਝਾਨ ਵਧਾਓਣ ਲਈ ਤੇ ਦਸਤਾਰਧਾਰੀ ਨੌਜਵਾਨਾ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਪ੍ਰੋਡਕਸਨਜ਼ ਤੇ ਪੰਜਾਬੀ ਮੀਡੀਆ ਯੂ ਐਸ ਏ ਵੱਲੋਂ ਆਨਲਾਈਨ ਇੰਟਰਨੈਸ਼ਨਲ 'ਦਸਤਾਰ ਮੁਕਾਬਲਾ ਕਰਵਾਇਆ ਗਿਆ ਇਹ ਮੁਕਾਬਲਾ ਪੂਰਾ ਇਕ ਮਹੀਨਾ ਪੰਜਾਬੀ ਮੀਡੀਆ ਯੂ ਐਸ ਏ ਦੇ ਯੂ ਟਿਊਬ ਚੈਨਲ ਤੇ ਚੱਲਿਆ ਉਪਰੰਤ ਪੰਜਾਬ ਪ੍ਰੋਡਕਸਨਜ਼ ਤੇ ਪੰਜਾਬੀ ਮੀਡੀਆ ਯੂ ਐਸ ਏ ਦੀ ਟੀਮ ਵੱਲੋਂ ਗੁਰਦਵਾਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ ਵਿਖੇ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰਨ ਉਪਰੰਤ ਨਤੀਜੇ ਐਲਾਨੇ ਗਏ ਸ਼ੁਰੂਆਤ ਚ' ਗੁਰੂਘਰ ਦੇ ਸੇਵਾਦਾਰ ਸੀਤਲ ਸਿੰਘ ਨਿੱਜਰ ਨੇ ਮੁਕਾਬਲਾ ਕਰ-ਾਉਣ ਵਾਲੀਆ ਸੰਸਥਾਵਾਂ ਨੂੰ ਸ਼ੁਭ ਕਾਮਨਾਮਾ ਦਿੱਤੀਆਂ ਅਤੇ ਇਸ ਚੰਗੇ ਕਰਮ ਕਰਨ ਤੇ ਧੰਨਵਾਦ ਕੀਤਾ ਪੰਜਾਬ ਪ੍ਰੋਡਕਸਨਜ਼ ਤੇ ਪੰਜਾਬੀ ਮੀਡੀਆ ਯੂ ਐਸ ਏ ਦੀ ਟੀਮ ਵੱਲੋਂ ਦਲਜੀਤ ਸਿੰਘ ਢੰਡਾ ਅਤੇ ਜਗਦੇਵ ਸਿੰਘ ਭੰਡਾਲ ਵੱਲੋਂ ਮੁਕਾਬਲਾ ਕਰਵਾਉਣ ਵਾਲੀ ਪੂਰੀ ਟੀਮ , ਮੁਕਾ-ਬਲੇ ਵਿੱਚ ਭਾਗ ਲੈਣ ਵਾਲੇ ਨੌਜਵਾਨਾਂ ਅਤੇ ਉਹਨਾਂ ਦੇ ਮਾਤਾ ਪਿਤਾ ਦਾ ਧੰਨਵਾਦਕੀਤਾ, ਉਪਰੰਤ ਦਸਤਾਰ ਕੋਚ ਸਿਮਰਜੀਤ ਸਿੰਘ ਨੇ ਪਹਿਲੇ ਪੰਜ ਜੇਤੂਆਂ ਦੇ ਨਾਵਾਂ ਦਾ ਐਲਾਨ ਕੀਤਾ ਮੁਕਬਲੇ ਚ' ਜਸਕਰਨਦੀਪ ਸਿੰਘ ਨੇ ਪਹਿਲਾ, ਸਰਬਜੀਤ ਸਿੰਘ ਨੇ ਦੂਜਾ , ਮਨਜਿੰਦਰ ਸਿੰਘ ਨੇ ਤੀਜਾ , ਹਰਵੀਰ ਸਿੰਘ ਨੇ ਚੌਥਾ ਅਤੇ ਸਮਰਜੀਤ ਸਿੰਘ ਨੇ ਪੰਜਵਾਂ ਸਥਾਨ ਪ੍ਰਾਪਤ ਕੀਤਾ ਜੇਤੂਆ ਨੂੰ ਪਹਿਲਾ ਇਨਾਮ 500 ਡਾਲਰ, ਦੂਜਾ 400 ਡਾਲਰ, ਤੀਜਾ 300 ਡਾਲਰ, ਚੌਥਾ 200 ਡਾਲਰ, ਪੰਜਵਾਂ 100 ਡਾਲਰ ਦਿੱਤਾ ਜਾਵੇਗਾ ਮੁਕਾਬਲੇ ਦੇ ਨਤੀਜਿਆ ਦਾ ਐਲਾਨ ਕਰਨ ਵੇਲੇ ਦਲਜੀਤ ਸਿੰਘ ਢੰਡਾ , ਜਤਿੰਦਰ ਸੋਨੂੰ ਹੁੰਦਲ , ਗੁਰਪਿੰਦਰ ਤੂੰਗ , ਜਗਦੇਵ ਸਿੰਘ ਭੰਡਾਲ, ਸਰਪੰਚ ਗੁਰਦੇਵ ਸਿੰਘ ਹੁੰਦਲ , ਟੀ ਜੇ ਹੁੰਦਲ, ਸਿਮਰਜੀਤ ਸਿੰਘ , ਹਰਮਨਜੋਤ ਸਿੰਘ , ਹਰਪ ਗਿੱਲ , ਹਰਵੀ ਕਾਹਲੋਂ ਆਦਿ ਹਾਜਿਰ ਸਨ।

# ਕੋਰੋਨਾਵਾਇਰਸ ਨੇ 2000 ਤੋਂ ਵਧ ਹੋਰ ਅਮਰੀਕੀਆਂ ਨੂੰ ਨਿਗਲਿਆ, 58000 ਤੋਂ ਵਧ ਨਵੇਂ ਮਾਮਲੇ ਦਰਜ ਹੋਏ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਵਾਇਰਸ ਨੇ 2060 ਹੋਰ ਜਾਨਾਂ ਲੈ ਲਈਆਂ ਹਨ ਤੇ ਮੌਤਾਂ ਦੀ ਕੁਲ ਗਿਣਤੀ 1,62,804 ਹੋ ਗਈ ਹੈ। ਜੌਹਨ ਹੋਪਕਿੰਨਜ ਯੁਨੀਵਰਸਿਟੀ ਅਨੁਸਾਰ 58000 ਤੋਂ ਵਧ ਨਵੇਂ ਮਾਮਲੇ ਦਰਜ ਹੋਏ ਹਨ ਤੇ ਕੋ-ਰੋਨਾ ਪੀੜਤਾਂ ਦੀ ਕੁਲ ਸੰਖਿਆ 50,32,179 ਹੋ ਗਈ ਹੈ। ਹੁਣ ਤੱਕ 25,76,668 ਮਰੀਜ਼ ਠੀਕ ਹੋਏ ਹਨ। ਇਸ ਤੋਂ ਪਹਿਲਾਂ 7 ਮਈ ਨੂੰ 2000 ਤੋਂ ਵਧ ਮੌਤਾਂ ਹੋਈਆਂ ਸਨ।

# ਓਹੀਓ ਦੇ ਗਵਰਨਰ ਦਾ ਟੈਸਟ ਕੁਝ ਘੰਟਿਆਂ ਵਿਚ ਹੀ ਪਾਜ਼ਟਿਵ ਤੋਂ ਹੋਇਆ ਨੈਗਟਿਵ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**— ਕੋਰੋਨਾਵਾਇਰਸ ਅਜੇ ਬੁਝਾਰਤ ਬਣਿਆ ਹੋਇਆ ਹੈ। ਓਹੀਓ ਦੇ ਗਵਰਨਰ ਮਾਈਕ ਡੇਵਾਈਨ ਦਾ ਪਾਜ਼ਟਿਵ ਆਇਆ ਟੈਸਟ ਕੁਝ ਘੰਟਿਆਂ ਬਾਅਦ ਨੈਗਟਿਵ ਹੋ ਗਿਆ। ਉਹਨਾਂ ਦਾ ਵੀਰਵਾਰ ਦੀ ਸਵੇਰ ਨੂੰ ਕੋਰੋਨਾ ਟੈਸਟ ਲਈ ਨਮੂਨਾ ਲਿਆ ਗਿਆ ਤੇ ਉਸ ਦੀ ਰੈਪਿਡ ਟੈਸਟ ਪ੍ਰਣਾਲੀ ਤਹਿਤ ਪਰਖ ਕੀਤੀ ਗਈ ਜਿਸ ਦਾ ਨਤੀਜਾ ਪਾਜ਼ਟਿਵ ਨਿਕਲਿਆ। ਇਸ ਤੋਂ ਬਾਅਦ ਗਵਰਨਰ ਨੇ ਦੂਸਰਾ ਟੈਸਟ ਸ਼ਾਮ ਵੇਲੇ ਓਹੀਓ ਸਟੇਟ ਯੁਨੀਵਰਸਿਟੀ ਦੇ ਵੈਕਸਨਰ ਮੈਡੀਕਲ ਸੈਂਟਰ ਤੋਂ ਕਰਵਾਇਆ ਜਿਸ ਦੀ ਰਿਪੋਰਟ ਨੈਗਟਿਵ ਆਈ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਪਹਿਲਾ ਟੈਸਟ ਪ੍ਰਤੀਜਨ (ਐਂਟੀਜਨ) ਟੈਸਟ ਸੀ ਜਦ ਕਿ ਦੂਸਰਾ ਪੀ.ਸੀ.ਆਰ ਟੈਸਟ ਸੀ ਜੋ ਕਿ ਵਧੇਰੇ ਕਾਰਗਰ ਹੁੰਦਾ ਹੈ। ਫਸਟ ਲੇਡੀ ਫਰਾਨ ਡੀਵਾਈਨ ਤੇ ਗਵਰਨਰ ਦੇ ਸਟਾਫ਼ ਦੇ ਟੈਸਟ ਵੀ ਨੈਗਟਿਵ ਆਏ ਹਨ।

# ਖਰਚਾ ਬਿੱਲ 'ਤੇ ਡੈਮੋਕਰੈਟਸ ਅੜੇ ਰਹੇ ਤਾਂ ਮੈਂ ਇਕਤਰਫ਼ਾ ਕਾਰਵਾਈ ਕਰਾਂਗਾ- ਡੋਨਾਲਡ ਟਰੰਪ

## 2020 ਦੇ ਅੰਤ ਤੱਕ ਸਾਰੇ ਪੇਰੋਲ ਟੈਕਸ ਮੁਲਤਵੀ ਕਰਨ ਦਾ ਐਲਾਨ

**ਨਿਊਜਰਸੀ (ਹੁਸਨ ਲੜੋਆ ਬੰਗਾ)**— ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਜੇਕਰ ਨਵੇਂ ਖਰਚਾ ਬਿੱਲ ਬਾਰੇ ਡੈਮੋਕਰੈਟਸ ਨਾਲ ਸਹਿਮਤ ਨਾ ਬਣੀ ਤਾਂ ਉਹ ਇਕਤਰਫ਼ਾ ਕਾਰਵਾਈ ਕਰਕੇ ਸਮੁੱਚੇ ਅਮਰੀਕੀਆਂ ਲਈ 2020 ਦੇ ਅੰਤ ਤੱਕ ਸਾਰੇ ਪੇਰੋਲ ਟੈਕਸ ਮੁਲਤਵੀ ਕਰ ਦੇਣਗੇ। ਇਸ ਦੇ ਨਾਲ ਹੀ ਬੇਰੁਜ਼ਗਾਰੀ ਲਾਭ ਤੇ ਹੋਰ ਕੋਰੋਨਾਵਾਇਰਸ ਸਹਾਇਤਾ ਦੇ ਸਮੇਂ ਨੂੰ ਵਧਾ ਦੇਣਗੇ।

ਰਾਸ਼ਟਰਪਤੀ ਟਰੰਪ ਨੈਸ਼ਨਲ ਗੋਲਫ ਕਲੱਬ ਬੈਡਮਿਨਸਟਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨਾਂ ਐਲਾਨ ਕੀਤਾ ਕਿ ਜੇਕਰ ਡੈਮੋਕਰੈਟਸ ਇਸ ਅਹਿਮ ਰਾਹਤ ਨੂੰ ਰੋਕ ਕੇ ਰਖੀ ਰੱਖਣਗੇ ਤਾਂ ਉਹ ਇਕ ਰਾਸ਼ਟਰਪਤੀ ਦੀ ਹੈਸੀਅਤ ਵਿਚ ਕਾਰਵਾਈ ਕਰਨਗੇ ਤੇ ਅਮਰੀਕੀਆਂ ਨੂੰ ਲੋੜੀਂਦੀ ਰਾਹਤ ਦੇਣਗੇ। ਉਨਾਂ ਨੇ ਇਸ ਹਫਤੇ ਜਾਂ ਅਗਲੇ ਹਫਤੇ ਦਾ ਜ਼ਿਕਰ ਕੀਤੇ ਬਿਨਾਂ ਕਿਹਾ ਕਿ ਇਸ ਸਬੰਧੀ ਹਫਤੇ ਦੇ ਅੰਤ ਤੱਕ ਆਦੇਸ਼ ਜਾਰੀ ਹੋ ਸਕਦੇ ਹਨ। ਟਰੰਪ ਨੇ ਹੋਰ ਕਿਹਾ ਕਿ ਉਹ ਅਗਲੇ ਕੁਝ ਹਫਤਿਆਂ ਦੌਰਾਨ ਸਿਹਤ ਬੀਮਾਕਾਰਾਂ ਬਾਰੇ ਵੀ ਆਦੇਸ਼ ਜਾਰੀ ਕਰਨਗੇ ਜਿਸ ਤਹਿਤ ਬੀਮਾ ਕੰਪਨੀਆਂ ਨੂੰ ਮੁੱਢਲੀਆਂ ਸ਼ਰਤਾਂ ਨੂੰ ਮੰਨਣਾ ਪਵੇਗਾ। ਰਾਹਤ ਪੈਕੇਜ਼ ਬਾਰੇ ਡੈਮੋਕਰੈਟਸ ਤੇ ਰਿਪਬਲਿਕਨ ਵਿਚਾਲੇ ਟਕਰਾਅ ਬਣਿਆ ਹੋਇਆ ਹੈ। ਡੈਮੋਕਰੈਟਸ 10 ਖਰਬ ਡਾਲਰ ਤੋਂ ਵਧ ਦੀ ਰਾਹਤ ਉਪਰ ਜੋਰ ਦੇ ਰਹੇ ਹਨ ਜਦ ਕਿ ਟਰੰਪ ਪ੍ਰਸ਼ਾਸਨ ਏਡੀ ਵੱਡੀ ਰਕਮ ਦੇਣ ਲਈ ਤਿਆਰ ਨਹੀਂ ਹੈ।

**ਇਹ ਰਾਜਸੀ ਇਕੱਠ ਹੈ, ਮਾਸਕ ਦੀ ਲੋੜ ਨਹੀਂ**

ਗੋਲਫ ਕਲੱਬ ਵਿਖੇ ਬਿਨਾਂ ਮਾਸਕ ਪਾਏ ਇਕੱਠੇ ਹੋਏ ਕੁਝ ਲੋਕਾਂ ਨੇ ਉੱਚੀ ਆਵਾਜ਼ ਵਿਚ ਹੱਥ ਹਿਲਾ ਕੇ ਰਾਸ਼ਟਰਪਤੀ ਦਾ ਸਵਾਗਤ ਕੀਤਾ। ਰਾਸ਼ਟਰਪਤੀ ਦੀ ਪ੍ਰੈਸ ਕਾਨਫਰੰਸ ਵੇਖਣ ਆਏ ਇਨਾਂ ਲੋਕਾਂ ਵਿਚੋਂ ਬਹੁਤ ਸਾਰਿਆਂ ਨੇ ਮਾਸਕ ਨਹੀਂ ਪਾਏ ਹੋਏ ਸਨ। ਜਦੋਂ ਰਾਸ਼ਟਰਪਤੀ ਨੂੰ ਪੁੱਛਿਆ ਗਿਆ ਕਿ ਇਥੇ ਬਿਨਾਂ ਮਾਸਕ ਪਾਏ ਏਨੇ ਲੋਕ ਕਿਉਂ ਮੌਜੂਦ ਹਨ ਤਾਂ ਉਨਾਂ ਨੇ ਜੋ ਜਵਾਬ ਦਿੱਤਾ ਉਸ ਨੂੰ ਸੁਣਕੇ ਸਾਰੇ ਹੈਰਾਨ ਹੋ ਗਏ ਤੇ ਕੁਝ ਮੁਸਕਰਾਏ ਬਿਨਾਂ ਨਾ ਰਹਿ ਸਕੇ। ਰਾਸ਼ਟਰਪਤੀ ਨੇ ਕਿਹਾ '' ਇਹ ਰਾਜਸੀ ਸਰਗਰਮੀ ਹੈ, ਰਾਜਸੀ ਸਰਗਰਮੀ ਲਈ ਮਾਸਕ ਤੋਂ ਛੋਟ ਹੈ ਤੇ ਨਾਲੇ ਇਹ ਸ਼ਾਤਮਈ ਪ੍ਰਦਰਸ਼ਨ ਹੈ।'' ਰਾਸ਼ਟਰਪਤੀ ਨੇ ਕਿਹਾ ਕਿ ਤੁਸੀ ਇਸ ਨੂੰ ਰਾਜਸੀ ਸਰਗਰਮੀ ਕਹਿ ਸਕਦੇ ਹੋ ਪਰ ਮੈਂ ਇਸ ਨੂੰ ਸ਼ਾਤਮਈ ਪ੍ਰਦਰਸ਼ਨ ਦਾ ਨਾਂ ਦਿੰਦਾ ਹੈ। ਗਵਰਨਰ ਫਿਲ ਮਰਫੀ ਨੇ ਲੰਘੇ ਸ਼ੁੱਕਰਵਾਰ ਇਕ ਆਦੇਸ਼ ਜਾਰੀ ਕਰਕੇ ਸਾਰੀਆਂ ਖੁਲੀਆਂ ਜਨਤਿਕ ਥਾਵਾਂ ਜਿਥੇ ਸਮਾਜਿਕ ਦੂਰੀ ਸੰਭਵ ਨਾ ਹੋਵੇ, 'ਤੇ ਮਾਸਕ ਪਾਉਣ ਲਈ ਕਿਹਾ ਸੀ।

ਨਿਊਜਰਸੀ ਜੋ ਮੌਤਾਂ ਦੇ ਮਾਮਲੇ ਵਿਚ ਨਿਊਯਾਰਕ ਤੋਂ ਬਾਅਦ ਦੂਸਰੇ ਸਥਾਨ 'ਤੇ ਹੈ, ਦੇ ਗਵਰਨਰ ਨੇ ਆਪਣੇ ਆਦੇਸ਼ ਵਿਚ 6 ਫੁੱਟ ਦੀ ਦੂਰੀ ਬਣਾਕੇ ਰੱਖਣ ਉਪਰ ਵੀ ਜੋਰ ਦਿੱਤਾ ਸੀ। ਰਾਸ਼ਟਰਪਤੀ ਟਰੰਪ ਨੇ ਇਕੱਠੇ ਹੋਏ ਲੋਕਾਂ ਵੱਲ ਇਸ਼ਾਰਾ ਕਰਕੇ ਕਿਹਾ ਉਹ ਜਾਣਦੇ ਹਨ ਕਿ ਖ਼ਬਰ ਝੂਠੀ ਹੈ, ਉਹ ਹਰ ਕਿਸੇ ਨਾਲੋਂ ਇਸ ਨੂੰ ਵਧੀਆ ਢੰਗ ਨਾਲ ਸਮਝਦੇ ਹਨ। ਰਾਸ਼ਟਰਪਤੀ ਦਾ ਇਸ਼ਾਰਾ ਸ਼ਾਇਦ ਗਵਰਨਰ ਦੇ ਆਦੇਸ਼ ਵੱਲ ਸੀ।

# ਰੂਸ ਨਹੀਂ ਚਹੁੰਦਾ ਕਿ ਜੋਅ ਬਿਡੇਨ ਰਾਸ਼ਟਰਪਤੀ ਬਣੇ, ਚੀਨ ਤੇ ਈਰਾਨ ਵੱਲੋਂ ਟਰੰਪ ਦਾ ਵਿਰੋਧ- ਖੁਫ਼ੀਆ ਵਿਸ਼ਲੇਸ਼ਣ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**– ਅਮਰੀਕੀ ਖੁਫ਼ੀਆ ਵਿਭਾਗ ਦੇ ਨਵੇਂ ਜਾਇਜ਼ੇ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਰੂਸ ਨਹੀਂ ਚਹੁੰਦਾ ਕਿ ਡੈਮੋਕਰੈਟਸ ਉਮੀਦਵਾਰ ਜੋਅ ਬਿਡੇਨ ਰਾਸ਼ਟਰਪਤੀ ਬਣੇ ਤੇ ਉਹ ਬਿਡੇਨ ਦੀ ਹਾਰ ਲਈ ਕੰਮ ਕਰ ਰਿਹਾ ਹੈ। ਦੂਸਰੇ ਪਾਸੇ ਚੀਨ ਤੇ ਈਰਾਨ ਡੋਨਾਲਡ ਟਰੰਪ ਦਾ ਵਿਰੋਧ ਕਰ ਰਹੇ ਹਨ ਤੇ ਉਹ ਉਸ ਨੂੰ ਹਰਿਆ ਹੋਇਆ ਵੇਖਣਾ ਚਹੁੰਦੇ ਹਨ। ਨੈਸ਼ਨਲ ਕਾਊਂਟਰ ਇੰਟੈਲੀਜੈਂਸੀ ਐਂਡ ਸਕਿਉਰਟੀ ਸੈਂਟਰ ਦੇ ਮੁੱਖੀ ਦੁਆਰਾ ਪ੍ਰਕਾਸ਼ਤ ਵਿਸ਼ਲੇਸ਼ਣ ਵਿਚ ਕਿਹਾ ਗਿਆ ਹੈ ਕਿ ਈਰਾਨ ਵੋਟਾਂ ਨੂੰ ਵੰਡਣ ਉਪਰ ਕੰਮ ਕਰ ਰਿਹਾ ਹੈ। ਈਰਾਨ ਨੂੰ ਡਰ ਹੈ ਕਿ ਜੇਕਰ ਟਰੰਪ ਦੁਬਾਰਾ ਚੁਣਿਆ ਗਿਆ ਤਾਂ ਉਹ ਈਰਾਨੀ ਹਕੂਮਤ ਦਾ ਤਖਤਾ ਪਲਟਣ ਦੀ ਕੋਸ਼ਿਸ਼ ਕਰੇਗਾ। ਵਿਸ਼ਲੇਸ਼ਣ ਵਿਚ ਕਿਹਾ ਗਿਆ ਹੈ ਕਿ ਕਰੈਮਲਿਨ ਨਾਲ ਸਬੰਧਤ ਕੁਝ ਐਕਟਰ ਸੋਸ਼ਲ ਮੀਡੀਆ ਅਤੇ ਰਸ਼ੀਅਨ ਟੈਲੀਵਿਜ਼ਨ ਉਪਰ ਡੋਨਾਲਡ ਟਰੰਪ ਦੇ ਹੱਕ ਵਿਚ ਪ੍ਰਚਾਰ ਕਰਦੇ ਵੇਖੇ ਜਾ ਸਕਦੇ ਹਨ। ਵਿਸ਼ਲੇਸ਼ਣ ਅਨੁਸਾਰ ਚੀਨੀ ਅਧਿਕਾਰੀਆਂ ਨੇ ਟਰੰਪ ਦੇ ਵਿਰੋਧ ਵਿਚ ਆਪਣੀਆਂ ਕੋਸ਼ਿਸ਼ਾਂ ਤੇਜ ਕਰ ਦਿੱਤੀਆਂ ਹਨ। ਵਿਸ਼ਲੇਸ਼ਣ ਵਿਚ ਦਸੰਬਰ 1919 ਤੋਂ ਚੀਨ ਤੇ ਅਮਰੀਕਾ ਵਿਚਾਲੇ ਪੈਦਾ ਹੋਏ ਟਕਰਾਅ ਦਾ ਵੀ ਜਿਕਰ ਕੀਤਾ ਗਿਆ ਹੈ।

# ਜਿੰਮੀ ਲਾਈ ਦੀ ਗ੍ਰਿਫਤਾਰੀ ਪਿੱਛੋਂ ਚੀਨ 'ਤੇ ਵਰ੍ਹਿਆ ਅਮਰੀਕਾ

**ਵਾਸ਼ਿੰਗਟਨ**– ਹਾਂਗਕਾਂਗ ਵਿਚ ਜਿੰਮੀ ਲਾਈ ਦੀ ਗ੍ਰਿਫ਼ਤਾਰੀ ਉੱਤੇ ਅਮਰੀਕਾ ਨੇ ਤਿੱਖੀ ਪ੍ਰਤੀਕ੍ਰਿਆ ਦਿੱਤੀ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਇਕ ਪੋਂਪਿਓ ਨੇ ਮੀਡੀਆ ਬੈਰਨ ਜਿੰਮੀ ਲਾਈ ਦੀ ਗ੍ਰਿਫਤਾਰੀ ਲਈ ਚੀਨ ਦੀ ਨਿੰਦਾ ਕਰਦਿਆਂ ਉਨ੍ਹਾਂ ਨੂੰ ਮਹਾਨ ਦੇਸ਼ ਭਗਤ ਦੱਸਿਆ ਹੈ। ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ ਕਿ ਇਸ ਕਦਮ ਨੇ ਇਸ ਸੰਭਾਵਨਾ ਨੂੰ ਹੋਰ ਪੱਕਾ ਕੀਤਾ ਕਿ ਬੀਜਿੰਗ ਹਾਂਗਕਾਂਗ ਦੇ ਆਰਥਿਕ ਕੇਂਦਰ ਦੀ ਸਥਿਤੀ ਨੂੰ ਬਦਲਣ ਦੇ ਕਾਮਯਾਬ ਨਹੀਂ ਹੋ ਸਕੇਗਾ।

ਪੋਂਪਿਓ ਨੇ ਅਮਰੀਕਾ-ਚੀਨ ਸਬੰਧਾਂ 'ਤੇ ਬੋਲਦਿਆਂ ਕਿਹਾ ਕਿ ਬੀਜਿੰਗ ਵਿਚ ਜੋ ਹੋ ਰਿਹਾ ਹੈ, ਉਹ ਦੋਵਾਂ ਦੇਸ਼ਾਂ ਦੇ ਸਬੰਧਾਂ ਲਈ ਚੰਗਾ ਨਹੀਂ ਹੈ। ਚੀਨ ਦੀ ਕਮਿਊਨਿਸਟ ਪਾਰਟੀ ਦੀਆਂ ਸਰਗਰਮੀਆਂ ਨਾਲ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਹੋਰ ਤੇਜ਼ ਹੋ ਗਿਆ ਹੈ। ਚੀਨ ਦੇ ਰਾਸ਼ਟਰੀ ਸੁਰੱਖਿਆ ਐਕਟ ਨੇ ਅਮਰੀਕਾ ਦੀ ਸੁਰੱਖਿਆ ਲਈ ਖਤਰਾ ਪੈਦਾ ਕੀਤਾ ਹੈ। ਇਸ ਦੌਰਾਨ



ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨ ਦੀ ਟਿਕਟਾਕ ਅਤੇ ਮੈਸੇਜਿੰਗ ਐਪ ਵੀਚੈਟ ਉੱਤੇ ਵਿਆਪਕ ਪਾਬੰਦੀ ਲਗਾ ਦਿੱਤੀ ਹੈ। ਖਾਸ ਗੱਲ ਇਹ ਹੈ ਕਿ ਲਾਈ ਦੀ ਗ੍ਰਿਫਤਾਰੀ ਚੀਨ ਦੇ ਨਵੇਂ ਸੁਰੱਖਿਆ ਕਾਨੂੰਨ ਤਹਿਤ ਕੀਤੀ ਗਈ ਹੈ। ਇਸ ਗ੍ਰਿਫਤਾਰੀ ਦਾ ਉਦੇਸ਼ ਹਾਂਗਕਾਂਗ ਵਿਚ ਲੋਕਤੰਤਰੀ ਸਮਰਥਕਾਂ ਨੂੰ ਕਮਜ਼ੋਰ ਕਰਨਾ ਅਤੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣਾ ਹੈ। ਲਾਈ ਦੀ ਗ੍ਰਿਫ਼ਤਾਰੀ ਦੇ ਨਾਲ ਹਾਂਗਕਾਂਗ ਵਿਚ ਲੋਕਤੰਤਰੀ ਸਮਰਥਕਾਂ ਅਤੇ ਮੀਡੀਆ ਦੀ ਆਜ਼ਾਦੀ ਖ਼ਤਰੇ ਵਿਚ ਹੈ। ਇਹ ਲੋਕਤੰਤਰ ਅਤੇ ਮੀਡੀਆ ਉੱਤੇ ਹਮਲਾ ਹੈ। ਅਮਰੀਕਾ ਨੇ ਇਸ 'ਤੇ ਤਿੱਖੀ ਪ੍ਰਤੀਕ੍ਰਿਆ ਦਿੱਤੀ ਹੈ ਅਤੇ ਚੀਨ ਨੂੰ ਚੇਤਾਵਨੀ ਦਿੱਤੀ ਹੈ। ਅਮਰੀਕਾ ਨੇ ਹਾਂਗਕਾਂਗ ਨੂੰ ਇਹ ਕਦਮ ਵਾਪਸ ਲੈਣ ਲਈ ਕਿਹਾ ਹੈ। ਤੁਹਾਨੂੰ ਦੱਸ ਦੇਈਏ ਕਿ ਹਾਂਗਕਾਂਗ ਮੀਡੀਆ ਦੇ ਰਾਜੇ ਜਿੰਮੀ ਲਾਈ ਨੂੰ ਸੋਮਵਾਰ ਨੂੰ ਵਿਦੇਸ਼ੀ ਤਾਕਤਾਂ ਨਾਲ ਮਿਲੀਭੁਗਤ ਦੇ ਸ਼ੱਕ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਪਿਛਲੇ ਸਾਲ ਹੋਏ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਬੀਜਿੰਗ ਦੇ ਨਵੇਂ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਇਹ ਸ਼ਹਿਰ ਦੀ ਸਭ ਤੋਂ ਹਾਈਪ੍ਰੋਫਾਇਲ ਗ੍ਰਿਫਤਾਰੀ ਹੈ। ਦੂਜੇ ਪਾਸੇ ਹਾਂਗ ਕਾਂਗ ਦੀ ਪੁਲਿਸ ਨੇ ਕਿਹਾ ਕਿ ਨਵੇਂ ਰਾਸ਼ਟਰੀ ਸੁਰੱਖਿਆ ਕਾਨੂੰਨ ਦੀ ਉਲੰਘਣਾ ਕਰਨ ਦੇ ਸ਼ੱਕ ਵਿੱਚ ਸੱਤ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਪਰ ਬਿਆਨ ਵਿੱਚ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਦਾ ਵੇਰਵਾ ਨਹੀਂ ਦਿੱਤਾ ਗਿਆ। ਦੱਸ ਦਈਏ ਕਿ ਪ੍ਰਸਿੱਧ ਟੈਬਲਾਇਡ 'ਐਪਲ ਡੇਲੀ' ਦਾ ਮਾਲਕ, ਹਾਂਗਕਾਂਗ ਵਿਚ ਲੋਕਤੰਤਰ ਦੇ ਸਮਰਥਨ ਵਿੱਚ ਇੱਕ ਪ੍ਰਮੁੱਖ ਸ਼ਖਸੀਅਤ ਹੈ ਅਤੇ ਲਗਾਤਾਰ ਚੀਨ ਦੇ ਤਾਨਾਸ਼ਾਹੀ ਸ਼ਾਸਨ ਦੀ ਅਲੋਚਨਾ ਕਰਦਾ ਆ ਰਿਹਾ ਹੈ।

# ਵਤਨ ਵਾਪਿਸੀ ਵਾਇਆ ਏਅਰ ਇੰਡੀਆ


**ਔਕਲੈਂਡ -(ਹਰਜਿੰਦਰ ਸਿੰਘ ਬਸਿਆਲਾ)**- ਭਾਰਤੀ ਹਾਈ ਕਮਿਸ਼ਨ ਵਲਿੰਗਟਨ ਅਨੁਸਾਰ ਵਤਨ ਵਾਪਿਸੀ ਲਈ ਭਾਰਤ ਸਰਕਾਰ ਨੇ ਇਕ ਫਲਾਈਟ ਇਸ



ਮਹੀਨੇ ਚਲਾਉਣੀ ਤੈਅ ਹੋ ਗਈ ਹੈ। ਇਹ ਫਲਾਈਟ ਨੰਬਰ ਪਹਿਲਾਂ ਨਾਲੋਂ ਵੱਖਰਾ ਹੈ ਅਤੇ 22 ਅਗਸਤ ਨੂੰ ਸ਼ਾਮ 7.30 ਵਜੇ ਦਿੱਲੀ ਤੋਂ ਔਕਲੈਂਡ ਲਈ ਚੱਲੇਗੀ ਅਤੇ 25 ਅਗਸਤ ਨੂੰ ਸ਼ਾਮ 7 ਵਜੇ ਔਕਲੈਂਡ ਤੋਂ ਦਿੱਲੀ ਲਈ ਚੱਲੇਗੀ। ਜਿਹੜੇ ਲੋਕ ਇੰਡੀਆ ਤੋਂ ਨਿਊਜ਼ੀਲੈਂਡ ਆਉਣਾ ਚਾਹੁੰਦੇ ਉਨ੍ਹਾਂ ਨੂੰ ਨਿਊਜ਼ੀਲੈਂਡ ਹਾਈ ਕਮਿਸ਼ਨ ਨਵੀਂ ਦਿੱਲੀ ਨਾਲ ਸੰਪਰਕ ਕਰਨ ਅਤੇ ਜਿਹੜੇ ਔਕਲੈਂਡ ਤੋਂ ਦਿੱਲੀ ਜਾਣਾ ਚਾਹੁੰਦੇ ਹੋਣ ਉਹ ਵਲਿੰਗਟਨ ਸਥਿਤ ਦਫਤਰ ਨਾਲ ਸੰਪਰਕ ਕਰਨ। ਇਹ ਫਲਾਈਟ ਵੰਦੇ ਭਾਰਤ ਮਿਸ਼ਨ ਤਹਿਤ ਚੱਲੇਗੀ।

# ਵਾਸ਼ਿੰਗਟਨ, ਡੀ ਸੀ ਵਿਚ ਅੰਧਾਧੁੰਦ ਗੋਲੀਬਾਰੀ ਵਿਚ 1 ਮੌਤ, ਪੁਲਿਸ ਅਧਿਕਾਰੀ ਸਮੇਤ 20 ਜ਼ਖਮੀ

**ਵਾਸ਼ਿੰਗਟਨ, ਡੀ ਸੀ (ਹੁਸਨ ਲੜੋਆ ਬੰਗਾ)**— ਦੱਖਣ ਪੂਰਬ ਵਾਸ਼ਿੰਗਟਨ, ਡੀ. ਸੀ ਵਿਚ ਇਕੱਠੀ ਹੋਈ ਇਕ ਵੱਡੀ ਭੀੜ ਉਪਰ ਚਲਾਈਆਂ ਅੰਧਾਧੁੰਦ ਗੋਲੀਆਂ ਨਾਲ ਇਕ ਨੌਜਵਾਨ ਦੀ ਮੌਤ ਹੋ ਗਈ ਤੇ ਇਕ ਪੁਲਿਸ ਅਧਿਕਾਰੀ ਸਮੇਤ 20 ਹੋਰ ਜ਼ਖਮੀ ਹੋ ਗਏ। ਡੀ ਸੀ ਪੁਲਿਸ ਮੁੱਖੀ ਪੀਟਰ ਨਿਊਸ਼ਾਮ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦੀ ਪਛਾਣ ਕ੍ਰਿਸਟੋਫਰ ਬਰਾਊਨ (17) ਵਜੋਂ ਹੋਈ ਹੈ। ਉਨਾਂ ਕਿਹਾ ਕਿ ਜ਼ਖਮੀ ਪੁਲਿਸ ਅਧਿਕਾਰੀ ਡਿਊਟੀ ਖਤਮ ਕਰਕੇ ਜਾ ਰਿਹਾ ਸੀ ਜਦੋਂ ਉਸ ਦੇ ਗੋਲੀਆਂ ਲੱਗੀਆਂ। ਉਸ ਦੀ ਹਾਲਤ ਗੰਭੀਰ ਹੈ। ਜ਼ਖਮੀਆਂ ਵਿਚ ਦੋ ਨਬਾਲਗ ਹਨ ਜਦ ਕਿ ਬਾਕੀ ਸਾਰੇ ਬਾਲਗ



ਹਨ। ਇਨਾਂ ਸਾਰਿਆਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਪੁਲਿਸ ਘਟੋ ਘੱਟ 3 ਹਮਲਾਵਰਾਂ ਦੀ ਤਲਾਸ਼ ਕਰ ਰਹੀ ਹੈ। ਨਿਊਸ਼ਾਮ ਨੇ ਦੱਸਿਆ ਕਿ ਹਮਲਾਵਰਾਂ ਦੀ ਗਿਣਤੀ ਇਸ ਤੋਂ ਵੀ ਜਿਆਦਾ ਹੋ ਸਕਦੀ ਹੈ। ਉਨਾਂ ਦੱਸਿਆ ਕਿ ਹਮਲੇ ਵਾਲੇ ਸਥਾਨ 'ਤੇ ਸੈਂਕੜੇ ਲੋਕਾਂ ਦਾ ਇਕੱਠ ਸੀ ਹਾਲਾਂ ਕਿ ਕੋਰੋਨਵਾਇਰਸ ਮਹਾਮਾਰੀ ਕਾਰਨ ਡੀ ਸੀ ਵਿਚ 50 ਤੋਂ ਵਧ ਲੋਕਾਂ ਦੇ ਇਕੱਠੇ ਹੋਣ ਉਪਰ ਪਾਬੰਦੀ ਲਾਗੂ ਹੈ। ਡੀ.ਸੀ ਦੇ ਮੇਅਰ ਮੁਰੀਲ ਬਰੋਜਰ ਨੇ ਘਟਨਾ ਉਪਰ ਦੁੱਖ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਮਰੀਕੀ ਸਮਾਜ ਵਿਚ ਹਿੰਸਾ ਲਈ ਕੋਈ ਥਾਂ ਨਹੀਂ ਹੈ। ਦੋਸ਼ੀ ਬਖਸ਼ੇ ਨਹੀਂ ਜਾਣਗੇ।

## ਅਮਰੀਕੀ ਨਾਗਰਿਕਤਾ ਛੱਡਣ ਵਾਲਿਆਂ ਦੀ ਗਿਣਤੀ ਵਿਚ ਰਿਕਾਰਡ ਵਾਧਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**— ਰਾਜਸੀ ਮਾਹੌਲ ਤੋਂ ਨਾ ਖੁਸ਼ ਤੇ ਕਈ ਹੋਰ ਕਾਰਨਾਂ ਕਰਕੇ ਵੱਡੀ ਗਿਣਤੀ ਵਿਚ ਲੋਕ ਅਮਰੀਕੀ ਨਾਗਰਿਕਤਾ ਛੱਡ ਰਹੇ ਹਨ। ਇਹ ਖੁਲਾਸਾ ਐਤਵਾਰ ਨੂੰ ਪ੍ਰਕਾਸ਼ਿਤ ਹੋਈ ਨਵੀਂ ਖੋਜ਼ ਵਿਚ ਹੋਇਆ ਹੈ। ਬੈਮਬਰਿਜ ਅਕਾਊਂਟੈਂਟਸ ਅਨੁਸਾਰ 2020 ਦੇ ਪਹਿਲੇ 6 ਮਹੀਨਿਆਂ ਦੌਰਾਨ 5800 ਤੋਂ ਵਧ ਵਿਅਕਤੀਆਂ ਨੇ ਅਮਰੀਕੀ ਨਾਗਰਿਕਤਾ ਛੱਡੀ ਜਦ ਕਿ 2019 ਵਿਚ ਪੂਰੇ ਸਾਲ ਦੌਰਾਨ 2072 ਅਮਰੀਕੀਆਂ ਨੇ ਨਾਗਰਿਕਤਾ ਛੱਡੀ ਸੀ। ਬੈਮਬਰਿਜ ਅਕਾਊਂਟੈਂਟਸ ਅਨੁਸਾਰ ਉਸ ਨੇ ਇਹ ਅੰਕੜੇ ਅਮਰੀਕੀ ਸਰਕਾਰ ਵੱਲੋਂ ਨਾਗਰਿਕਤਾ ਛੱਡਣ ਵਾਲਿਆਂ ਦੀ ਹਰ 3 ਮਹੀਨੇ ਬਾਅਦ ਪ੍ਰਕਾਸ਼ਿਤ ਕੀਤੀ ਜਾਂਦੀ ਸੂਚੀ ਵਿਚੋਂ ਲਏ ਹਨ। ਨਾਗਰਿਕਤਾ ਛੱਡਣ ਵਾਲਿਆਂ ਵਿਚੋਂ ਬਹੁਤਿਆਂ ਦਾ ਕਹਿਣਾ ਹੈ ਕਿ ਉਹ ਅਮਰੀਕਾ ਵਿਚਲੇ ਮੌਜੂਦਾ ਰਾਜਸੀ ਮਾਹੌਲ ਤੋਂ ਨਿਰਾਸ਼ ਹਨ। ਕੁਝ ਹੋਰਨਾਂ ਨੇ ਨਾਗਰਿਕਤਾ ਛੱਡਣ ਦਾ ਕਾਰਨ ਟੈਕਸਾਂ ਨੂੰ ਦਸਿਆ ਹੈ। ਇਥੇ ਵਰਣਨਯੋਗ ਹੈ ਕਿ ਵਿਦੇਸ਼ਾਂ ਵਿਚ ਰਹਿੰਦੇ ਅਮਰੀਕੀਆਂ ਨੂੰ ਹਰ ਸਾਲ ਟੈਕਸ ਰਿਟਰਨ ਭਰਨੀ ਪੈਂਦੀ ਹੈ। ਉਨਾਂ ਨੂੰ ਵਿਦੇਸ਼ ਵਿਚਲੇ ਬੈਂਕ ਖਾਤਿਆਂ, ਨਿਵੇਸ਼ ਤੇ ਪੈਨਸ਼ਨ ਬਾਰੇ ਜਾਣਕਾਰੀ ਦੇਣੀ ਪੈਂਦੀ ਹੈ। ਹਾਲਾਂ ਕਿ ਉਹ 1200 ਡਾਲਰ ਦੇ ਪ੍ਰੋਤਸਾਹਨ ਚੈਕ ਤੇ ਹਰ ਬੱਚੇ ਲਈ 500 ਡਾਲਰ ਪ੍ਰਤੀ ਮਹੀਨਾ ਲੈਣ ਦੇ ਹੱਕਦਾਰ ਹਨ। ਹੋਰ ਦੇਸ਼ਾਂ ਵਿਚ ਰਹਿੰਦੇ ਅਮਰੀਕੀ ਜੋ ਨਾਗਰਿਕਤਾ ਛੱਡਣੀ ਚਹੁੰਦੇ ਹਨ ,ਨੂੰ 2350 ਡਾਲਰਾਂ ਦੀ ਅਦਾਇਗੀ ਕਰਨੀ ਪੈਂਦੀ ਹੈ ਤੇ ਅਮਰੀਕੀ ਦੂਤ ਘਰ ਵਿਚ ਨਿੱਜੀ ਤੌਰ 'ਤੇ ਪੇਸ਼ ਹੋਣਾ ਪੈਂਦਾ ਹੈ।

## ਗੋਲੀ ਚੱਲਣ ਉਪਰੰਤ ਵਾਈਟ ਹਾਊਸ ਨੂੰ ਕੀਤਾ ਸੀਲ, ਟਰੰਪ ਨੂੰ ਪ੍ਰੈਸ ਕਾਨਫਰੰਸ ਵਿਚਾਲੇ ਛੱਡਣੀ ਪਈ

**ਵਾਸ਼ਿਗੰਟਨ (ਹੁਸਨ ਲੜੋਆ ਬੰਗਾ)**- ਵਾਈਟ ਹਾਊਸ ਨੇੜੇ ਗੋਲੀ ਚੱਲਣ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੁਰੱਖਿਆ ਗਾਰਡਾਂ ਵੱਲੋਂ ਸੁਰੱਖਿਅਤ ਥਾਂ 'ਤੇ ਲਿਜਾਇਆ ਗਿਆ ਤੇ ਵਾਈਟ ਹਾਊਸ ਸੀਲ ਕਰ ਦਿੱਤਾ ਗਿਆ। ਰਾਸ਼ਟਰਪਤੀ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ ਜਦੋਂ ਗੁਪਤ ਸੇਵਾ ਦਾ ਇਕ ਅਧਿਕਾਰੀ ਉਨਾਂ ਨੂੰ ਵਾਈਟ ਹਾਊਸ ਵਿਚ ਹੋਰ ਕਿਧਰੇ ਲੈ ਗਿਆ। ਕੁਝ ਦੇਰ ਬਾਅਦ ਰਾਸ਼ਟਰਪਤੀ ਕਮਰੇ ਵਿਚ ਪਰਤ ਆਏ ਤੇ ਉਨਾਂ ਦੱਸਿਆ ''ਵਾਈਟ ਹਾਊਸ ਦੇ ਬਾਹਰ ਗੋਲੀ ਚੱਲੀ ਹੈ। ਇਨਫੋਰਸਮੈਂਟ ਅਧਿਕਾਰੀਆਂ ਨੇ ਇਕ ਸ਼ੱਕੀ ਨੂੰ ਗੋਲੀ ਮਾਰੀ ਹੈ ਜਿਸ ਨੂੰ ਹਸਪਤਾਲ ਲਿਜਾਇਆ ਗਿਆ



ਹੈ। ਤੁਸੀਂ ਵੀ ਹੈਰਾਨ ਹੋ ਤੇ ਮੈਨੂੰ ਵੀ ਘਟਨਾ ਵਾਪਰਨ ਉਪਰ ਹੈਰਾਨੀ ਹੋਈ ਹੈ। ਮੈਨੂੰ ਓਵਲ ਦਫਤਰ ਵਿਚ ਲਿਜਾਇਆ ਗਿਆ ਸੀ ਤੇ ਮੈਨੂੰ ਗੋਲੀ ਚੱਲਣ ਪਿੱਛੇ ਕਾਰਨ ਦਾ ਪਤਾ ਨਹੀਂ ਹੈ। ਸ਼ੱਕੀ ਵਿਅਕਤੀ ਨੂੰ ਉਸ ਵੇਲੇ ਗੋਲੀ ਮਾਰੀ ਗਈ ਜਦੋਂ ਉਹ ਵਾਈਟ ਹਾਊਸ ਨੇੜੇ ਵਾੜ ਦੇ ਨੇੜੇ ਖੜਾ ਸੀ। ਗੋਲੀ ਚੱਲਣ ਦੀ ਘਟਨਾ ਦਾ ਮੇਰੇ ਨਾਲ ਕੋਈ ਸਬੰਧ ਨਹੀਂ ਹੈ''। ਡੀ. ਸੀ ਦੇ ਅਧਿਕਾਰੀਆਂ ਅਨੁਸਾਰ ਸ਼ੱਕੀ ਦੀ ਹਾਲਤ ਗੰਭੀਰ ਹੈ। ਗੋਲੀਬਾਰੀ ਵਿਚ ਗੁਪਤ ਸੇਵਾ ਦਾ ਇਕ ਅਧਿਕਾਰੀ ਵੀ ਜ਼ਖਮੀ ਹੋਇਆ ਹੈ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

## ਰਾਸ਼ਟਰਪਤੀ ਨੇ ਟਿਕਟਾਕ ਨਾਲ ਕਿਸੇ ਵੀ ਤਰਾਂ ਦੇ ਲੈਣ ਦੇਣ ਉਪਰ ਲਾਈ ਰੋਕ, ਚੀਨੀ ਐਪ ਵੀਚੈਟ 'ਤੇ ਵੀ ਲੱਗੀ ਪਾਬੰਦੀ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**— ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਿਕਟਾਕ ਦੀ ਮੁੱਖ ਕੰਪਨੀ ਬਾਈਟਡਾਂਸ ਨਾਲ ਹਰ ਤਰਾਂ ਦਾ ਲੈਣਦੇਣ ਰੋਕਣ ਲਈ ਆਦੇਸ਼ ਉਪਰ ਦਸਤਖ਼ਤ ਕਰ ਦਿੱਤੇ ਹਨ। ਆਦੇਸ਼, ਜਿਸ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਸਕਦਾ ਹੈ, ਤਹਿਤ ਅਮਰੀਕਾ ਦੇ ਖੇਤਰ ਵਿਚ ਆਉਂਦੇ ਹਰ ਵਿਅਕਤੀ ਉਪਰ ਬਾਈਟਡਾਂਸ ਲਿਮਟਿਡ ਚੀਨੀ ਕੰਪਨੀ ਨਾਲ ਕਿਸੇ ਵੀ ਤਰਾਂ ਦਾ ਲੈਣ ਦੇਣ ਕਰਨ ਉਪਰ ਰੋਕ ਲੱਗ ਗਈ ਹੈ।




ਇਕ ਹੋਰ ਵੱਖਰੇ ਆਦੇਸ਼ ਤਹਿਤ ਰਾਸ਼ਟਰਪਤੀ ਨੇ ਚੀਨ ਦੀ ਵੱਡੀ ਟੈਕ ਕੰਪਨੀ ਟੈਨਸੈਂਟ ਜੋ ਵੀਚੈਟ ਦੀ ਮਾਲਕ ਹੈ, ਨਾਲ ਵੀ ਕਿਸੇ ਤਰਾਂ ਦਾ ਲੈਣ ਦੇਣ ਕਰਨ ਉਪਰ ਰੋਕ ਲਾ ਦਿੱਤੀ ਹੈ। ਰਾਸ਼ਟਰਪਤੀ ਨੇ ਇਹ ਆਦੇਸ਼ ਰਾਸ਼ਟਰੀ ਸੁਰੱਖਿਆ ਨੂੰ ਦਰਪੇਸ਼ ਖਤਰੇ ਨੂੰ ਮੁੱਖ ਰਖਦਿਆਂ ਜਾਰੀ ਕੀਤੇ ਹਨ। ਰਾਸ਼ਟਰਪਤੀ ਨੇ ਦਾਅਵਾ ਕੀਤਾ ਹੈ ਇਹਨਾਂ ਚੀਨੀ ਐਪਾਂ ਕੋਲ ਆਪਣੇ ਖਪਤਕਾਰਾਂ ਦੀ ਵਿਸ਼ਾਲ ਜਾਣਕਾਰੀ ਹੈ, ਜਿਸ ਨੂੰ ਚੀਨ ਦੀ ਕਮਿਊਨਿਸਟ ਪਾਰਟੀ ਵਰਤ ਸਕਦੀ ਹੈ।






ਦੇਸ਼ ਦੁਆਬਾ

# On India's Independence Day

# DEMOCRACY AND SOCIAL JUSTICE

**Prem K. Chumber**
Editor-in-Chief: www.ambedkartimes.com

Democracy and social justice are interrelated social processes. The one is incomplete in the absence of the other. Democracy offers freedom space to realize equality and experience fraternity. Equality and fraternity are the two essential ingredients of social justice, which achieves its true form with the addition of liberty. Thus the trinity of liberty, equality and fraternity constitutes the essence of social justice and the institution of democracy provides the requisite realm for its realization. Though many scholars' boasts of ancient origins of democracy in India but it would be prudent to argue that democracy achieves its roots in the real sense of the term with the adoption of the constitution in independent India. Bodhisattva Baba Saheb Dr. Bhimrao Ramji Ambedkar, Chairman of Constitutional Drafting Committee, worked very hard to incorporate various provisions for the realization of social justice in the Indian society. He was of the firm views that if social and economic parity remains an elusive to the multitude of poor and historically socially excluded people in the country, then the very purpose of having parliamentary democracy would not be served efficiently. He reiterated the seminal point during his engaging discussions at various important forums within and outside the Indian parliament that for social justice to prevail in the country, India needs effective participation of the downtrodden in all the different spheres of the society.

The demand for social justice was also raised at various platforms during the freedom struggle movement in colonial India. Ad-Movements in North and South India, Justice Party in South India, Babu Mangu Ram Mugowalia from Punjab, Swami Achhuta Nand Ji from Uttar Pradesh, Baba Ghasi Das Ji from Madhya Pradesh, Sri Narayana Guru from Kerala raised a consistent campaign for the prevalence of social justice in the Indian society. Babu Mangu Ram Mugowalia presented a number of resolutions to the British Government for the removal of untouchability and special provisions for the inclusion of socially excluded sections of the society in the public realm of power and social domain.

Babu Mangu Ram Mugowalia joined hands with Bodhisattva Babasaheb Dr. Bhimrao Ramji Ambedkar in his struggle for equal rights for the socially excluded people of India. When Dr. Ambedkar spreaded its movement into the political agile lands of Punjab with the formation of Punjab chapter of Scheduled Castes Federation, there was a tremendous response from the grassroots. That was precisely the contributions of Ad Dharm movement which laid the foundation stone of social justice campaign in the Punjab state in the mid-1920s. But the irony of the matter is that even after more than seven decades of India's independence, Dalits in the country are still subjected to various types of atrocities and social discriminations. Though the Indian state, while making the optimum use of various anti untouchability clauses of the constitution, is doing its best to bridle the monster of caste, but still is more needed to be done at the social level where the people should come forward to internalize the values of liberty, equality and fraternity in order to realize the true sense of democracy and social justice.

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-145

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਚਾਰ ਖਾਣੀਆਂ ਬਾਰੇ ਗੁਰਮਤਿ


**ਅਵਤਾਰ ਸਿੰਘ ਮਿਸ਼ਨਰੀ**
**510-432-5827**

ਖਾਣੀ-ਭੇਦ, ਭਿੰਨਤਾ, ਪ੍ਰਕਾਰ, ਜੀਵਾਂ ਦੀ ਉਤਪਤੀ ਦੀ ਮੰਨੀ ਗਈ ਪ੍ਰਮੁੱਖ ਵੰਡ। ਸ੍ਰਿਸ਼ਟੀ ਦੀ ਉਤਪੱਤੀ ਦੀਆਂ ਚਾਰ ਖਾਣਾਂ-ਅੰਡਾ, ਜਿਉਰ, ਪਾਣੀ ਤੇ ਮੁੜ੍ਹਕਾ ਇਨ੍ਹਾਂ ਚਾਰ ਖਾਣੀਆਂ ਦੀ ਪੈਦਾਇਸ਼ ਦੇ ਨਾਮ ਇਹ ਹਨ-ਅੰਡਜ, ਜੇਰਜ, ਉਤਭਜ, ਸੇਤਜ-ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਏ ਜੰਤਾ॥ ਏਕ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥(ਮ:੧-੫੯੬) ਪੁਰਬੁ-ਅਪਰੂਵ ਗੁਣ। ਬਹੁਤੇ ਭਾਰਤੀ ਬ੍ਰਾਹਮਣ ਮੱਤੀ ਵਿਦਵਾਨਾਂ ਅਨੁਸਾਰ ਜੀਵ-ਉਤਪਤੀ ਦੇ ਚਾਰ ਭਾਗ ਹਨ-੧. ਅੰਡਜ-ਅੰਡਿਆਂ ਤੋਂ ਪੈਦਾ ਹੋਣਾ ਵਾਲੇ ਪੰਛੀ ੨. ਜੇਰਜ-ਜੇਰ ਤੋਂ ਪੈਦਾ ਹੋਣ ਵਾਲੇ ਮਨੁੱਖ, ਪਸ਼ੂ ੩. ਸੇਤਜ-ਪਸੀਨੇ ਜਾਂ ਗਰਮੀ ਤੋਂ ਪੈਦਾ ਹੋਣ ਵਾਲੇ ਜੂੰਆਂ ਆਦਿਕ ੪. ਉਤਭੁਜ-ਧਰਤੀ ਪਾੜ ਉੱਗਣ ਵਾਲੀ ਬਨਸਪਤਿ-ਰੁੱਖ, ਬੂਟੇ, ਬੇਲਾਂ ਆਦਿਕ। "ਸ਼ਬਦ ਗੁਰੂ ਗ੍ਰੰਥ" ਦੀ ਬਾਣੀ ਵਿਖੇ ਸਿਧਾਂਤ ਦ੍ਰਿੜ ਕਰਾਉਣ ਲਈ ਕਈ ਥਾਂਈਂ ਅਨਮਤੀ ਸ਼ਬਦਾਵਲੀ ਵਰਤਦੇ ਇਵੇਂ ਹੀ ਜੀਵਾਂ ਦੀ ਪਦਾਇਸ਼ ਬਾਰੇ ਚਾਰ ਖਾਣੀਆਂ ਸ਼ਬਦ ਵਰਤਿਆ ਪਰ ਭਾਵ ਅਰਥਾਂ 'ਚ ਆਪਣੇ ਵਿਚਾਰ ਪੇਸ਼ ਕੀਤੇ ਹਨ। ਚਾਰ ਖਾਣੀਆਂ ਨੂੰ ਬੇਅੰਤਤ ਭਾਵਰਥਾਂ ਦੇ ਪ੍ਰਤੀਕ ਵਜੋਂ ਹੀ ਵਰਤਿਆ ਹੈ।ਜਿੱਥੇ ਵੀ ਇਸ ਸਬੰਧ 'ਚ ਚਰਚਾ ਹੋਈ ਉੱਥੇ ਹੀ ਅਗਿਣਤ, ਅਮਿਣਵੇਂ ਤੇ ਬੇਅੰਤ ਸ਼ਬਦ ਵਰਤੇ ਹਨ। "ਸ਼ਬਦ ਗੁਰੂ ਗ੍ਰੰਥ" ਦੀ ਬਾਣੀ ਆਪਾ-ਵਿਰੋਧੀ ਨਹੀਂ ਪਰ ਜੇ ਗੁਰਬਾਣੀ ਦੇ ਭਾਵਾਰਥ ਨੂੰ ਸਮਝਣ ਲਈ, ਸਮੁੱਚੇ ਗੁਰ-ਸਿਧਾਂਤਾਂ ਨੂੰ ਸਾਹਮਣੇ ਨਹੀਂ ਰੱਖਾਂਗੇ ਤਾਂ ਟਪਲੇ ਖਾ ਜਾਵਾਂਗੇ।

ਵੇਖੋ! ਕੁਦਰਤੀ ਰਚਨਾ ਬਾਰੇ ਰੱਬੀ ਭਗਤਾਂ ਤੇ ਸਿੱਖ ਗੁਰੂ ਸਹਿਬਾਨਾਂ ਨੇ ਕਰੋੜ ਤੇ ਅਨੰਤ ਸ਼ਬਦ ਵਰਤੇ ਹਨ-ਕਈ ਕੋਟਿ ਖਾਣੀ ਅਰੁ ਖੰਡ॥(ਮ:੫-੨੭੬) ਕਈ ਕ੍ਰੋੜ ਖਾਣ-ਿਆਂ ਅਤੇ ਖੰਡ ਹਨ। ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥(ਜਪੁ) ਜੀਵ-ਰਚਨਾ ਦੀਆਂ ਬੇਅੰਤ ਖਾਣੀਆਂ, ਬੋਲੀਆਂ ਤੇ ਬੇਅੰਤ ਪਾਤਸ਼ਾਹ-ਰਾਜੇ ਹਨ। ਇਹ ਸਭ ਤੈਨੂੰ ਗਾ ਰਹੇ ਭਾਵ ਤੇਰੇ ਹੁਕਮ 'ਚ ਨੇਮਬੱਧ ਚੱਲ ਰਹੇ ਹਨ-ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥(ਜਪੁ) ਜੇ ਗੁਰਮਤਿ ਨੇ ਮੰਨੀਆਂ ਗਈਆਂ ਚਾਰ-ਖਾਣੀਆਂ ਨੂੰ ਮਾਣਤਾ ਦਿੱਤੀ ਹੁੰਦੀ ਤਾਂ ਰੱਬੀ ਭਗਤ ਤੇ ਸਿੱਖ ਗੁਰੂ ਸਹਿਬਾਨ ਬੇਅੰਤ ਸ਼ਬਦ ਨਾ ਵਰਤਦੇ। ਸਵਾਲ ਪੈਦਾ ਹੁੰਦੈ ਕੀ ਕੇਵਲ ਚਾਰ ਖਾਣੀਆਂ ਦੇ ਜੀਵ ਹੀ ਉਸ ਨੂੰ ਗਾਉਂਦੇ ਹਨ? ਨਹੀਂ ਸਾਰੇ ਹੀ ਹੁਕਮ 'ਚ ਗਾ ਰਹੇ ਹਨ-ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥(ਜਪੁ)

ਭਾ. ਗੁਰਦਾਸ ਜੀ ਵੀ ਪ੍ਰਚਲਤ ਚਾਰ-ਖਾਣੀਆਂ ਦਾ ਜਿਕਰ ਕਰਦੇ ਹਨ-ਅੰਡਜ ਜੇਰਜ ਸਾਧਕੈ ਸੇਤਜ ਉਤਭੁਜ ਖਾਣੀ ਬਾਣੀ॥(ਵਾਰ-੭, ਪਉੜੀ-੪) ਪਰ ਗੁਰਮਤਿ ਨਜ਼ਰੀਆ ਪੇਸ਼ ਕਰਦੇ ਲਿਖਿਆ-ਕੁਦਰਤਿ ਅਤੁਲ ਨ ਤੋਲੀਐ ਤੁਲਿ ਨ ਤੋਲ ਨ ਤੋਲਣਹਾਰਾ॥...ਖਾਣੀ ਬਾਣੀ ਜੀਅ ਜੰਤੁ ਨਾਵ ਥਾਵ ਅਣਗਣਤ ਅਪਾਰਾ॥ ਇਕੁ ਕਵਾਉ ਅਮਾਉ ਹੈ ਕੇਵਡੁ ਵਡਾ ਸਿਰਜਣਹਾਰਾ॥(ਵਾਰ ੨੭, ਪਉੜੀ ੩੫) ਭਾਵ ਉਸ ਦੀ ਰਚਨਾ ਅਤੁੱਲ, ਖਾਣ-ਿਆਂ ਵੀ ਅਣਗਿਣਤ ਅਤੇ ਉਨ੍ਹਾਂ ਵਿਖੇ ਜੀਵ ਜੰਤਾਂ ਦੇ ਨਾਂ ਤੇ ਥਾਂ ਵੀ ਬੇਅੰਤ ਹਨ। ਇਹ ਕੁਦਰਤੀ ਪਾਸਾਰਾ ਮਿਣਤੀਓਂ ਬਾਹਰਾ ਤੇ ਇਸ ਦਾ ਰਚੇਤਾ ਕਿੱਡਾ ਕੁ ਵੱਡਾ ਹੈ?

ਸਾਰ ਤੱਤ ਇਹ ਹੈ ਕਿ "ਸ਼ਬਦ ਗੁਰੂ ਗ੍ਰੰਥ" 'ਚ ਭਾਂਵੇ ਚਾਰ ਖਾਣੀਆਂ ਸ਼ਬਦ ਆਇਆ ਪਰ ਇਸ ਨੂੰ ਪ੍ਰਚਲਤ ਚਾਰ ਖਾਣੀਆਂ ਤੱਕ ਹੀ ਸੀਮਤ ਨਹੀਂ ਰੱਖਿਆ ਸਗੋਂ ਉਸ ਦੀ ਬੇਅੰਤਤਾ ਲਈ ਵਰਤਿਆ ਹੈ।

ਗੁਰਮਤਿ ਅਨੁਸਾਰ ਜੀਵਾਂ ਦੀ ਉਤਪਤੀ ਦੇ ਵਸੀਲੇ ਕੇਵਲ ਚਾਰ ਹੀ ਨਹੀਂ ਸਗੋਂ ਬੇਅੰਤ ਹਨ। ਸਾਨੂੰ "ਸ਼ਬਦ ਗੁਰੂ ਗ੍ਰੰਥ" ਦੀ ਬਾਣੀ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਭਾਵ ਅਰਥ ਵਰਤਦੇ ਗੁਰਮਤਿ ਸਿਧਾਂਤ ਸ਼ਪੱਸ਼ਟ ਕਰਨੇ ਚਾਹੀਦੇ ਹਨ।

# ਜਾਤ-ਪਾਤ ਵਿਰੁੱਧ ਅਮਰੀਕਾ ਦੇ ਪੰਜਾਂ ਪਿਆਰਿਆਂ ਦੀ ਸ਼ਲਾਘਾ ਤੇ ਹਮਾਇਤ

**ਅਵਤਾਰ ਸਿੰਘ ਮਿਸ਼ਨਰੀ**

ਪਿਛਲੇ ਹਫਤੇ ਦੇਸ਼ ਦੁਆਬਾ ਅਖਬਾਰ 'ਚ ਜੋ ਅਮਰੀਕਾ ਦੇ ਪੰਜਾਂ ਪਿਆਰਿਆਂ ਨੇ ਜਾਤ-ਪਾਤ ਵਿਰੁੱਧ ਗੁਰਮਤਿ ਬਿਗਲ ਵਜਾਇਆ ਹੈ ਅਸੀਂ "ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ ਐਸ ਏ" ਵੱਲੋਂ ਉਸ ਦੀ ਪੂਰਨ ਹਮਾਇਤ ਕਰਦੇ ਹਾਂ।

ਜਾਤ-ਪਾਤ ਮੰਨਣ ਵਾਲੇ ਸਿੱਖ ਜਰਾ ਸੋਚਣ ਜਿਸ ਜਾਤ-ਪਾਤ ਦਾ ਕੋਹੜ ਰੱਬੀ-ਭਗਤਾਂ ਤੇ ਸਿੱਖ-ਗੁਰੂ ਸਹਿਬਾਨਾਂ ਕੱਢਿਆ ਸੀ ਫਿਰ ਅੱਜ ਉਹ ਜਾਤ-ਪਾਤੀ ਕੋਹੜ ਸਿੱਖਾਂ 'ਚ ਕਿਸ ਨੇ ਵਾੜਿਆ-ਸੰਪਰਦਾਵਾਂ, ਅਖੌਤੀ ਸੰਤਾਂ-ਗ੍ਰੰਥਾਂ, ਡੇਰੇਦਾਰਾਂ ਜਾਂ ਪੁਲੀਟੀਕਲ ਚਾਲ-ਬਾਜ ਗੁਰਮਤਿ ਵਿਰੋਧੀ ਬਾਮਣਵਾਦੀ ਲੀਡਰਾਂ ਨੇ?

**ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ ਐਸ ਏ**
(5104325827)

# ਗ਼ਲਤੀਆਂ ਦਾ ਖ਼ਮਿਆਜ਼ਾ ਭੁਗਤ ਰਹੀ ਹੈ ਕਾਂਗਰਸ


**ਉਜਾਗਰ ਸਿੰਘ**

ਕਾਂਗਰਸ ਪਾਰਟੀ ਆਪਣੀਆਂ ਕੀਤੀਆਂ ਗ਼ਲਤੀਆਂ ਦਾ ਖ਼ਮਿਆਜ਼ਾ ਭੁਗਤ ਰਹੀ ਹੈ। ਵਿਧਾਨਕਾਰਾਂ ਨੂੰ ਦੂਜੀਆਂ ਪਾਰਟੀਆਂ 'ਚੋਂ ਬਗ਼ਾਵਤ ਕਰਵਾ ਕੇ ਆਪਣੇ ਵਿਚ ਸ਼ਾਮਲ ਕਰਨ ਦੀ ਪਹਿਲ ਸਭ ਤੋਂ ਪਹਿਲਾਂ ਕਾਂਗਰਸ ਨੇ ਹੀ ਕੀਤੀ ਸੀ। ਸੰਨ 1967 ਵਿਚ ਜਦੋਂ ਹਰਿਆਣਾ ਅਜੇ ਬਣਿਆ ਹੀ ਸੀ ਤਾਂ ਹਰਿਅਣਾ ਵਿਧਾਨ ਸਭਾ ਦੇ ਪਟੌਦੀ ਵਿਧਾਨ ਸਭਾ ਹਲਕੇ ਤੋਂ ਗਿਆ ਰਾਮ ਆਜ਼ਾਦ ਉਮੀਦਵਾਰ ਜਿੱਤਿਆ ਸੀ। ਕਾਂਗਰਸ ਨੇ ਉਸ ਨੂੰ ਸਵੇਰੇ ਆਪਣੇ 'ਚ ਸ਼ਾਮਲ ਕਰ ਲਿਆ ਪਰ ਉਸੇ ਸ਼ਾਮ ਨੂੰ ਉਹ ਯੂਨ-ਾਈਟਿਡ ਫਰੰਟ ਵਿਚ ਸ਼ਾਮਲ ਹੋ ਗਿਆ। ਅਗਲੇ ਦਿਨ ਗਿਆ ਰਾਮ ਕਾਂਗਰਸ ਪਾਰਟੀ ਵਿਚ ਫਿਰ ਵਾਪਸ ਆ ਗਿਆ।

ਉਸ ਸਮੇਂ ਹਰਿਆਣਾ ਦੇ ਕਾਂਗਰਸੀ ਨੇਤਾ ਰਾਓ ਵਰਿੰਦਰ ਸਿੰਘ ਨੇ ਪ੍ਰੈਸ ਨੂੰ ਕਿਹਾ ਸੀ ਕਿ ਹੁਣ ਉਹ ਗਿਆ ਰਾਮ ਨਹੀਂ ਹੁਣ ਉਹ ਆਇਆ ਰਾਮ ਹੈ ਕਿਉਂਕਿ ਉਹ ਵਾਪਸ ਆ ਗਿਆ ਹੈ। ਉਸ ਤੋਂ ਬਾਅਦ ਹੀ 'ਆਇਆ ਰਾਮ ਤੇ ਗਿਆ ਰਾਮ' ਦਾ ਲਤੀਫ਼ਾ ਬਣਿਆ ਸੀ। ਮੱਧ ਪ੍ਰਦੇਸ਼ ਵਿਚ ਜੋਤਿਰਾਦਿੱਤਿਆ ਸਿੰਧੀਆ ਦੇ ਧੜੇ ਨੂੰ ਭਾਰਤੀ ਜਨਤਾ ਪਾਰਟੀ ਨੇ ਬਗ਼ਾਵਤ ਕਰਵਾ ਕੇ ਆਪਣੇ ਵਿਚ ਸ਼ਾਮਲ ਕਰ ਲਿਆ ਸੀ। ਜਦੋਂ ਸਿੰਧੀਆ ਦੀ ਭਾਰਤੀ ਜਨਤਾ ਪਾਰਟੀ ਨਾਲ ਜਾਣ ਦੀ ਕਨਸੋਅ ਮਿਲੀ ਸੀ ਤਾਂ ਕਾਂਗਰਸ ਦੇ ਨੇਤਾਵਾਂ ਨੇ ਬਹੁਤ ਸੰਜੀਦਗੀ ਨਾਲ ਨਹੀਂ ਲਿਆ ਸੀ ਸਗੋਂ ਉਸ ਦੇ ਵਿਧਾਨਕਾਰਾਂ ਨੂੰ ਹੀ ਉਸ ਨਾਲੋਂ ਤੋੜਨ ਦੇ ਚੱਕਰ ਵਿਚ ਲੱਗੇ ਰਹੇ ਸਨ ਪਰ ਸਚਿਨ ਪਾਇਲਟ ਦੀ ਜਾਣਕਾਰੀ ਮਿਲਣ ਤੋਂ ਬਾਅਦ ਕਾਂਗਰਸ ਦੀ ਨੀਂਦ ਤੁਰੰਤ ਖੁੱਲ੍ਹ ਗਈ। ਚਲੋ! ਕਾਰਵਾਈ ਤਾਂ ਕੀਤੀ। ਦੇਰ ਆਇਦ-ਦਰੁਸਤ ਆਇਦ। ਸਚਿਨ ਪਾਇਲਟ ਨੂੰ ਆਪਣੀ ਸਹੀ ਥਾਂ 'ਤੇ ਪਹੁੰਚਾ ਦਿੱਤਾ ਹੈ। ਸ਼ਾਰਟਕੱਟ ਮਾਰ ਕੇ ਸਿਆਸਤ ਦੀ ਸਿਖਰਲੀ ਪੌੜੀ 'ਤੇ ਪਹੁੰਚਣ ਦੀ ਲਾਲਸਾ ਨੂੰ ਨੱਥ ਤਾਂ ਪਵੇਗੀ। ਨੇਤਾਵਾਂ ਦੇ ਬੱਚਿਆਂ ਨੂੰ ਆਪਣੇ ਮਾਪਿਆਂ ਦੀ ਥਾਂ ਅਹੁਦੇ ਮਿਲ ਜਾਂਦੇ ਹਨ, ਫਿਰ ਉਨ੍ਹਾਂ ਦੀ ਲਾਲਸਾ ਮ੍ਰਿਗਤ੍ਰਿਸ਼ਨਾ ਵਾਂਗ ਵੱਧਦੀ ਜਾਂਦੀ ਹੈ। ਫਿਰ ਉਹ ਘਰ ਦੇ ਭੇਤੀ ਹੀ ਲੰਕਾ ਢਾਹੁਣ ਲੱਗ ਜਾਂਦੇ ਹਨ। ਹੁਣ ਕਾਂਗਰਸ ਵਿਚ ਪਰਿਵਾਰਵਾਦ ਘਟਣ ਦੀ ਸੰਭਾਵਨਾ ਵੀ ਵੱਧ ਗਈ ਹੈ। ਜਿਨ੍ਹਾਂ ਨੂੰ ਰਾਹੁਲ ਗਾਂਧੀ ਨੇ ਥਾਪੀ ਦਿੱਤੀ, ਉਹੀ ਉਸ ਦੇ ਚਹੇਤੇ ਕਾਂਗਰਸ ਪਾਰਟੀ ਦੀਆਂ ਜੜ੍ਹਾਂ ਵਿਚ ਤੇਲ ਦੇਣ ਲੱਗੇ ਹਨ। ਕਾਂਗਰਸ ਰਾਹੁਲ ਗਾਂਧੀ ਦੀਆਂ ਨੌਜਵਾਨਾਂ ਨੂੰ ਅੱਗੇ ਲਿਆਉਣ ਦੀ ਆੜ ਵਿਚ ਕੀਤੀਆਂ ਗ਼ਲਤੀਆਂ ਦੇ ਨਤੀਜੇ ਭੁਗਤ ਰਹੀ ਹੈ ਕਿਉਂਕਿ ਰਾਹੁਲ ਗਾਂਧੀ ਨੇ ਸੀਨੀਅਰ ਲੀਡਰਸ਼ਿਪ ਨੂੰ ਅਣਡਿੱਠ ਕਰ ਕੇ ਨੌਜਵਾਨਾਂ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਕੀਤੀ ਸੀ। ਕਿਸੇ ਵੀ ਪਾਰਟੀ ਲਈ ਨਵੀਂ ਲੀਡਰਸ਼ਿਪ ਪੈਦਾ ਕਰਨੀ ਕੋਈ ਮਾੜੀ ਗੱਲ ਨਹੀਂ ਸਗੋਂ ਇਹ ਤਾਂ ਚੰਗਾ ਫ਼ੈਸਲਾ ਹੁੰਦਾ ਹੈ ਤਾਂ ਜੋ ਪਾਰਟੀ ਵਿਚ ਲਗਾਤਾਰਤਾ ਬਣੀ ਰਹੇ।

ਬਜ਼ੁਰਗ ਨੇਤਾ ਰਿਟਾਇਰ ਹੁੰਦੇ ਰਹਿਣ ਅਤੇ ਦੂਜੀ ਪੱਧਰ ਦੀ ਨੌਜਵਾਨ ਲੀਡਰਸ਼ਿਪ ਪਾਰਟੀ ਦੀ ਵਾਗਡੋਰ ਸੰਭਾਲਦੀ ਰਹੇ। ਨੌਜਵਾਨ ਸੀਨੀਅਰ ਲੀਡਰਾਂ ਤੋਂ ਸਿਆਸਤ ਦੀ ਗੁੜ੍ਹਤੀ ਲੈਂਦੇ ਰਹਿਣ ਕਿਉਂਕਿ ਭਵਿੱਖ ਤਾਂ ਉਨ੍ਹਾਂ ਨੇ ਹੀ ਸਾਂਭਣਾ ਹੁੰਦਾ ਹੈ ਪਰ ਰਾਹੁਲ ਗਾਂਧੀ ਦੀ ਸ਼ਹਿ 'ਤੇ ਨੌਜਵਾਨਾਂ ਨੇ ਸੀਨੀਅਰ ਲੀਡਰਾਂ ਤੋਂ ਸਿੱਖਿਆ ਤਾਂ ਕੀ ਲੈਣੀ ਸੀ, ਉਹ ਤਾਂ ਉਨ੍ਹਾਂ ਨੂੰ ਟਿੱਚ ਸਮਝਣ ਲੱਗੇ ਸਨ। ਸੀਨੀਅਰ ਲੀਡਰਸ਼ਿਪ ਰਾਹੁਲ ਗਾਂਧੀ ਨੂੰ ਕੁਝ ਕਹਿ ਤਾਂ ਨਹੀਂ ਸਕਦੀ ਸੀ ਪਰ ਉਹ ਨਿਰਾਸ਼ ਹੋ ਕੇ ਚੁੱਪ ਕਰ ਗਈ ਸੀ। ਸੀਨੀਅਰ ਨੇਤਾਵਾਂ ਦੀ ਬੇਰੁਖ਼ੀ ਦਾ ਇਵਜ਼ਾਨਾ ਕਾਂਗਰਸ ਨੇ ਲੋਕ ਸਭਾ ਦੀਆਂ ਚੋਣਾਂ ਵਿਚ ਭੁਗਤਿਆ ਹੈ। ਇਸ ਤੋਂ ਪਹਿਲਾਂ ਸਿੰਧੀਆ ਨੇ ਸ਼ਾਰਟਕੱਟ ਰਾਹੀਂ ਕਾਂਗਰਸ ਪਾਰਟੀ ਵਿਚ ਸੀਨੀਅਰ ਲੀਡਰਾਂ ਨੂੰ ਪਛਾੜ ਕੇ ਆਪ ਅੱਗੇ ਆ ਕੇ ਉਨ੍ਹਾਂ ਨੂੰ ਠੂਠ ਵਿਖਾਉਣੇ ਸ਼ੁਰੂ ਕਰ ਦਿੱਤੇ ਸਨ। ਸੀਨੀਅਰ ਲੀਡਰਸ਼ਿਪ ਬਥੇਰੇ ਹੱਥ-ਪੈਰ ਮਾਰਦੀ ਰਹੀ ਪਰ ਰਾਹੁਲ ਗਾਂਧੀ ਨੇ ਉਨ੍ਹਾਂ ਦੀ ਇਕ ਨਾ ਸੁਣੀ। ਯੂਥ ਕਾਂਗਰਸ ਦੀਆਂ ਵਿਦੇਸ਼ੀ ਤਰਜ਼ 'ਤੇ ਚੋਣਾਂ ਕਰਵਾ ਕੇ ਸੀਨੀਅਰ ਅਤੇ ਜੂਨੀਅਰ ਲੀਡਰਸ਼ਿਪ ਵਿਚ ਬਖੇੜਾ ਖੜ੍ਹਾ ਕਰਵਾ ਦਿੱਤਾ ਜਿਸ ਦਾ ਪਾਰਟੀ ਨੂੰ ਹੋ ਰਿਹਾ ਨੁਕਸਾਨ ਹੁਣ ਪਾਰਟੀ ਵਿਰੁੱਧ ਬਗ਼ਾਵਤ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਹੁਣ ਜਦੋਂ ਸਿੰਧੀਆ ਰਾਹੁਲ ਗਾਂਧੀ ਨੂੰ ਹੀ ਬੇਦਾਵਾ ਦੇ ਗਿਆ ਤਾਂ ਸਚਿਨ ਪਾਇਲਟ ਦਾ ਹੌਸਲਾ ਬਗ਼ਾਵਤ ਕਰਨ ਲਈ ਅਸਮਾਨ ਛੂਹ ਰਿਹਾ ਸੀ। ਉਸ ਨੂੰ ਸਪਨੇ ਵਿਚ ਵੀ ਰਾਜਸਥਾਨ ਦੇ ਮੁੱਖ ਮੰਤਰੀ ਦੀ ਕੁਰਸੀ ਨਜ਼ਰ ਆਉਣ ਲੱਗ ਪਈ ਸੀ।



ਉਹ ਤਾਂ ਅਸ਼ੋਕ ਗਹਿਲੋਤ ਜੋ ਕਾਂਗਰਸ ਪਾਰਟੀ ਦਾ ਬਜ਼ੁਰਗ ਨੇਤਾ ਅਤੇ ਰਾਸਥਾਨ ਦਾ ਮੁੱਖ ਮੰਤਰੀ ਹੈ, ਉਸ ਦੀਆਂ ਅੰਦਰਖਾਤੇ ਲੱਤਾਂ ਖਿੱਚ ਰਿਹਾ ਸੀ ਜਿਸ ਕਾਰਨ ਸਰਕਾਰ ਦੀ ਕਾਰਗੁਜ਼ਾਰੀ ਅਤੇ ਭਰੋਸੇਯੋਗਤਾ ਢਿੱਲੀ ਪੈ ਗਈ ਸੀ। ਮੁੱਖ ਮੰਤਰੀ ਵੀ ਰਾਹੁਲ ਗਾਂਧੀ ਤੋਂ ਝਿਜਕਦਾ ਹੋਇਆ ਬੇਵੱਸ ਸੀ। ਕਾਂਗਰਸ ਨੇ ਹੁਣ ਸਚਿਨ ਪਾਇਲਟ ਅਤੇ ਉਸ ਦੇ ਦੋ ਸਾਥੀ ਮੰਤਰੀਆਂ ਨੂੰ ਅਹੁਦਿਆਂ ਤੋਂ ਬਰਖ਼ਾਸਤ ਕਰ ਦਿੱਤਾ ਹੈ। ਸਚਿਨ ਪਾਇਲਟ ਨੂੰ ਰਾਜਸਥਾਨ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨਗੀ ਦੇ ਅਹੁਦੇ ਤੋਂ ਵੀ ਹਟਾ ਦਿੱਤਾ ਗਿਆ ਹੈ। ਸਪੀਕਰ ਨੇ 19 ਹੋਰ ਵਿਧਾਨਕਾਰਾਂ ਨੂੰ 'ਕਾਰਨ ਦੱਸੋ ਨੋਟਿਸ' ਦੇ ਦਿੱਤੇ ਹਨ। ਇਹ ਕਾਰਵਾਈ ਸਿੰਧੀਆ ਦੀ ਬਗ਼ਾਵਤ ਕਾਰਨ ਮੱਧ ਪ੍ਰਦੇਸ਼ ਦੀ ਸਰਕਾਰ ਟੁੱਟਣ ਦੇ ਨਤੀਜੇ ਵਜੋਂ ਕੀਤੀ ਗਈ ਹੈ ਤਾਂ ਜੋ ਰਾਜਸਥਾਨ ਸਰਕਾਰ ਦਾ ਵੀ ਭੋਗ ਨਾ ਪੈ ਜਾਵੇ। ਦੁੱਧ ਦਾ ਫੂਕਿਆ ਲੱਸੀ ਨੂੰ ਵੀ ਫੂਕਾਂ ਮਾਰ ਕੇ ਠੰਢੀ ਕਰਨ ਵਿਚ ਰੁੱਝ ਗਿਆ ਹੈ। ਇਸ ਤੋਂ ਪਹਿਲਾਂ ਤਾਂ

(ਬਾਕੀ ਸਫਾ 14 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨਿਊਯਾਰਕ ਵਿਖੇ ਬਾਬਾ ਨਿਧਾਨ ਸਿੰਘ ਅਤੇ ਭਗਤ ਪੂਰਨ ਸਿੰਘ ਜੀ ਦੀ ਮਨਾਈ ਯਾਦ






**ਨਿਊ ਯਾਰਕ/ਪਟਿਆਲਾ-** ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ ਪਲੇਨਵਿਊ ਨਿਊਯਾਰਕ ਵਿਖੇ ਸਲਾਨਾ ਸੰਤ ਬਾਬਾ ਨਿਧਾਨ ਸਿੰਘ ਅਤੇ ਭਗਤ ਪੂਰਨ ਸਿੰਘ ਦੀ ਸਲਾਨ ਯਾਦ ਸ਼ਰਧਾ ਅਤੇ ਉਤਸਾਹ ਨਾਲ ਮਨਾਈ ਗਈ।ਸ੍ਰ: ਪਰਮਜੀਤ ਸਿੰਘ ਸਰੋਆ ਵੱਲੋਂ ਜਾਣਕਾਰੀ ਦਿੰਦਿਆ ਦੱਸਿਆ ਕਿ ਬਾਬਾ ਨਿਧਾਨ ਸਿੰਘ ਕਲਚਰਲ ਸੁਸਾਇਟੀ ਅਤੇ ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸ-ਾਇਟੀ ਦੇ ਸਾਂਝੇ ਉੱਧਮ ਅਤੇ ਸਮਾਜ ਸੇਵੀ ਸੁਰਿੰਦਰ ਸਿੰਘ ਮਿਨਹਾਸ ਵੱਲੋਂ ਕਰਵਾਏ ਸਮਾਗਮ ਵਿੱਚ ਭਾਈ ਸਰਬਜੀਤ ਸਿੰਘ ਰੰਗੀਲਾ ਅਤੇ ਭਾਈ ਸੇਵਕ ਸਿੰਘ ਲੁਧਿਆਣਾ ਦੇ ਜੱਥਿਆਂ ਵੱਲੋਂ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਭਾਈ ਅਮਰਜੀਤ ਸਿੰਘ ਹੈੱਡ ਗ੍ਰੰਥੀ ਗੁਰੂ ਘਰ ਵੱਲੋਂ ਦੋਹਾਂ ਸ਼ਖਸੀਅਤਾਂ ਦੇ ਜੀਵਨ ਅਤੇ ਸਿੱਖੀ ਪ੍ਰਸਾਰ ਵਿੱਚ ਪਾਏ ਯੋਗਦਾਨ ਬਾਰੇ ਚਾਨਣਾ ਪਾਇਆ।ਹਿਕਸਵਿਲ ਗੁਰੂ ਘਰ ਵੱਲੋਂ ਸ੍ਰ.ਪਰਮਜੀਤ ਸਿੰਘ ਬੇਦੀ ਨੇ ਕਿਹਾ ਕਿ ਸਾਨੂੰ ਇਹਨਾਂ ਸ਼ਖਸੀਅਤਾਂ ਦੇ ਜੀਵਨ ਤੋਂ ਪ੍ਰੇਰਨਾਂ ਲੈ ਕੇ ਚੰਗੇ ਸਮਾਜ ਦੀ ਸਿਰਜਨਾਂ ਕਰਨੀ ਚਾਹੀਦੀ ਹੈ।ਸੁਰਿੰਦਰ ਸਿੰਘ ਮਿਨਹਾਸ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੁਰਿੰਦਰਪਾਲ ਸਿੰਘ ਸਿੱਕਾ, ਇੰਦਰਜੀਤ ਸਿੰਘ ਪ੍ਰਧਾਨ, ਹਰਚਰਨ ਸਿੰਘ ਗੁਲਾਟੀ, ਸੈਕਟਰੀ ਅਤੇ ਬਾਬਾ ਨਿਧਾਨ ਸਿੰਘ ਕਲਚਰਲ ਸੁਸਾਇਟੀ ਅਤੇ ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸਾਇਟੀ ਦੇ ਮੈਂਬਰ ਹਾਜਰ ਸਨ।

**- ਪਰਮਜੀਤ ਸਿੰਘ ਸਰੋਆ**
**91-98550-07516**

# ਪੰਜਾਬ ਅਚੀਵਮੈਂਟ ਸਰਵੇ ਸੰਬੰਧੀ ਸੀ.ਐਚ.ਟੀ.ਦਾ ਵੈਬੀਨਾਰ

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)ਸ.ਸਰਬਜੀਤ ਸਿੰਘ ਜੀ ਦੀ ਅਗਵਾ ਵਿਚ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਪੰਜਾਬ ਅਚੀਵਮੈਂਟ ਸਰਵੇ ਦੀ ਟ੍ਰੇਨਿੰਗ ਜ਼ੂਮ ਐਪ ਰਾਹੀਂ ਕਰਵਾਈ ਗਈ। ਉਸ ਟ੍ਰੇਨਿੰਗ ਦੇ ਸੰਚਾਲਕ ਡਾ.ਬੂਟਾ ਸਿੰਘ ਸੇਖੋਂ (ਪ੍ਰਿੰਸੀਪਲ ਡਾਇਟ ਅਹਿਮਦਪੁਰ, ਮਾਨਸਾ) ਨੇ ਦੱਸਿਆ ਕਿ ਪੀ.ਏ.ਐਸ.ਸੰਬੰਧੀ ਵੱਖ ਵੱਖ ਵਿਸ਼ਿਆਂ ਦੀ ਟ੍ਰੇਨਿੰਗ ਦਸ ਅਗਸਤ ਤੋਂ ਬਾਰਾਂ ਅਗਸਤ ਤੱਕ ਕਰਵਾਈ ਜਾ ਰਹੀ ਹੈ। ਇਸ ਵਿਚ ਜ਼ਿਲ੍ਹੇ ਦੇ ਸੈਂਟਰ ਹੈੱਡ ਟੀਚਰ ਅਤੇ ਪੜ੍ਹੋ ਪੰਜਾਬ ,ਪੜ੍ਹਾਓ ਪੰਜਾਬ ਟੀਮ ਨੂੰ ਸਰਵੇ ਸੰਬੰਧੀ ਪਰਿਪੱਕ ਕੀਤਾ ਜਾ ਰਿਹਾ ਹੈ ਤਾਂ ਜੋਂ ਸੈਂਟਰ ਹੈੱਡ ਟੀਚਰਜ਼ ਵਲੋਂ ਸਾਰੇ ਅਧਿਆਪਕ ਨੂੰ ਦਿੱਤੀ ਜਾ ਸਕੇ। ਟ੍ਰੇਨਿੰਗ ਦੇ ਪਹਿਲੇ ਦਿਨ ਟ੍ਰੇਨਿੰਗ ਸੈਸ਼ਨ ਨੂੰ ਸੰਬੋਧਿਤ ਕਰਦਿਆਂ ਗੁਰਲਾਭ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਦੱਸਿਆ ਕਿ ਇਸ ਚਾਰ ਮਹੀਨੇ ਚੱਲਣ ਵਾਲੇ ਸਰਵੇਖਣ ਦਾ ਮਕਸਦ ਸਰਕਾਰੀ ਸਕੂਲਾਂ ਦੀ ਵਿਦਿਅਕ, ਢਾਂਚਾਗਤ ਅਤੇ ਹੋਰ ਸਹੂਲਤਾਂ ਦੇ ਪੱਖ ਤੋਂ ਪਰਖ ਕਰਨੀ ਹੈ। ਇਸ ਸਰਵੇ ਦੌਰਾਨ ਜੇਕਰ ਕਿਸੇ ਸਕੂਲ ਨੂੰ ਕਿਸੇ ਪੱਖੋਂ ਕੋਈ ਸੱਮਸਿਆ ਆਉਂਦੀ ਹੈ ਤਾਂ ਉਸ ਨੂੰ ਤੁਰੰਤ ਦੂਰ ਕੀਤਾ ਜਾਵੇਗਾ। ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਸ੍ਰੀ ਗੁਰਨੈਬ ਸਿੰਘ ਨੇ ਦੱਸਿਆ ਕਿ ਇਸ ਸਰਵੇਖਣ ਦਾ ਮਕਸਦ ਕੇਂਦਰ ਸਰਕਾਰ ਵੱਲੋਂ ਲਏ ਜਾਣ ਵਾਲੇ ਐੱਨ.ਏ.ਐੱਸ.(ਨੈਸ਼ਨਲ ਅਚੀਵਮੈਂਟ ਸਰਵੇ) ਤੋਂ ਪਹਿਲਾਂ ਇਸ ਦੀ ਤਿਆਰੀ ਲਈ ਸਕੂਲ ਸਿੱਖਿਆ ਵਿਭਾਗ ਦਾ ਸਵੈ ਮੁਲਾਂਕਣ ਹੈ,ਜਿਸ ਨਾਲ ਰਾਜ ਸਿੱਖਿਆ ਦਾ ਮਿਆਰ ਹੋਰ ਉਚਾ ਹੋਵੇਗਾ। ਇਸ ਟ੍ਰੇਨਿੰਗ ਵਿਚ ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਗਗਨ ਸ਼ਰਮਾ, ਬਲਾਕਾਂ ਦੇ ਬਲਾਕ ਮਾਸਟਰ ਟਰੇਕਰਾਂ ਅਤੇ ਕਲੱਸਟਰ ਦੇ ਕਲੱਸਟਰ ਟਰੇਕਰਾਂ ਨੇ ਬਤੌਰ ਰਿਸਰੋਸ ਪਰਸਨ ਭੂਮਿਕਾ ਨਿਭਾਈ।




# ਨਹੀ ਰਹੇ ਪ੍ਰਿੰਸੀਪਲ ਸੇਵਾ ਸਿੰਘ ਕੌੜਾ
# ਪੰਜਾਬੀ ਸਾਹਿਤ ਜਗਤ ਦਾ ਅਨਮੋਲ ਹੀਰਾ ਤੁਰ ਗਿਆ



ਸਾਹਿਤਕ ਹਲਕਿਆਂ ਵਿੱਚ ਇਹ ਖਬਰ ਬੜੀ ਦੁੱਖ ਨਾਲ ਪੜ੍ਹੀ-ਸੁਣੀ ਜਾਵੇਗੀ ਕਿ ਪੰਜਾਬੀ ਜ਼ੁਬਾਨ ਦੇ ਨਾਮਵਰ ਲੇਖਕ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਰਪ੍ਰਸਤ ਪ੍ਰਿੰਸੀਪਲ ਸੇਵਾ ਸਿੰਘ ਕੌੜਾ ਅੱਜ ਸਾਡੇ ਦਰਮਿਆਨ ਨਹੀਂ ਰਹੇ । ਉਹ ਕੈਂਸਰ ਰੋਗ ਤੋਂ ਪੀੜਤ ਸਨ ਅਤੇ ਉਹ 83 ਸਾਲਾਂ ਦੇ ਸਨ । ਅੱਜ ਸਵੇਰੇ 11-30 ਵਜੇ ਉਹਨਾਂ ਨੇ ਆਪਣੀ ਰਿਹਾਇਸ਼ ਖਿਲਚੀਆਂ ਵਿੱਚ ਅੰਤਿਮ ਸਾਹ ਲਏ । ਪ੍ਰਿੰਸੀਪਲ ਸੇਵਾ ਸਿੰਘ ਕੌੜਾ ਨੇ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਅਨਮੋਲ ਰਚਨਾਵਾਂ ਦਾ ਖਜ਼ਾਨਾ ਪਾਇਆ ਹੈ । ਉਹਨਾਂ ਨੇ ਆਪਣੀਆਂ ਬਹੁਤ ਹੀ ਖੋਜ ਭਰਪੂਰ ਪੁਸਤਕਾਂ ਨਾਲ ਮਾਂ ਬੋਲੀ ਨੂੰ ਮਾਲਾ ਮਾਲ ਕੀਤਾ ਹੈ , ਜਿਹਨਾਂ ਵਿੱਚ "ਵਿਰਸਾ ਵਿਸਰ ਰਿਹਾ", "ਨਾਵਾਂ ਦਾ ਨਿਕਾਸ", "ਸ੍ਰੀ ਗੁਰੂ ਗੋਬਿੰਦ ਸਿੰਘ (ਸਖਸ਼ੀਅਤ, ਸਫਰ ਤੇ ਸੰਦੇਸ਼), ਸਾਂਝੀ ਵਿਰਾਸਤ, ਗੁਰੂ ਤੇਗ ਬਹਾਦਰ ਸਾਹਿਬ (ਸਖਸ਼ੀਅਤ, ਸਫਰ, ਸੰਦੇਸ਼ ਤੇ ਸ਼ਹਾਦਤ) ਆਦਿ ਜ਼ਿਕਰਯੋਗ ਹਨ। ਇਸਤੋਂ ਇਲਾਵਾ ਉਹਨਾਂ ਦੀ ਪੰਜਾਬੀ ਅਖਾਣਾਂ ਤੇ ਬਹੁਤ ਹੀ ਖੋਜ ਭਰਪੂਰ ਪੁਸਤਕ ਜਿਸ ਵਿੱਚ ਸਭਿਆਚਾਰ ਨਾਲ ਵਿਸਰ ਰਹੇ 1001 ਦੇ ਕਰੀਬ ਅਖਾਣ 600 ਦੇ ਕਰੀਬ ਪੰਨਿਆਂ ਤੇ ਅੰਕਿਤ ਹਨ "ਵਿਸਰ ਰਹੇ ਪੰਜਾਬੀ ਅਖਾਣ" ਪੰਜਾਬੀ ਸਾਹਿਤ ਦੀ ਝੋਲੀ ਪਾਕੇ ਇਸ ਨੂੰ ਮਾਲਾ ਮਾਲ ਕੀਤਾ ਹੈ । ਉਹਨਾਂ ਦੀ ਪੰਜਾਬੀ ਮਾਂ ਬੋਲੀ ਨੂੰ ਅਦੁੱਤੀ ਦੇਣ ਹਮੇਸ਼ਾਂ ਯਾਦ ਕੀਤੀ ਜਾਂਦੀ ਰਹੇਗੀ । ਅੱਜ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦਾ ਲੱਕ ਟੁੱਟ ਗਿਆ ਹੈ । ਅਰਦਸਾ ਹੈ ਕਿ ਗੁਰੂ ਮਹਾਰਾਜ ਉਹਨਾਂ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਸਾਡੀ ਸਾਹਿਤ ਸਭਾ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ।

**ਸ਼ੇਲਿੰਦਰਜੀਤ ਸਿੰਘ ਰਾਜਨ**
**(98157-69164)**

ਇਸ ਤਰ੍ਹਾਂ ਦੇ ਖੋਜੀ ਬਿਰਤੀ ਵਾਲੇ ਵਿਰਲੇ ਵਿਦਵਾਨ ਦਾ ਵਿਛੋੜਾ ਸੱਚ ਮੁੱਚ ਦੁਖਦਾਈ ਹੈ। ਮਾਝੇ ਚ ਅਦਬ ਦੀ ਵੱਡੀ ਹਸਤੀ ਸਨ ਉਹ। ਸਰਪ੍ਰਸਤ ਬਣ ਕੇ ਹਮੇਸ਼ਾਂ ਅੰਗ ਸੰਗ ਰਹਿਣ ਵਾਲੇ। ਉਦਾਸ ਕਰ ਗਿਆ ਹੈ ਉਨ੍ਹਾਂ ਦਾ ਵਿਛੋੜਾ। ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਨਮਾਨਿਤ ਮੈਂਬਰ ਸਨ ਕੌੜਾ ਜੀ। ਉਨ੍ਹਾਂ ਦੀ ਮੁਹਾਵਰਿਆਂ ਬਾਰੇ ਯਾਦਗਾਰੀ ਕਿਤਾਬ ਬਾਬਾ ਬਕਾਲਾ ਸਾਹਿੱਤ ਸਭਾ ਵੱਲੋਂ ਮੇਰੇ ਹੱਥੀਂ ਲੋਕ ਅਰਪਨ ਹੋਣਾ ਯਾਦਗਾਰੀ ਦਿਵਸ ਸੀ। ਵਿਸਾਰਨਾ ਮੁਹਾਲ ਹੈ।

**- ਗੁਰਭਜਨ ਗਿੱਲ**


Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਪੰਜਾਬੀ ਸਾਹਿਤ ਸਭਾ ਸਟਾਕਟਨ ਨੇ ਮਨਾਇਆ ਯਾਦਗਾਰੀ ਸਮਾਰੋਹ

**ਸਟਾਕਟਨ–** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ 31 ਜੁਲਾਈ ਨੂੰ ਆਪਣੀ ਮਾਸਿਕ ਇਕੱਤ੍ਰਤਾ ਦੋਰਾਨ ਪੰਜਾਬ ਦੇ ਕਰਾਂਤੀਕਾਰੀ ਯੋਧੇ 'ਸ਼ਹੀਦ ਊਧਮ ਸਿੰਘ ਅਜ਼ਾਦ' ਅਤੇ ਬਾਲੀਬੁੱਡ ਦੇ ਸੁਪਰ ਸਟਾਰ ਗਾਇਕ 'ਮੁਹੰਮਦ ਰਫੀ' ਜੀ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕੀਤੀ ਗਈ। ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਵਲੋਂ ਸ਼ਹੀਦ ਊਧਮ ਸਿੰਘ ਬਾਰੇ ਜਾਣਕਾਰੀ ਦਿੰਦਿਆਂ ਦਸਿਆ ਗਿਆ ਕਿ ਕਿਵੇਂ 'ਸ਼ੇਰ ਸ਼ਿਘ' ਨਾਂ ਦੇ ਛੋਟੀ ਉਮਰ ਦੇ ਇਕ ਯਤੀਮ ਬੱਚੇ ਨੇ ਜ਼ਲ੍ਹਿਆਂ ਵਾਲੇ ਕਾਂਡ ਦੇ ਦਰਦ ਦੀ ਚੀਸ ਨੂੰ ਲਗਾਤਾਰ ਆਪਣੇ ਸੀਨੇ ਵਿਚ ਜਿਉਂਦਾ ਰੱਖਿਆ। ਅੰਤ ਲੰਡਨ ਪਹੁੰਚ ਕੇ 13 ਮਾਰਚ 1940 ਨੂੰ ਓਥੋਂ ਦੇ ਕੈਕਸਟਨ ਹਾਲ ਵਿਚ ਹੱਥੀਂ ਗੋਲੀਆਂ ਚਲਾਕੇ ਮਾਈਕਲ ਓਡਵਾਇਰ ਤੋਂ ਬਦਲਾ ਲਿਆ। ਸਭਾ ਵਲੋਂ ਭਾਰਤ ਸਰਕਾਰ ਤੋਂ ਆਪਣੇ ਦੇਸ਼ ਲਈ ਪ੍ਰਾਣਾਂ ਦੀ ਬਾਜ਼ੀ ਲਾਉਣ ਵਾਲੇ ਇਸ ਸੂਰਮੇ ਨੂੰ ਸ਼ਹੀਦ ਦਾ ਰੁਤਬਾ ਦੇਣ ਦੀ ਮੰਗ ਵੀ ਰੱਖੀ ਗਈ। ਇਸ ਮੌਕੇ ਉਸਤਾਦ ਲਾਲ ਸਿੰਘ ਭੱਟੀ ਨੇ ਸ਼ਰਧਾਜਲੀ ਵਜੋਂ ਨੰਦ ਲਾਲ ਨੂਰ ਪੁਰੀ ਦਾ ਗੀਤ: 'ਓਹ ਦੁਨੀਆਂ ਦੇ ਬੰਦਿਓ ਪੂਜੋ, ਪੂਜੋ ਉਨ੍ਹਾਂ ਇਨਸਾਨਾਂ ਨੂੰ, ਵਾਰ ਗਏ ਜੋ ਦੇਸ਼ ਦੀ ਖਾਤਰ, ਪਿਆਰੀਆਂ ਪਿਆਰੀਆ ਜਾਨਾਂ ਨੂੰ।' ਵੈਰਾਗ ਭਰੀ ਅਵਾਜ਼ ਵਿਚ ਗਾਕੇ ਸੁਣਾਇਆ। ਨਿਊਯਾਰਕ ਤੋਂ ਸੁਰਿੰਦਰ ਸੋਹਲ ਨੇ ਅਜ਼ਾਦੀ ਦੇ ਪ੍ਰਵਾਨਿਆਂ ਨੂੰ ਸਲਾਮ ਕਰਦਿਆਂ ਇਸ ਸ਼ੇਅਰ ਨਾਲ ਸਾਂਝ ਪਾਈ: "ਸ਼ਹੀਦ ਹੋਣ ਦੀ ਇਨ੍ਹੀ ਕੁ ਹੀ ਸ਼ਨਾਖਤ ਹੈ। ਚਿਰਾਗ਼ ਬੁਝ ਗਿਆ ਹੈ, ਰੋਸ਼ਨੀ ਸਲਾਮਤ ਹੈ।"

ਕਨੈਡਾ ਤੋਂ ਖਾਸ ਤੌਰ ਤੇ ਸ਼ਿਰੱਕਤ ਕਰ ਰਹੇ 'ਇਕਬਾਲ ਬਰਾੜ' ਜਿਨ੍ਹਾਂ ਚੜ੍ਹਦੀ ਜਵਾਨੀ ਤੋਂ ਮੁਹੰਮਦ ਰਫੀ ਦੇ ਗੀਤਾਂ ਨੂੰ ਆਪਣੀ ਸੁਰੀਲੀ ਅਵਾਜ਼ ਵਿਚ ਰੱਜ ਕੇ ਗਾਇਆ ਹੈ ਨੇ 'ਮੁਹੰਮਦ ਰਫ਼ੀ' ਜੀ ਦੀ ਜੀਵਨ ਯਾਤਰਾ ਦੇ ਇਨ੍ਹਾਂ ਆਖਰੀ ਬੋਲਾਂ : 'ਤੇਰੇ ਆਨੇ ਕੀ ਆਸ ਹੈ ਦੋਸਤ, ਸ਼ਾਮ ਫਿਰ ਕਿਉਂ ਉਦਾਸ ਹੈ ਦੋਸਤ, ਮਹਿਕੀ ਮਹਿਕੀ ਫਿਜ਼ਾ ਕਹਿਤੀ ਹੈ, ਤੂੰ ਕਹੀਂ ਆਸ ਪਾਸ ਹੈ ਦੋਸਤ।' ਦੁਆਰਾ ਸ਼ਰਧਾਂਜਲੀ ਭੇਂਟ ਕੀਤੀ।ਅਗਲੇ ਭਾਗ ਵਿਚ ਪ੍ਰਵਾਸੀ ਪੰਜਾਬੀ ਕਹਾਣੀ ਦੇ ਵਿਧੀ ਵਿਧਾਨ ਬਾਰੇ ਗਲਬਾਤ ਦਾ ਚਰਚਾ ਸ਼ੁਰੂ ਹੋਇਆ। ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ ਪੰਜਾਬੀ ਵਿਭਾਗ ਦੇ ਪੀ ਐੱਚ ਡੀ ਰਿਸਰਚ ਸਕਾਲਰ ; ਸੁੱਖਪ੍ਰੀਤ ਸਿੰਘ ਸੰਧੂ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਪ੍ਰਵਾਸ ਦੀਆਂ ਕਠਿਨ ਪ੍ਰਸਥਿਤੀਆਂ ਵਿਚ ਵਿਚਰਦਿਆਂ ਪਰਵਾਸੀ ਲੇਖਕਾਂ ਦੁਆਰਾ ਸਾਹਿਤ ਵਿਚ ਪਾਏ ਜਾ ਰਹੇ ਯੋਗਦਾਨ ਅਤੇ ਕਹਾਣੀ ਵਰਕਸ਼ਾਪ ਪਰੰਪਰਾ ਦੀ ਭਰਪੂਰ ਸ਼ਲਾਘਾ ਕੀਤੀ । ਉਨ੍ਹਾਂ ਕਿਹਾ ਕਿ ਇਧਰਲੇ ਲੇਖਕਾਂ ਨੇ 'ਕਹਾਣੀ ਸਿਰਜਣਾ ਨੂੰ ਵਿਸ਼ੇ ਵਸਤੂ ਅਤੇ ਨਵੀਨਤਾ ਪੱਖੋਂ ਜੋ ਚੇਤਨਾ ਪ੍ਰਦਾਨ ਕੀਤੀ ਹੈ ਉਹ ਗੌਲਣ ਯੋਗ ਹੈ। ਵਿਧੀ ਵਿਧਾਨ ਬਾਰੇ ਗੱਲ ਕਰਦਿਆਂ ਉਨ੍ਹਾਂ ਦੋ ਕਹਾਣੀਆਂ 'ਚਾਨਣ'( ਹਰਜਿੰਦਰ ਪੰਧੇਰ) ਅਤੇ 'ਸ਼ੀਸ਼ੇ ਤੇ ਜੰਮੀ ਬਰਫ਼'( ਸੁਰਿੰਦਰ ਸੋਹਲ) ਨੂੰ ਚਰਚਾ ਦਾ ਵਿਸ਼ੇ ਬਣਾਇਆ।'

ਸਭਾ ਦੀ ਕਾਰਗੁਜ਼ਾਰੀ ਵਿੱਚ ਰੰਗ ਭਰਦਿਆਂ ਪੰਜਾਬੀ ਰੰਗ ਮੰਚ ਦੀ ਮਹਾਨ ਸਖ਼ਸੀਅਤ ਪਰਮਜੀਤ ਸਿੰਘ ਨੇ ਐਮਰਜੈਂਸੀ ਦੇ ਸੰਤਾਪ ਨੂੰ ਬਿਆਨਦੀਆਂ ਸੁਰਜੀਤ ਪਾਤਰ ਦੀਆਂ ਇਹ ਸਤਰਾਂ: ਕੁੰਡਾ ਜਿੰਦਾ ਮਾਰਕੇ ਬੂਹਾ ਢੋਇਆ ਸੀ, ਉੱਤੇ ਜੀ ਆਇਆਂ ਲਿਖਿਆ ਹੋਇਆ ਸੀ, ਨਾਲ ਆਪਣਾ ਖੂਬਸੂਰਤ ਕਲਾਮ ਪੇਸ਼ ਕੀਤਾ। ਇਸ ਉਪਰੰਤ ਹਰਜੰਦਰ ਪੰਧੇਰ ਨੇ ; 'ਰਲ ਮਿਲ ਲੰਘਣਾ ਪਊ, ਮਾਰੂਥਲ ਕਰੋਨਾ ਦਾ। ਅੱਥਰਾ ਊਠ ਬਲੋਚਾਂ ਦਾ, ਅੱਧ ਵਾਟੇ ਹਾਰ ਰਿਹੈ।' ਸੁਣਾਉਂਦਿਆਂ ਆਪਣੀ ਹਾਜ਼ਰੀ ਲਵਾਈ। ਤਾਰਾ ਸਾਗਰ ਦੇ ਇਨ੍ਹਾਂ ਬੋਲਾਂ : 'ਚਿੰਤਾ ਨਾ ਕਰ ਔਖੇ ਪਲ ਤਾਂ ਲੰਘ ਹੀ ਜਾਣੇ ਨੇ, ਬੰਦੇ ਦਾ ਹੰਕਾਰ ਤਾਂ ਆਖਰ ਟੁੱਟ ਹੀ ਜਾਣੈ।' ਸਰੋਤਿਆਂ ਦੀ ਵਾਹ ਵਾਹ ਖੱਟੀ। ਚਰਨਜੀਤ ਸਿੰਘ ਸਾਹੀ ਨੇ; ' ਬਦਲੀ ਬਦਲੀ ਹੋਈ ਏ ਜ਼ਿੰਦਗੀ, ਤਨਹਾ ਤਨਹਾ ਹੋਈ ਏ ਜ਼ਿੰਦਗੀ।' ਕਵਿਤਾ ਸੁਣਾਈ। ਮਨਜੀਤ ਕੌਰ ਸੇਖੋਂ ਨੇ ਔਰਤ ਦੀ ਅਜ਼ਾਦੀ ਨੂੰ ਮੁਖ਼ਾਤਬ ਹੁੰਦਾ; 'ਮੈਨੂੰ ਅੰਬਰਾਂ 'ਚ ਉੱਚਾ ਉੱਚਾ ਉਡ ਲੈਣ ਦੇ, ਮੇਰੇ ਪੈਰਾਂ ਵਿਚ ਝਾਜਰਾਂ ਨਾ ਬੰਨ ਹਾਣੀਆਂ।' ਭਾਵਪੂਰਤ ਗੀਤ ਸੁਣਾਇਆ।

ਰੱਖੜ੍ਹੀ ਦੇ ਤਿਉਹਾਰ, ਭਰਾ ਦੇ ਪਿਆਰ ਵਿਚ ਮੁਗਧ ਹੋਈ ਭੈਣ ਦੀਆਂ ਦਿਲੀ ਭਾਵਨਾਵਾਂ ਨੂੰ ਪ੍ਰਗਟਾਉਂਦਾ ਇਹ ਗੀਤ; ' ਤਲੀ ਤੇ ਰੱਖੇ ਕੱਖ, ਹੋ ਜਾਏ ਲੱਖ, ਭੈਣ ਦੀ ਅੱਖ, ਵੀਰ ਜੇ ਆ ਜਾਵੇ।' ਤ੍ਰਿਪਤ ਸਿੰਘ ਭੱਟੀ ਨੇ ਪੇਸ਼ ਕੀਤਾ। ਹਰਨੇਕ ਸਿੰਘ ਨੇ ਇਕ ਮਿੰਨੀ ਕਹਾਣੀ 'ਸੁੱਖ' ਪੜ੍ਹ ਕੇ ਸੁਣਾਈ। ਡਾ. ਰਵੀ ਸ਼ੇਰ ਗਿੱਲ, ਡਾ. ਦਵਿੰਦਰ ਸੰਧੂ, ਡਾ. ਤੇਜਿੰਦਰਪਾਲ, ਜਸਵੰਤ ਸਿੰਘ ਸੈਦੋਕੇ ਅਤੇ ਤਰਸੇਮ ਸਿੰਘ ਘੁਮਣ ਨੇ ਫੋਨ ਤੇ ਹਾਜ਼ਰੀ ਲਵਾਈ। ਟਰਾਂਟੋ ਤੋਂ ਗੁਰਮੀਤ ਪਨਾਗ, ਅਤੇ ਇਕਬਾਲ ਬਰਾੜ ਸਭਾ ਦੇ ਆਨਰੇਰੀ ਮੈਂਬਰ ਬਣੇ । ਗੁਰਪ੍ਰੀਤ ਕੌਰ ਨੇ ਸਕੱਤਰ ਦੇ ਤੌਰ ਤੇ ਅੱਜ ਦੀ ਸਭਾ ਦਾ ਵਿਧੀਵੱਤ ਢੰਗ ਨਾਲ ਸੰਚਾਲਨ ਕੀਤਾ।

ਉਸ ਵਲੋਂ ਇਹ ਵੀ ਐਲਾਨ ਕੀਤਾ ਗਿਆ ਕਿ ਗੁਰਸ਼ਰਨ ਭਾਅ ਜੀ ਨੂੰ ਸਮਰਪਿਤ ਸਭਾ ਦੀ ਅਗਲੀ ਇਕੱਤ੍ਰਤਾ 'ਕੂਲ ਵਿਰਸਾ ਗਰੁਪ' ਦੇ ਸਹਿਯੋਗ ਨਾਲ ਸਤੰਬਰ ਦੇ ਮਹੀਨੇ ਹੋਵੇਗੀ। ਮਿਸਜ਼ ਰੇਨੂੰ ਸਿੰਘ ਜੀ ਨੇ ਸਭਾ ਦੀਆਂ ਪ੍ਰਾਪਤੀਆਂ ਪ੍ਰਤੀ ਆਪਣੇ ਦਿਲ ਦੇ ਵਲਵਲਿਆਂ ਨੂੰ ਪ੍ਰਗਟਉਂਦਾ ਇਹ ਸ਼ੇਅਰ ਸੁਣਾਇਆ ; 'ਕਾਮ ਕਰੋ ਐਸਾ ਕਿ ਪਹਿਚਾਨ ਬਨੇ, ਹਰ ਕਦਮ ਚਲੋ ਐਸਾ ਕਿ ਨਿਸ਼ਾਨ ਬਨੇ।' ਅੰਤ ਉਤੇ ਮਨਜੀਤ ਕੌਰ ਸੰਧੂ ਨੇ ਅੱਜ ਦੀ ਸਭਾ ਨਾਲ ਜੁੜੇ ਸਾਰੇ ਮੈਂਬਰਾਂ ਅਤੇ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਰੋਨਾ ਤੋਂ ਬਚਣ ਦੇ ਉਪਾਅ ਸੁਚੇਤ ਤੌਰ ਤੇ ਅਪਣਾਉਣ ਦਾ ਸੁਝਾਅ ਦਿਤਾ।

**ਰਿਪੋਰਟਰ: ਹਰਜਿੰਦਰ ਪੰਧੇਰ**
**(ਫੋਨ; 209- 610- 5055).**




**15 ਅਗਸਤ ਨੂੰ ਸਮਰਪਿਤ ਇਕ ਸਕੈੱਚ**

ਨਾਮ---ਅਨੰਤ ਸਿੰਘ ਧਾਲੀਵਾਲ
ਜਮਾਤ --ਚੋਥੀ -ਏ
ਸਕੂਲ---ਭਵਨ ਵਿਦਿਆਲਿਆ ਯੂਨੀਅਰ
ਸੈਕਟਰ 33 ਚੰਡੀਗੜ ।
ਮੋ --78374-90309
ਮਿਤੀ 11 -8 - 2020

# ਬੈਰੂਤ ਧਮਾਕੇ ਪਿੱਛੋਂ ਮਦਦ ਲਈ ਅੱਗੇ ਆਈ ਦੁਨੀਆ

**(ਸਫਾ 1 ਦੀ ਬਾਕੀ)**

ਭਿਆਨਕ ਧਮਾਕੇ ਵਿਚ 154 ਲੋਕਾਂ ਦੀ ਮੌਤ ਹੋ ਗਈ ਸੀ ਅਤੇ 5,000 ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋ ਗਏ ਸਨ। ਫਰਾਂਸ ਸਮੇਤ ਕਈ ਦੇਸ਼ਾਂ ਨੇ ਹੰਗਾਮੀ ਸਹਾਇਤਾ ਦੇ ਰੂਪ ਵਿਚ ਡਾਕਟਰਾਂ ਦੀ ਟੀਮ, ਮੈਡੀਕਲ ਯੰਤਰ ਅਤੇ ਖਾਧ ਸਮੱਗਰੀ ਲਿਬਨਾਨ ਭੇਜੀ ਹੈ। ਇਸ ਦੌਰਾਨ ਲਿਬਨਾਨ ਨਾਲ ਇਕਜੁੱਟਤਾ ਦਿਖਾਉਣ ਲਈ ਮੱਧ ਪੂਰਬ ਅਤੇ ਯੂਰਪ ਦੇ ਕਈ ਦੇਸ਼ਾਂ ਦੇ ਚੋਟੀ ਦੇ ਅਧਿਕਾਰੀਆਂ ਦਾ ਬੈਰੂਤ ਪੁੱਜਣਾ ਸ਼ੁਰੂ ਹੋ ਗਿਆ ਹੈ। ਯੂਰਪੀ ਕੌਂਸਲ ਦੇ ਪ੍ਰਧਾਨ ਦੇ ਇਲਾਵਾ ਅਰਬ ਲੀਗ ਦੇ ਮੁਖੀ ਅਹਿਮਦ ਅਬੁਲ ਘੇਈਤ ਵੀ ਇੱਥੇ ਪੁੱਜੇ ਹਨ। ਘੇਈਤ ਨੇ ਲਿਬਨਾਨੀ ਰਾਸ਼ਟਰਪਤੀ ਨਾਲ ਮੁਲਾਕਾਤ ਪਿੱਛੋਂ ਕਿਹਾ ਕਿ ਸਾਡਾ ਸੰਗਠਨ ਹਰ ਸੰਭਵ ਮਦਦ ਕਰੇਗਾ। ਅਸੀਂ ਧਮਾਕੇ ਦੀ ਜਾਂਚ ਵਿਚ ਵੀ ਸਹਿਯੋਗ ਲਈ ਤਿਆਰ ਹਾਂ। ਉਧਰ, ਪੂਰੇ ਲਿਬਨਾਨ ਵਿਚ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਹੋ ਰਹੇ ਹਨ। ਸਰਕਾਰੀ ਤੰਤਰ ਦੀ ਅਸਮਰੱਥਾ, ਮਾੜੇ ਪ੍ਰਬੰਧ ਅਤੇ ਚੌਤਰਫ਼ਾ ਭ੍ਰਿਸ਼ਟਾਚਾਰ ਨੂੰ ਲੈ ਕੇ ਲੋਕਾਂ ਵਿਚ ਭਾਰੀ ਗੁੱਸਾ ਹੈ।

ਪਿਛਲੇ ਛੇ ਸਾਲਾਂ ਵਿਚ ਲਿਬਨਾਨ ਦੇ ਕਸਟਮ, ਫ਼ੌਜ, ਸੁਰੱਖਿਆ ਏਜੰਸੀਆਂ ਅਤੇ ਨਿਆਪਾਲਿਕਾ ਦੇ ਅਧਿਕਾਰੀਆਂ ਨੇ ਘੱਟ ਤੋਂ ਘੱਟ 10 ਵਾਰ ਚਿਤਾਵਨੀ ਦਿੱਤੀ ਸੀ ਕਿ ਬੈਰੂਤ ਬੰਦਰਗਾਹ 'ਤੇ ਧਮਾਕਾਖੇਜ਼ ਰਸਾਇਣਾਂ ਦਾ ਜਖੀਰਾ ਬਿਨਾਂ ਕਿਸੇ ਸੁਰੱਖਿਆ ਇੰਤਜ਼ਾਮ ਦੇ ਰੱਖਿਆ ਹੋਇਆ ਹੈ। ਕੁਝ ਦਸਤਾਵੇਜ਼ਾਂ ਦੇ ਸਾਹਮਣੇ ਆਉਣ ਤੋਂ ਇਹ ਪਤਾ ਚਲਿਆ ਹੈ।

ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਸਿੰਗਾਪੁਰ ਦੀ ਭੌਂ ਪ੍ਰਯੋਗਸ਼ਾਲਾ ਦੇ ਸਹਿਯੋਗ ਨਾਲ ਬੈਰੂਤ ਧਮਾਕੇ ਦੀਆਂ ਹਾਈ ਰੈਜ਼ੋਲੂਸ਼ਨ ਤਸਵੀਰਾਂ ਜਾਰੀ ਕੀਤੀਆਂ ਹਨ। ਇਨ੍ਹਾਂ ਤੋਂ ਬੈਰੂਤ ਦੀ ਤਬਾਹੀ ਦਾ ਪੂਰਾ ਚਿੱਤਰ ਸਾਫ਼ ਹੋ ਜਾਂਦਾ ਹੈ। ਨਾਸਾ ਦੀ 'ਐਡਵਾਂਸ਼ਡ ਰੈਪਿਡ ਇਮੇਜਿੰਗ ਐਂਡ ਐਨਲਸਿਸ' ਟੀਮ ਨੇ ਉਪਗ੍ਰਿ ਤੋਂ ਪ੍ਰਰਾਪਤ ਡਾਟਾ ਰਾਹੀਂ ਨੁਕਸਾਨ ਦਾ ਆਂਕਲਨ ਕੀਤਾ ਹੈ। ਇਸ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਧਮਾਕੇ ਪਿੱਛੋਂ ਕਿਸ ਤਰ੍ਹਾਂ ਧਰਤੀ ਦੀ ਤਹਿ ਵਿਚ ਬਦਲਾਅ ਦੇਖਿਆ ਗਿਆ ਜੋਕਿ ਭੂਚਾਲ ਵਰਗੀ ਕਿਸੇ ਵੱਡੀ ਘਟਨਾ ਪਿੱਛੋਂ ਹੁੰਦਾ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੀਫੋਰਨੀਆ) ਦੇ ਪ੍ਰਧਾਨ ਸ੍ਰੀ ਕਰਮ ਸਿਘ ਬੰਗੜ ਦਾ ਸਵਰਗਵਾਸ



ਪਾਠਕਾਂ ਵਿਚ ਬੜੇ ਸ਼ੋਕ ਨਾਲ ਪੜ੍ਹਿਆ ਜਾਵੇਗਾ ਕਿ ਸ੍ਰੀ ਕਰਮ ਸਿੰਘ ਬੰਗੜ, ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ ਦਾ ਬੀਤੇ ਦਿਨੀ ਸਵੇਰੇ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਸਵਰਗਵਾਸ ਹੋ ਗਿਆ ਹੈ।

ਮੇਰੇ ਉਹ ਬੜੇ ਨਜ਼ਦੀਕੀ ਸਨ ਅਤੇ ਮੈਨੂੰ ਸੁਣ ਕੇ ਬਹੁਤ ਸਦਮਾ ਲੱਗਿਆ। ਉਹ ਬਹੁਤ ਸਿਆਣੇ ਵਿਅਕਤੀ ਸਨ, ਆਪਣੇ ਪਰਿਵਾਰ ਲਈ ਅਤੇ ਬਾਕੀ ਕਮਿਊਨਿਟੀ ਲਈ ਇਕ ਬਹਤ ਵਧੀਆ ਇਨਸਾਨ ਸਨ। ਉਹ ਹਰ ਇਕ ਦੀ ਮਦਦ ਬਿਨਾਂ ਕਿਸੇ ਭੇਦਭਾਵ ਦੇ ਕਰਦੇ ਸਨ।

ਪ੍ਰਮਾਤਮਾ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ ਅਤੇ ਮੈਂ ਉਹਨਾਂ ਦੇ ਪਰਿਵਾਰ ਦੇ ਨਾਲ ਹਰ ਸਮੇਂ ਖੜ੍ਹਾ ਰਹਾਂਗਾ।

ਅਸੀਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇ ਵੀ ਬਹੁਤ ਧੰਨਵਾਦੀ ਹਾਂ ਜੋ ਕਿ ਕਮਿਊਨਿਟੀ ਦੀ ਔਖੇ ਸਮੇਂ (ਕਰੋਨਾ ਵਾਇਰਸ) ਵਿਚ ਮਦਦ ਕਰ ਰਹੇ ਹਨ।

**ਕੇਵਲ ਕ੍ਰਿਸ਼ਨ ਬੋਲੀਨਾ**
**ਵਾਸਤੇ ਅਮੈਰਿਕਨ ਸੀਨੀਅਰ ਗਰੁੱਪ ਸੈਕਰਾਮੈਂਟੋ (ਕੈਲੇਫੋਰਨੀਆ)**

# ਪਰਕਸ ਵੱਲੋਂ ਪ੍ਰਿੰਸੀਪਲ ਸੇਵਾ ਸਿੰਘ ਕੌੜਾ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ–** ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਿਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਵੱਲੋਂ ਪ੍ਰਿੰਸੀਪਲ ਸੇਵਾ ਸਿੰਘ ਕੌੜਾ ਦੇ ਅਕਾਲ



ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੀਤ ਪ੍ਰਧਾਨ ਡਾ. ਬ੍ਰਹਮਜਗਦੀਸ਼ ਸਿੰਘ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ, ਸਕੱਤਰ ਗੁਰਮੀਤ ਪਲਾਹੀ ਤੇ ਸੁਸਾਇਟੀ ਦੇ ਮੈਂਬਰਾਨ ਵੱਲੋਂ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਹ 83 ਸਾਲ ਦੇ ਸਨ ਤੇ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ। ਉਨ੍ਹਾਂ ਅੱਜ ਸਵੇਰੇ 11-30 ਵਜ੍ਹੇ ਆਪਣੀ ਰਿਹਾਇਸ਼ ਖਿਲਚੀਆਂ ਵਿੱਚ ਅੰਤਿਮ ਸਵਾਸ ਲਏ। ਉਹ ਬਹੁਤ ਹੀ ਮਿਲਾਪੜੇ ਸੁਭਾ ਦੇ ਮਾਲਕ ਸਨ। ਉਨ੍ਹਾਂ ਬਹੁਤ ਹੀ ਖੋਜ ਭਰਪੂਰ ਪੁਸਤਕਾਂ ਜਿਵੇਂ ਗੁਰੂ ਤੇਗ ਬਹਾਦਰ ਸਾਹਿਬ (ਸਖਸ਼ੀਅਤ, ਸਫ਼ਰ, ਸੰਦੇਸ਼ ਤੇ ਸ਼ਹਾਦਤ), ਸ੍ਰੀ ਗੁਰੂ ਗੋਬਿੰਦ ਸਿੰਘ (ਸਖਸ਼ੀਅਤ, ਸਫਰ ਤੇ ਸੰਦੇਸ਼), ਸਾਂਝੀ ਵਿਰਾਸਤ, ਵਿਰਸਾ ਵਿਸਰ ਰਿਹਾ, ਨਾਵਾਂ ਦਾ ਨਿਕਾਸ, ਵਿਸਰ ਰਹੇ ਪੰਜਾਬੀ ਅਖਾਣ ਆਦਿ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਉਹ ਭਾਵੇਂ ਅੱਜ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੁਆਰਾ ਪੰਜਾਬੀ ਸਾਹਿਤ ਲਈ ਪਾਏ ਵੱਡਮੂਲੇ ਯੋਗਦਾਨ ਤੇ ਮਾਂ ਬੋਲੀ ਪੰਜਾਬੀ ਨੂੰ ਵੱਡਮੁੱਲੀ ਦੇਣ ਕਰਕੇ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com



## BERKSHIRE HATHAWAY Home Services



**Shangara Ram** ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ
ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ

7412 Elsie Ave., Sacramento, CA 95828

# ਪੰਜਾਬ ਪ੍ਰੋਡਕਸ਼ਨਜ਼ ਤੇ ਪੰਜਾਬੀ ਮੀਡੀਆ ਯੂਐਸਏ ਵੱਲੋਂ ਇੰਟਰਨੈਸ਼ਨਲ 'ਦਸਤਾਰ ਮੁਕਾਬਲਾ' ਕਰਵਾਇਆ ਗਿਆ

**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਦੁਨੀਆ ਭਰ ਵਿੱਚ ਦਸਤਾਰ ਪ੍ਰਤੀ ਨੌਜਵਾਨਾਂ ਵਿਚ ਰੁਝਾਨ ਵਧਾਓਣ ਲਈ ਤੇ ਦਸਤਾਰਧਾਰੀ ਨੋਜਵਾਨਾ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਪ੍ਰੋਡਕਸਨਜ਼ ਤੇ ਪੰਜਾਬੀ ਮੀਡੀਆ. ਯੂ.ਐਸ. ਏ ਵੱਲੋਂ ਆਨਲਾਈਨ ਇੰਟਰਨੈਸ਼ਨਲ 'ਦਸਤਾਰ ਮੁਕਾਬਲਾ' ਕਰਵਾਇਆ ਗਿਆ। ਇਹ ਮੁਕਾਬਲਾ ਪੂਰਾ ਇਕ ਮਹੀਨਾ ਪੰਜਾਬੀ ਮੀਡੀਆ ਯੂ.ਐਸ.ਏ. ਦੇ ਯੂ-ਟਿਊਬ ਚੈਨਲ ਤੇ ਚੱਲਿਆ।

ਜਿਸ ਉਪਰੰਤ ਪੰਜਾਬ ਪ੍ਰੋਡਕਸਨਜ਼ ਤੇ ਪੰਜਾਬੀ ਮੀਡੀਆ ਯੂ.ਐਸ.ਏ. ਦੀ ਟੀਮ ਵੱਲੋਂ ਗੁਰਦਵਾਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ ਵਿਖੇ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰਨ ਉਪਰੰਤ ਨਤੀਜੇ ਐਲਾਨੇ ਗਏ।

ਸ਼ੁਰੂਆਤ ਚ' ਗੁਰੂਘਰ ਦੇ ਸੇਵਾਦਾਰ ਸੀਤਲ ਸਿੰਘ ਨਿੱਜਰ ਨੇ ਮੁਕਾਬਲਾ ਕਰਾਉਣ ਵਾਲੀਆ ਸੰਸਥਾਵਾਂ ਨੂੰ ਸ਼ੁਭ ਕਾਮਨਾਮਾ ਦਿੱਤੀਆਂ ਅਤੇ ਇਸ ਚੰਗੇ ਕਰਮ ਕਰਨ ਤੇ ਧੰਨਵਾਦ ਕੀਤਾ। ਪੰਜਾਬ ਪ੍ਰੋਡਕਸਨਜ਼ ਤੇ ਪੰਜਾਬੀ ਮੀਡੀਆ ਯੂ. ਐਸ.



ਏ. ਦੀ ਟੀਮ ਵੱਲੋਂ ਦਲਜੀਤ ਸਿੰਘ ਢੰਡਾ ਅਤੇ ਜਗਦੇਵ ਸਿੰਘ ਭੰਡਾਲ ਵੱਲੋਂ ਮੁਕਾਬਲਾ ਕਰਵਾਉਣ ਵਾਲੀ ਪੂਰੀ ਟੀਮ, ਮੁਕਾਬਲੇ ਵਿੱਚ ਭਾਗ ਲੈਣ ਵਾਲੇ ਨੌਜਵਾਨਾਂ ਅਤੇ ਉਹਨਾਂ ਦੇ ਮਾਤਾ ਪਿਤਾ ਦਾ ਧੰਨਵਾਦ ਕੀਤਾ।

ਉਪਰੰਤ ਦਸਤਾਰ ਕੋਚ ਸਿਮਰਜੀਤ ਸਿੰਘ ਨੇ ਪਹਿਲੇ ਪੰਜ ਜੇਤੂਆਂ ਦੇ ਨਾਵਾਂ ਦਾ ਐਲਾਨ ਕੀਤਾ। ਮੁਕਬਲੇ 'ਚ ਜਸਕਰਨਦੀਪ ਸਿੰਘ ਨੇ ਪਹਿਲਾ, ਸਰਬਜੀਤ ਸਿੰਘ ਨੇ ਦੂਜਾ, ਮਨਜਿੰਦਰ ਸਿੰਘ ਨੇ ਤੀਜਾ, ਹਰਵੀਰ ਸਿੰਘ ਨੇ ਚੌਥਾ ਅਤੇ ਸਮਰਜੀਤ ਸਿੰਘ ਨੇ ਪੰਜਵਾਂ ਸਥਾਨ ਪ੍ਰਾਪਤ ਕੀਤਾ। ਜੇਤੂਆ ਨੂੰ ਪਹਿਲਾ ਇਨਾਮ $500, ਦੂਜਾ $400, ਤੀਜਾ $300, ਚੌਥਾ $200, ਪੰਜਵਾਂ $100 ਦਿੱਤਾ ਜਾਵੇਗਾ। ਮੁਕਾਬਲੇ ਦੇ ਨਤੀਜਿਆਂ ਦਾ ਐਲਾਨ ਕਰਨ ਵੇਲੇ ਦਲਜੀਤ ਸਿੰਘ ਢੰਡਾ, ਜਤਿੰਦਰ ਸੋਨੂੰ ਹੁੰਦਲ, ਗੁਰਪਿੰਦਰ ਤੁੰਗ, ਜਗਦੇਵ ਸਿੰਘ ਭੰਡਾਲ, ਸਰਪੰਚ ਗੁਰਦੇਵ ਸਿੰਘ ਹੁੰਦਲ, ਟੀ ਜੇ ਹੁੰਦਲ, ਸਿਮਰਜੀਤ ਸਿੰਘ , ਹਰਮਨਜੋਤ ਸਿੰਘ, ਹਰਪ ਗਿੱਲ, ਹਰਵੀ ਕਾਹਲੋਂ ਤੇ ਸੀਤਲ ਸਿੰਘ ਨਿੱਜਰ ਆਦਿ ਹਾਜਿਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਉੱਚਾ ਸੁੱਚਾ ਜੀਵਨ ਜਿਉਣ ਦੀ ਜਾਚ ਦਸਦੇ ਹਨ-ਸ੍ਰ: ਢੀਂਡਸਾ

**ਲੁਧਿਆਣਾ-** ਸੰਤ ਬਾਬਾ ਗੁਰਮੇਲ ਸਿੰਘ ਜੀ ਲਲਤੋਂਕਲਾਂ ਮਾਣਕਵਾਲ ਵਾਲਿਆਂ ਵੱਲੋਂ ਕਰਵਾਏ ਗਏ ਸਮਾਗਮ ਵਿੱਚ ਸਰਦਾਰ ਸੁਖਦੇਵ ਸਿੰਘ ਢੀਂਡਸਾ ਮੈਂਬਰ ਰਾਜ ਸਭਾ ਉਚੇਚੇ ਤੌਰ 'ਤੇ ਹਾਜਰ ਹੋਏ।ਇਸ ਮੋਕੇ ਸਰਦਾਰ ਸੁਖਦੇਵ ਸਿੰਘ ਢੀਂਡਸਾ ਨੇ ਸੰਗਤਾਂ ਵਿਚ ਹਾਜ਼ਰੀ ਭਰਦਿਆਂ ਕਿਹਾ ਕਿ ਅੱਜ ਲੋੜ ਹੈ ਅਸੀਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਅਮਲੀ ਜੀਵਨ ਵਿੱਚ ਅਪਣਾਈਏ ਅਤੇ ਸਿੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਸੱਭ ਪਾਸੇ ਹਨੇਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਉੱਚਾ ਸੁੱਚਾ ਜੀਵਨ ਜਿਊਣ ਦੀ ਜਾਚ ਦਸਦੇ ਹਨ। ਪਿਛਲੇ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀਆਂ ਹੋਈਆਂ ਬੇਅਦਬੀਆਂ ਤੇ ਪਸ਼ਚਾਤਾਪ ਕਰਨ ਲਈ ਸੰਗਤਾਂ ਨੂੰ ਕਿਹਾ ਅਤੇ ਸਿੱਖ ਸੰਗਤਾਂ ਨੂੰ ਇਸ ਪ੍ਰਤੀ ਸੁਚੇਤ ਹੋਣ ਦਾ ਸੱਦਾ ਦਿੱਤਾ ਤਾਂ ਜੋ ਇਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਈ ਜਾ ਸਕੇ। ਉਨ੍ਹਾਂ ਕਿਹਾ ਕਿ ਅਸੀਂ ਸੰਗਤਾਂ ਦੇ ਸਹਿਯੋਗ ਦੇ ਨਾਲ ਸਿੱਖ ਸੰਸਥਾਵਾਂ ਦੇ ਮਾਣ ਸਨਮਾਨ ਨੂੰ ਬਣਾਏ ਰੱਖਣ ਲਈ ਅਤੇ





ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਕਰਨ ਵਾਲੇ ਦੋਸ਼ੀਆਂ ਨੂੰ ਸੰਗਤਾਂ ਦੀ ਕਚਹਿਰੀ ਵਿੱਚ ਨਸ਼ਰ ਕਰਨ ਲਈ ਤੁਰੇ ਹਾਂ ਅਤੇ ਆਪ ਜੀ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਦਾ ਹੈ। ਇਸ ਮੌਕੇ ਬਾਬਾ ਗੁਰਮੇਲ ਸਿੰਘ ਲਲਤੋਂ ਮਾਣਕਵਾਲ ਵਾਲਿਆਂ ਨੇ ਸਰਦਾਰ ਸੁਖਦੇਵ ਸਿੰਘ ਢੀਂਡਸਾ ਜੀ ਨੂੰ ਇਸ ਕਾਰਜ ਵਿੱਚ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਇਸ ਮੌਕੇ ਸਿੰਘ ਸਾਹਿਬ ਜੱਥੇਦਾਰ ਰਣਜੀਤ ਸਿੰਘ ਜੀ, ਸਰਦਾਰ ਰਣਜੀਤ ਸਿੰਘ ਜੀ ਤਲਵੰਡੀ, ਸਰਦਾਰ ਮਾਨ ਸਿੰਘ ਗਰਚਾ, ਸਰਦਾਰ ਜਗਦੀਸ਼ ਸਿੰਘ ਗਰਚਾ, ਭਾਈ ਪਰਮਜੀਤ ਸਿੰਘ ਖਾਲਸਾ, ਭਾਈ ਮੇਜਰ ਸਿੰਘ ਖਾਲਸਾ, ਭਾਈ ਸੁਖਵੰਤ ਸਿੰਘ, ਭਾਈ ਕਰਮਜੀਤ ਸਿੰਘ ਆਰਕੀਟੈਕਟ, ਭਾਈ ਹਰਪ੍ਰੀਤ ਸਿੰਘ ਗੁਰਮ, ਭਾਈ ਕੁਲਵਿੰਦਰ ਸਿੰਘ ਮਾਣਕਵਾਲ, ਸਰਪੰਚ ਟਹਿਲ ਸਿੰਘ, ਸ੍ਰ: ਪ੍ਰਿਤਪਾਲ ਸਿੰਘ, ਭਾਈ ਅਰਸ਼ਦੀਪ ਸਿੰਘ, ਸੂਬੇਦਾਰ ਰਣਜੀਤ ਸਿੰਘ, ਸੂਬੇਦਾਰ ਰਣਜੀਤ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਵੀਰ ਸਿੰਘ ਡੇਹਲੋਂ, ਭਾਈ ਜਸਵਿੰਦਰ ਸਿੰਘ ਬੱਗਾ, ਸਰਪੰਚ ਧਰਮ ਸਿੰਘ, ਭਾਈ ਗੁਰਪ੍ਰੀਤ ਸਿੰਘ ਪ੍ਰਤਾਪਪੁਰਾ, ਭਾਈ ਮਨਜੀਤ ਸਿੰਘ, ਭਾਈ ਪਰਮਪਾਲ ਸਿੰਘ, ਭਾਈ ਜਸਵਿੰਦਰ ਸਿੰਘ ਨੇ ਵੀ ਸਮਾਗਮ ਵਿੱਚ ਹਾਜ਼ਰੀ ਭਰੀ।

# ਐਸ ਸੀ/ਬੀ ਸੀ, ਅਧਿਆਪਕ ਯੂਨੀਅਨ ਜਿਲਾ ਇਕਾਈ ਮੋਗਾ ਦਾ ਵਫਦ ਡੀ ਈ ਉ (ਐਲੀ) ਮੋਗਾ ਨੂੰ ਮਿਲਿਆ

**ਮੋਗਾ-** ਐਸ ਸੀ ਬੀ ਸੀ ਅਧਿਆਪਕ ਯੂਨੀਅਨ ਦਾ ਵਫਦ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਜਨਰਲ ਸਕੱਤਰ ਵੀਰ ਸਿੰਘ ਦੀ ਅਗਵਾਈ ਹੇਠ ਅਧਿਆਪਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾ ਸਬੰਧੀ ਜਿਲਾ ਸਿੱਖਿਆ ਅਫਸਰ ਐਲੀਮੈਂਟਰੀ ਜਸਵਿੰਦਰ ਕੌਰ ਗਰੇਵਾਲ ਜੀ ਨੂੰ ਮਿਲਿਆ, ਮੀਟਿੰਗ ਚ ਆਗੂਆਂ ਵੱਲੋਂ ਪਿਛਲੇ ਦਿਨੀਂ ਈ ਟੀ ਟੀ ਤੋਂ ਹੈਡ ਟੀਚਰ ਦੀਆਂ ਤਰੱਕੀਆਂ ਚ ਰੋਸਟਰ ਨੁਕਤਿਆਂ ਦੀ ਪਾਲਣਾ ਨਾ ਕਰਕੇ, ਸੰਵਿਧਾਨਕ ਹੱਕਾਂ ਨੂੰ ਅੱਖੋਂ ਪਰੋਖੇ ਕਰਕੇ ਕੀਤੀਆਂ ਗਈਆਂ ਪਰਮੋਸ਼ਨਾ ਸਬੰਧੀ ਵਿਚਾਰ ਚਰਚਾ ਕੀਤੀ ਗਈ, ਜਿਸ ਤਹਿਤ ਡੀ ਈ ਉ ਐਲੀਮੈਂਟਰੀ ਨੇ ਜਿਲਾ ਭਲਾਈ ਵਿਭਾਗ ਦੀਆ ਹਦਾਇਤਾਂ ਅਨੁਸਾਰ ਸਾਰੇ ਮਸਲੇ ਦੀ ਪੜਤਾਲ ਕਰਕੇ ਪੀੜਤ ਅਧਿਆਪਕਾਂ ਨੂੰ ਇਨਸਾਫ ਦੇਣ ਬਾਰੇ ਭਰੋਸਾ ਦਿੱਤਾ । ਇਸ ਤੋਂ ਇਲਾਵਾ ਜਥੇਬੰਦੀ ਵੱਲੋ ਅਧਿਆਪਕਾਂ ਦੀਆਂ ਸਰਵਿਸ ਬੁੱਕ ਪੂਰੀਆਂ ਕਰਨ ਸਬੰਧੀ, ਜੀ ਪੀ ਐਫ ਦੀਆਂ ਸਲਿੱਪਾਂ ਜਾਰੀ ਕਰਨ , ਏ ਸੀ ਆਰ ਸਬੰਧੀ ,ਇਨਕਮ





ਟੈਕਸ ਦੇ ਫਾਰਮ ਸਮੇਂ ਸਿਰ ਜਾਰੀ ਕਰਨ ਸਬੰਧੀ ਤੇ ਆ ਰਹੇ ਨੋਟਿਸਾ ਸਬੰਧੀ, ਜਿਲਾ ਪ੍ਰੀਸ਼ਦ ਦੇ ਪੈਂਡਿੰਗ ਬਕਾਇਆ ਸਬੰਧੀ, ਉਚੇਰੀ ਵਿੱਦਿਆ ਦੀ ਪਰੀਖਿਆ ਮੰਨਜੂਰੀ ਸਬੰਧੀ, ਮੈਡੀਕਲ ਬਿੱਲਾਂ ਦੀ ਅਦਾਇਗੀ ਸਬੰਧੀ,ਪੰਜਾਹ ਵਿਦਿਆਰਥੀ ਤੋਂ ਵੱਧ ਗਿਣਤੀ ਵਾਲੇ ਸਕੂਲਾਂ ਚ ਹੈਡ ਟੀਚਰ ਦੀ ਪੋਸਟ ਦੇਣ ਸਬੰਧੀ, ਈ ਜੀ ਐਸ, ਐਸ ਟੀ ਆਰ ਵਲੰਟੀਅਰ ਅਧਿਆਪਕਾਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ ਤੇ ਹੱਲ ਕਰਨ ਸਬੰਧੀ ਵਿਚਾਰ ਚਰਚਾ ਕੀਤੀ ਗਈ। ਜਿਲਾ ਸਿੱਖਿਆ ਅਫਸਰ ਵੱਲੋ ਸਾਰੇ ਏਜੰਡੇ ਨੂੰ ਧਿਆਨ ਪੂਰਵਕ ਵਿਚਾਰ ਦੇ ਹੋਏ ਜਥੇਬੰਦੀ ਨੂੰ ਵਿਸਵਾਸ ਦਿਵਾਇਆ ਕਿ ਲੋਕਲ ਸਮੱਸਿਆਵਾਂ ਜਲਦੀ ਹੱਲ ਕੀਤੀਆਂ ਜਾਣਗੀਆਂ ਤੇ , ਬਾਕੀ ਮੁੱਦੇ ਉੱਚ ਅਧਿਕਾਰੀਆਂ ਨੂੰ ਭੇਜ ਦਿੱਤੇ ਜਾਣਗੇ।

ਇਸ ਸਮੇਂ ਹੋਰਨਾਂ ਤੋਂ ਇਲਾਵਾ ਸਟੇਟ ਕਮੇਟੀ ਮੈਂਬਰ ਵਿਜੈ ਕੁਮਾਰ ਹਰਜਿੰਦਰ ਸਿੰਘ ਪੁਰਾਣੇ ਵਾਲਾ , ਬਲਜਿੰਦਰ ਸਿੰਘ ਧਾਲੀਵਾਲ ਹਰਵਿੰਦਰ ਮਾਰਸ਼ਲ, ਹੈਪੀ ਸਿੰਘ, ਗੁਰਚਰਨ ਸਿੰਘ ਫੌਜੀ, ਲਖਵੀਰ ਸਿੰਘ ਡਾਲਾ, ਸੰਦੀਪ ਸਿੰਘ ਮਚਾਕੀ, ਕੁਲਦੀਪ ਸਿੰਘ ਦਾਤੇਵਾਲ, ਪਰਮਜੀਤ ਸਿੰਘ, ਹਰਵਿੰਦਰ ਕੁਮਾਰ, ਇੰਦਰਪਾਲ ਸਿੰਘ, ਹਾਜਿਰ ਸਨ ।

# ਪੇਕੇ ਘਰ ਦੀ ਸ਼ਾਨ ਹੁੰਦੀ ਹੈ ਭਾਬੀ



ਰੇਨੂ ਕੌਸ਼ਲ
(ਸਟੇਟ ਅਵਾਰਡੀ)
91-98768-77607

ਹੰਸਾਂ ਨੇ ਤਾਂ ਮੋਤੀ ਚੁਗਣੇ,ਹਿਰਨਾਂ ਬਾਗੀਂ ਚਰਨਾਂ.....
ਨੀ ਨਣਦੇ ਭਾਬੀ ਬਿਨਾਂ,ਭਾਬੀ ਬਿਨਾਂ ਨੀ ਸਰਨਾ....

ਇਕ ਛੋਟੀ ਜਿਹੀ ਬੋਲੀ ਹੀ ਭਾਬੀ ਦੀ ਮਹੱਤਤਾ ਨੂੰ ਦਰਸਾ ਰਹੀ ਹੈ।ਆਮ ਧਾਰਨਾ ਹੈ ਕਿ ਮਾਪਿਆਂ ਨਾਲ ਹੀ ਪੇਕਾ ਘਰ ਹੱਸਦਾ ਵਸਦਾ ਹੈ ਤੇ ਮਾਂ ਬਾਪ ਨਾਲ ਹੀ ਪੇਕੇ ,ਪੇਕੇ ਸਮਝੇ ਜਾਂਦੇ ਹਨ ਪ੍ਰੰਤੂ ਇਸ ਗਲ ਵਿਚ ਬਹੁਤਾ ਦਮ ਨਹੀਂ ਹੈ।ਗੌਰ ਨਾਲ ਝਾਤ ਮਾਰੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਜਦੋਂ ਧੀ ਵਿਆਹੀ ਜਾਂਦੀ ਹੈ ਤੇ ਘਰ ਵਿਚ ਇਕ ਨੂੰਹ ਆਉਂਦੀ ਹੈ,ਉਦੋਂ ਤੋਂ ਹੀ ਉਹ ਘਰ ਦੀ ਰਾਣੀ ਬਣ ਜਾਂਦੀ ਹੈ। ਘਰ ਦੇ ਨਿੱਕ- ਸੁੱਕ ਕੰਮਾਂ ਤੋਂ ਲੈ ਕੇ ਵੱਡੇ ਤੋਂ ਵੱਡੇ ਫ਼ੈਸਲੇ ਉਸਦੀ ਸਾਂਝ ਨਾਲ ਨਿਬੜਦੇ ਹਨ।ਘਰ ਦੀ ਦੇਖ ਰੇਖ ਤੋਂ ਲੈ ਕੇ ਸਿਆਣਿਆਂ ਤੇ ਬੱਚਿਆਂ ਦੀ ਹਰ ਲੋੜ ਨੂੰ ਪੂਰਾ ਕਰਨ ਲਈ ਸਵੇਰ ਤੋਂ ਸ਼ਾਮ ਤਕ ਉਹ ਨੱਠਦੀ-ਭੱਜਦੀ ਹੈ ਤੇ ਘਰ ਨੂੰ ਸਵਰਗ ਜਿਹਾ ਬਣਾਉਂਦੀ ਹੈ।

ਹੁਣ ਪ੍ਰਸ਼ਨ ਇਹ ਉੱਠਦਾ ਹੈ ਕਿ ਪੇਕੇ ਘਰ ਨੂੰ ਸੰਭਾਲਣ ਵਾਲੀ ਇਸ ਭਾਬੀ ਨਾਲ ਵੀ ਕਿਉਂ ਨਹੀਂ ਸਮਝੇ ਜਾਂਦੇ ਪੇਕੇ? ਰੱਬ ਹਰ ਬਜ਼ੁਰਗ ਮਾਂ-ਬਾਪ ਦੀ ਉਮਰ ਲੰਬੀ ਕਰੇ ।ਵੀਰ ਤੇ ਭਾਬੀ ਵਿਚ ਇਹਨਾਂ ਮਾਪਿਆਂ ਦੀ ਝਲਕ ਦੇਖਦੇ ਰਹਿਣਾ ਹੀ ਸਿਆਣਪ ਹੁੰਦੀ ਹੈ।ਹਰ ਧੀ ਨੂੰ ਆਪਣੇ ਪਿਆਰ ਤੇ ਸਮਝ ਦੀਆਂ ਸਾਂਝਾ ਨਾਲ ਭਰਾ-ਭਰਜਾਈ ਦੇ ਮਨ ਵਿਚ ਆਪਣੀ ਜਗ੍ਹਾ ਬਣਾ ਲੈਣੀ ਚਾਹੀਦੀ ਹੈ। ਭਾਬੀਆਂ ਉੱਤੇ ਭਰਾਵਾਂ ਨੂੰ ਸਿਖਾਉਣ-ਪੜ੍ਹਾਉਣ ਦੇ ਦੋਸ਼ ਲਾਏ ਜਾਂਦੇ ਹਨ ਪਰ ਕਿਉਂ ਨਾ ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਭੈਣ ਦੇ ਅਸਲੀ ਸੁਭਾਅ ਨੂੰ ਜਾਣਦਿਆਂ ਵੀਰ ਆਪ ਮੁਹਾਰੇ ਹੀ ਓਹਨਾਂ ਨੂੰ ਬਣਦਾ ਮਾਣ-ਸਤਿਕਾਰ ਦੇਣ। ਵਿਆਹੀਆਂ ਧੀਆਂ ਵਲੋਂ ਮੰਗਣ ਤੇ ਹੀ ਸਲਾਹ ਮਸ਼ਵਰਾ ਦਿੱਤਾ ਜਾਣਾ ਚਾਹੀਦਾ ਹੈ।ਪੇਕੇ ਘਰ ਦੇ ਫੈਸਲਿਆਂ ਵਿੱਚ ਬਹੁਤੀ ਦਖ਼ਲ ਅੰਦਾਜ਼ੀ ਕਈ ਵਾਰ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦਿੰਦੀ ਹੈ।ਜੇ ਕਿਤੇ ਮਾਪਿਆਂ ਵਲੋਂ ਭਾਬੀ ਨਾਲ ਦੁਰ-ਵਿਵਹਾਰ ਕੀਤਾ ਜਾ ਰਿਹਾ ਹੋਵੇ ਤਾਂ ਸਿਆਣੀ ਨਨਾਣ ਆਪਣੀ ਦੂਰਦਰਸ਼ੀ ਸਮਝ ਨਾਲ ਮਾਪਿਆਂ ਨੂੰ ਨੂੰਹ ਦੀ ਅਹਿਮੀਅਤ ਦਸ ਕੇ ਸਹੀ ਸੇਧ ਦੇ ਕੇ ਭਾਬੀ ਦੇ ਮਨ ਵਿਚ ਆਪਣੀ ਖਾਸ ਜਗ੍ਹਾ ਬਣਾ ਸਕਦੀ ਹੈ। ਜੇ ਵੀਰ ਗਲਤੀ ਕਰੇ ਤਾਂ ਵੀ ਉਸ ਨੂੰ ਸਮਝਾਓ।ਇਨਸਾਨ ਗਲਤੀਆਂ ਦਾ ਪੁਤਲਾ ਹੈ।ਹਰ ਇਨਸਾਨ ਗਲਤੀ ਕਰ ਸਕਦਾ ਹੈ ਫਿਰ ਭਾਬੀ ਵੀ ਇਕ



ਇਨਸਾਨ ਹੈ।ਉਹ ਵੀ ਗਲਤੀ ਕਰ ਸਕਦੀ ਹੈ।ਉਸ ਨੂੰ ਮਾਫ ਕਰਨ ਦਾ ਮਾਦਾ ਰੱਖੋ।ਭਾਬੀ ਦੀਆਂ ਗਲਤੀਆਂ ਨੂੰ ਮੱਦੇਨਜ਼ਰ ਰੱਖ ਕੇ ਉਸ ਦੇ ਖਿਲਾਫ਼ ਭਰਾ ਦੇ ਕੰਨ ਭਰਨ ਦੀ ਕੋਸ਼ਿਸ਼ ਕਰੋਗੇ ਤਾਂ ਭਰਾ-ਭਾਬੀ , ਦੋਵਾਂ ਦੀਆਂ ਨਜ਼ਰਾਂ 'ਚ ਡਿੱਗ ਜਾਓਗੇ।ਭਾਬੀ ਦੀਆਂ ਖੁਸ਼ੀਆਂ ਦਾ ਖ਼ਿਆਲ ਰੱਖੋਗੇ ਤਾਂ ਭਰਾ ਵੱਧ-ਚੜ੍ਹ ਕੇ ਪਿਆਰ ਸਤਿਕਾਰ ਦੇਵੇਗਾ।ਇਕ ਓਹੀ ਔਰਤ ਹੈ ਜੋ ਘਰ ਦੇ ਸਿਆਣਿਆਂ ਦੀ ਸੇਵਾ ਕਰਦੀ ਹੈ ਤੇ ਉਹਨਾਂ ਬਜ਼ੁਰਗਾਂ ਨੂੰ ਸਾਂਭਦੀ-ਸੰਭਾਲਦੀ ਹੈ।ਤੁਸੀਂ ਹਰ ਵਕਤ ਆਪਣੇ ਮਾਪਿਆਂ ਕੋ਼ਲ ਓਹਨਾਂ ਦੀ ਦੇਖ-ਭਾਲ ਲਈ ਨਹੀਂ ਰਹਿ ਸਕਦੇ। ਗੱਲੀਂ-ਬਾਤੀਂ ਭਰਜਾਈ ਦਾ ਸ਼ੁਕਰਾਨਾ ਕਰਦੇ ਰਹੋ ਜੋ ਆਪਣੇ ਜੀ ਜਾਨ ਨਾਲ ਤੁਹਾਡੇ ਮਾ-ਪਿਆਂ ਦੀ ਫਿਕਰ ਕਰਦੀ ਹੈ।

ਪੇਕੇ ਜਾ ਕੇ ਰੋਹਬ ਪਾਉਣ ਦੀ ਬਜਾਇ ਭਾਬੀ ਨਾਲ ਘਰ ਤੇ ਰਸੋਈ ਦੇ ਕੰਮ-ਕਾਰ ਵਿਚ ਮਦਦ ਕਰੋ। ਕਹਿੰਦੇ ਹਨ ਭਰਜਾਈਆਂ ਤੋਂ ਪਾਣੀ ਮੰਗੋ ਤਾਂ ਦੁੱਧ ਦਿੰਦੀਆਂ ਹਨ।ਤੁਸੀਂ ਓਹਨਾਂ ਨੂੰ ਪਿਆਰ ਵੰਡੋਗੇ ਤਾਂ ਉਹ ਵਿਆਜ ਸਮੇਤ ਦੁੱਗਣਾ ਕਰ ਕੇ ਮੋੜਦੀਆਂ ਹਨ।ਉਸ ਨੂੰ ਪੇਕੇ ਘਰ ਦਾ ਤਾਜ ਬਣਾ ਕੇ ਰੱਖੋ।ਪੇਕੇ ਘਰ ਜਾਂਦੇ ਵੇਲੇ ਉਸ ਲਈ ਛੋਟੇ ਮੋਟੇ ਤੋਹਫ਼ੇ ਜ਼ਰੂਰ ਲੈ ਕੇ ਜਾਓ ਤੇ ਤਰੀਫ਼ ਦੇ ਦੋ ਮਿੱਠੜੇ ਬੋਲਾਂ ਨਾਲ ਉਸ ਨੂੰ ਖੁਸ਼ ਕਰਦੇ ਰਹੋ।ਭਾਬੀ ਹੀ ਹੈ ਜਿਸ ਨਾਲ ਪੇਕੇ ਘਰ ਦੇ ਦਰਵਾਜ਼ੇ ਤੁਹਾਡੇ ਲਈ ਹਮੇਸ਼ਾ ਖੁਲ੍ਹੇ ਰਹਿੰਦੇ ਹਨ।ਭਾਬੀ ਹੈ ਤਾਂ ਹੀ ਪੇਕਾ ਘਰ ਖੁਸ਼ਬੂ ਵੰਡਦੇ ਫੁੱਲਾਂ ਵਾਂਗ ਖਿੜਿਆ ਰਹਿੰਦਾ ਹੈ। ਉਸ ਨੂੰ ਹਮੇਸ਼ਾ ਮਾਂ ਵਾਲੀ ਇੱਜਤ ਤੇ ਸਹੇਲੀ ਜਿਹਾ ਪਿਆਰ ਦਿਓ।

ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਧੀ ਵੀ ਹਿ-ਸੇਦਾਰ ਹੈ ਮਾਪਿਆਂ ਦੀ ਜਾਇਦਾਦ ਵਿਚ ।ਫੈਸਲਾ ਬਹੁਤ ਵਧੀਆ ਹੈ ਪਰ ਇਕ ਵਾਰ ਇਹ ਵੀ ਸੋਚਣਾ ਬਣਦਾ ਹੈ ਕਿ ਜਦੋਂ ਮਰੀਜ਼ ਮਾਪਿਆਂ ਨੂੰ ਪੀ ਜੀ ਆਈ ਜਾਂ ਕਿਤੇ ਹਸਪਤਾਲ ਲਿਜਾਉਣਾ ਹੋਵੇ ਤਾਂ ਭਾਬੀ ਹੀ ਲੈ ਕੇ ਜਾਂਦੀ ਹੈ,ਇਸ ਲਈ ਭਾਬੀ ਹੱਥ ਹੀ ਰੱਖੋ ਘਰ ਦੀ ਚਾਬੀ।

# ਸਰਕਾਰ, ਵਿਦਿਆਰਥੀ ਅਤੇ ਸਿੱਖਿਆ ਸੰਸਥਾਵਾਂ ਵਿਚਕਾਰ ਬਿਹਤਰ ਤਾਲਮੇਲ ਲਈ ਜੈਕ ਵੱਲੋਂ ਨਵੀਂ ਕਮੇਟੀ ਦਾ ਐਲਾਨ

## ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਬਣੇ ਮੁੱਖ ਸਰਪ੍ਰਸਤ, ਆਰਨੀਅਜ਼ ਗਰੁੱਪ ਆਫ ਕਾਲਿਜ਼ਜ ਦੇ ਚੇਅਰਮੈਨ ਡਾ. ਅੰਸ਼ੂ ਕਟਾਰੀਆ ਨੂੰ ਸਹਿ ਚੇਅਰਮੈਨ ਕੀਤਾ ਨਿਯੁਕਤ

ਜੁਆਇੰਟ ਐਸੋਸੀਏਸ਼ਨ ਆਫ ਕਾਲੇਜਿਜ (ਜੈਕ) ਵੱਲੋਂ ਨਵੀਂ ਕਮੇਟੀ ਦਾ ਐਲਾਨ ਕਰਦਿਆਂ ਨਵੇਂ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਐਲਾਨ ਕੀਤਾ ਗਿਆ ਹੈ। ਇਹ ਐਲਾਨ ਵਿਦਿਆਰਥੀਆਂ, ਅਨਏਡਿਡ ਕਾਲਜਾਂ, ਪ੍ਰਬੰਧਕਾਂ ਅਤੇ ਸਰਕਾਰ ਵਿਚਾਲੇ ਬਿਹਤਰ ਤਾਲਮੇਲ ਕਾਇਮ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਹੈ। ਜੈਕ ਵੱਲੋਂ ਐਲਾਨੀ ਨਵੀਂ ਕਮੇਟੀ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੂੰ ਕਮੇਟੀ ਦੇ ਮੁੱਖ ਸਰਪ੍ਰਸਤ ਨਿਯੁਕਤ ਗਿਆ ਹੈ ਜਦਕਿ ਪੁੱਕਾ ਦੇ ਪ੍ਰਧਾਨ ਅਤੇ ਆਰੀਅਨਜ਼ ਗਰੁੱਪ ਦੇ ਚੇਅਰਮੈਨ, ਡਾ ਅੰਸ਼ੂ ਕਟਾਰੀਆ ਨੂੰ ਸਹਿ ਚੇਅਰਮੈਨ, ਨਰਸਿੰਗ ਕਾਲੇਜਾਂ ਐਸੋਸੀਏਸ਼ਨ ਦੇ ਚਰਨਜੀਤ ਸਿੰਘ ਵਾਲੀਆ ਨੂੰ ਪ੍ਰਧਾਨ ਅਤੇ ਸ. ਨਿਰਮਲ ਸਿੰਘ, ਈਟੀਟੀ ਫੈਡਰੇਸ਼ਨ ਨੂੰ ਬਤੌਰ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ।

ਸ. ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਸਿੱਖਿਆ ਖੇਤਰ ਵਿੱਚ ਦਰਪੇਸ਼ ਸੰਕਟ ਨੂੰ ਦੂਰ ਕਰਨ ਲਈ ਅਤੇ ਪੰਜਾਬ ਦੀਆਂ ਸੰਸਥਾਵਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਜੁਆਇੰਟ ਐਸੋਸੀਏਸ਼ਨ ਆਫ ਕਾਲੇਜਿਜ ਦਾ ਗਠਨ ਕੀਤਾ ਗਿਆ ਹੈ। ਡਾ. ਅੰਸ਼ੂ ਕਟਾਰੀਆ ਨੇ ਅੱਗੇ ਕਿਹਾ ਕਿ ਸਾਡੀ ਐਸੋਸੀਏਸ਼ਨ ਦਾ ਦ੍ਰਿਸ਼ਟੀਕੋਣ ਇਹ ਸੁਨਿਸ਼ਚਿਤ ਕਰਦਾ ਹੈ ਕਿ ਹਰੇਕ ਵਿਦਿਆਰਥੀ ਆਪਣੇ ਵਧੀਆ ਭਵਿੱਖ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਿਸ਼ਵਵਿਆਪੀ ਪੱਧਰ ਦੇ ਮਾਹੌਲ ਵਿੱਚ ਚੰਗੀ ਸਿੱਖਿਆ ਹਾਸਲ ਕਰ ਸਕੇ।



ਸ੍ਰੀ ਚਰਨਜੀਤ ਸਿੰਘ ਵਾਲੀਆ ਅਤੇ ਸਰਦਾਰ ਨਿਰਮਲ ਸਿੰਘ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਸੰਸਥਾਵਾਂ ਵਲੋ ਦਰਪੇਸ਼ ਮੁਸ਼ਕਲਾਂ ਨੂੰ ਵਿਦਿਆਰਥੀਆਂ, ਮਾਪਿਆਂ, ਸਟਾਫ, ਮੈਨੇਜਮੇਂਟ ਅਤੇ ਸਰਕਾਰ ਦਰਮਿਆਨ ਪਾੜੇ ਨੂੰ ਦੂਰ ਕਰਦਿਆਂ ਹੱਲ ਕਰਨ ਲਈ ਕੰਮ ਕਰਾਂਗੇ। ਜੈਕ ਦੇ ਹੋਰ ਮੈਂਬਰਾਂ ਨੂੰ ਵੀ ਸਰਬਸੰਮਤੀ ਨਾਲ ਨਿਯੁਕਤ ਕੀਤਾ ਗਿਆ। ਜਿਸ 'ਚ ਫੈਡਰੇਸ਼ਨ ਸਕੂਲ ਐਸੋਸੀਏਸ਼ਨਾਂ ਦੇ ਪ੍ਰਧਾਨ, ਸਰਦਾਰ ਜਗਜੀਤ ਸਿੰਘ ਨੂੰ ਪ੍ਰਧਾਨ, ਪੁਟੀਆ ਦੇ ਪ੍ਰਧਾਨ ਡਾ: ਗੁਰਮੀਤ ਸਿੰਘ ਧਾਲੀਵਾਲ ਚੇਅਰਮੈਨ, ਸ੍ਰੀ ਜਸਨਿਕ ਸਿੰਘ, ਬੀ.ਐਡ ਐਸੋਸੀਏਸ਼ਨ; ਸਤਵਿੰਦਰ ਸੰਧੂ, ਬੀ.ਐਡ ਐਸੋਸੀਏਸ਼ਨ ਜੀਐਨਡੀਯੂ ਕਾਲੇਜਾਂ ਅਤੇ ਸ੍ਰੀ ਵਿਪਨ ਸ਼ਰਮਾ, ਕਨਫੈਡਰੇਸ਼ਨ ਆਫ ਅਨਏਡਿਡ ਕਾਲੇਜ ਐਸੋਸੀਏਸ਼ਨ ਨੂੰ ਉਪ-ਪ੍ਰਧਾਨਾਂ ਵਜੋਂ; ਸਰਦਾਰ ਸੁਖਮੰਦਰ ਸਿੰਘ ਚੱਠਾ, ਪ੍ਰਧਾਨ, ਪੰਜਾਬ ਅਨਏਡਿਡ ਡਿਗਰੀ ਕਾਲੇਜਿਜ਼ ਐਸੋਸੀਏਸ਼ਨ (ਪੂਡਕਾ) ਨੂੰ ਜਨਰਲ ਸਕੱਤਰ, ਸ੍ਰੀ ਸ਼ੀਮਾਂਸ਼ੂ ਗੁਪਤਾ, ਆਈਟੀਆਈ ਐਸੋਸੀਏਸ਼ਨ ਨੂੰ ਵਿੱਤ ਸਕੱਤਰ ਅਤੇ ਸਰਦਾਰ ਰਾਜਿੰਦਰ ਧਨੋਆ, ਪੌਲੀਟੈਕਨਿਕ ਐਸੋਸੀਏਸ਼ਨ ਦੇ ਐਸੋਸੀਏਸ਼ਨ ਦੇ ਸਕੱਤਰ ਵਜੋਂ ਸ਼ਾਮਲ ਹੋਏ।

# ਰਾਮ ਬਾਗ਼ ਬਾਰੇ ਰਾਸ਼ਟਰਪਤੀ ਅਤੇ ਪੰਜਾਬ ਦੇ ਗਵਰਨਰ ਦਰਮਿਆਨ ਹੋਏ ਸਮਝੌਤੇ ਨੂੰ ਲਾਗੂ ਕਰਨ ਦੀ ਮੰਗ

**ਅੰਮ੍ਰਿਤਸਰ–** ਸਮਾਜਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ (ਰਜਿ.) ਨੇ ਇਤਿਹਾਸਕ ਰਾਮ ਬਾਗ ਬਾਰੇ ਭਾਰਤ ਦੇ ਰਾਸ਼ਟਰ-ਪਤੀ ਅਤੇ ਪੰਜਾਬ ਦੇ ਗਵਰਨਰ ਦਰਮਿਆਨ 4 ਦਸੰਬਰ 2018 ਨੂੰ ਹੋਏ ਸਮਝੋਤੇ ਨੂੰ 21 ਮਹੀਨੇ ਬੀਤ ਜਾਣ 'ਤੇ ਵੀ ਲਾਗੂ ਨਾ ਕਰਨ ਵਾਲੇ ਅਧਿਕਾਰੀਆਂ ਵਿਰੁਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ ।ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਪ੍ਰਧਾਨ ਸ. ਮਨਮੋਹਨ ਸਿੰਘ ਬਰਾੜ ਨੇ ਰਾਸ਼ਟਰ-ਪਤੀ ਸ੍ਰੀ ਰਾਮ ਨਾਥ ਕੋਵਿੰਦ , ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਪੰਹਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਥਾਨਕ ਸਰਕਾਰ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ, ਮੇਅਰ ਸ. ਕਰਮਜੀਤ ਸਿੰਘ ਰਿੰਟੂ, ਡਿਪਟੀ ਕਮਿਸ਼ਨਰ ਸ. ਗੁਰਪ੍ਰੀਤ ਸਿੰਘ ਖਹਿਰਾ ਤੇ ਹੋਰਨਾਂ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਇਸ ਬਾਗ ਵਿਚੋਂ ਮਹਾਰਾਜਾ ਰਣਜੀਤ ਸਿੰਘ ਵਲੋਂ ਉਸਾਰੀਆਂ ਇਮਾਰਤਾਂ ਨੂੰ ਛੱਡ ਕਿ ਬਾਕੀ ਉਸਾਰੀਆਂ ਜਿਨ੍ਹਾਂ ਵਿਚ ਨਗਰ ਨਿਗਮ ਦਾ ਐਸ.ਡੀ. ਓ. ਦਫ਼ਤਰ, ਖਾਣ ਪੀਣ ਵਾਲਾ ਖੋਖਾ, ਲਾਅਨ ਟੈਨਿਸ ਤੇ ਸਕੇਟਿੰਗ ਰਿੰਕ ਆਦਿ ਸ਼ਾਮਲ ਹਨ ਢਾਹੁਣੀਆਂ ਹਨ , ਜੋ ਨਹੀਂ ਢਾਈਆਂ ਗਈਆਂ। ਬਾਗ਼ ਅੰਦਰ ਸ਼ਰਾਬ ਦੀ ਵਰਤੋਂ ਕਰਨ ਅਤੇ ਹੋਰ ਵਪਾਰਕ ਕੰਮ ਕਰਨ ਦੀ ਮਨਾਹੀ ਕੀਤੀ ਗਈ ਹੈ ਜੋ ਅਜੇ ਵੀ ਜਾਰੀ ਹੈ।

ਸਮਝੌਤੇ ਵਿਚ ਬਾਗ਼ ਅੰਦਰ ਚਾਰ ਪਹੀਆ ਗੱਡੀਆਂ ਤੇ ਭਾਰੀ ਗੱਡੀਆਂ ਦੇ ਦਾਖ਼ਲੇ ਦੀ ਮਨਾਹੀ ਕੀਤੀ ਗਈ ਹੈ, ਜਿਸ ਦੀ ਵੀ ਪਾਲਣਾ ਨਹੀਂ ਹੋ ਰਹੀ। ਜਿੱਥੋਂ ਤੀਕ ਕਲੱਬਾਂ ਦੀ ਲੀਜ਼ ਦਾ ਸਬੰਧ ਹੈ, ਇਸ ਬਾਰੇ ਕਿਹਾ ਗਿਆ ਹੈ ਕਿ ਜੇ ਕਲੱਬਾਂ ਵਾਲੇ ਨਜਾਇਜ਼ ਉਸਾਰੀਆਂ ਢਾਹ ਦੇਂਦੇ ਹਨ ਤੇ ਸ਼ਰਾਬ ਦੀ ਵਰਤੋਂ ਨਹੀਂ ਕਰਦੇ ਤਾਂ ਇਨ੍ਹਾਂ ਦੀ ਲੀਜ਼ ਵੱਧ ਤੋਂ ਵੱਧ ਪੰਜ ਸਾਲ ਵਧਾਈ ਜਾਵੇਗੀ।ਇਸ ਸਮੇਂ ਦੌਰਾਨ ਨਗਰ ਨਿਗਮ ਕਲੱਬਾਂ ਨੂੰ ਪੜਾਅਵਾਰ ਇੱਥੋਂ ਕਿਸੇ ਹੋਰ ਢੁਕਵੀਂ ਜਗਾਹ ਜਿੱਥੇ ਉਹ ਠੀਕ ਸਮਝੇ ਤਬਦੀਲ ਕਰੇਗਾ ਤੇ ਸਮੁਚੇ ਸਮਾਰਕ ਦਾ ਕਬਜਾ ਚੰਗੇ ਪ੍ਰਬੰਧ ਲਈ ਪੁਰਾਤਿਤਵ ਵਿਭਾਗ ਨੂੰ ਦੇ ਦੇਵੇਗਾ।ਇਸ ਸਬੰਧੀ ਵੀ ਕੁਝ ਨਹੀਂ ਕੀਤਾ ਗਿਆ। ਰਾਮ ਬਾਗ ਮਹਾਰਾਜਾ ਰਣਜੀਤ ਸਿੰਘ ਵੱਲੋਂ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂ 'ਤੇ ਬਣਾਇਆ ਗਿਆ ਸੀ। ਇਸ 84 ਏਕੜ ਦੇ ਬਾਗ ਨੂੰ ਲਾਹੌਰ ਦੇ ਸ਼ਾਲਾਮਾਰ ਬਾਗ਼ ਦੇ ਪੈਟਰਨ 'ਤੇ ਉਸਾਰਿਆ ਗਿਆ। ਇਹ ਮਹਾਰਾਜਾ ਦੀ ਗਰਮੀਆਂ ਦੀ ਰਾਜਧਾਨੀ ਸੀ। ਇਸ ਬਾਗ ਵਿੱਚ ਹੀ ਪੈਨੋਰਮਾ ਹੈ ਤੇ ਸਮਰ ਪੈਲੇਸ ਹੈ ।ਇਹ ਬਾਗ ਦੁਨੀਆਂ ਭਰ ਵਿੱਚੋਂ ਆਉਣ ਵਾਲੇ ਯਾਤਰੂਆਂ ਦੇ ਲਈ ਖਿੱਚ ਦਾ ਕੇਂਦਰ ਬਣ ਸਕਦਾ ਹੈ ਅਤੇ ਯਾਤਰੂ ਇੱਥੇ ਅੱਧਾ ਦਿਨ ਬਤੀਤ ਕਰ ਸਕਦੇ ਹਨ। ।ਪ੍ਰੰਤੂ ਬੜੇ ਦੁੱਖ ਦੀ ਗੱਲ ਹੈ ਕਿ ਨਗਰ ਨਿਗਮ ਵੱਲੋਂ ਇਸ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ।ਸਮਾਰਟ ਪਾਰਕ ਦੀਆਂ ਹਦਾਇਤਾਂ ਅਨੁਸਾਰ ਇੱਕ ਏਕੜ ਰਕਬੇ ਵਾਸਤੇ 2 ਮਾਲੀ ਚਾਹੀਦੇ ਹਨ।ਇਸ ਤਰ੍ਹਾਂ 88 ਏਕੜ ਦੇ ਰਾਮ ਬਾਗ ਵਾਸਤੇ 176 ਮਾਲੀ ਚਾਹੀਦੇ ਹਨ ਪ੍ਰੰਤੂ ਮੌਜੂਦਾ ਕੇਵਲ 5-6 ਮਾਲੀ ਹੀ ਕੰਮ ਕਰ ਰਹੇ ਹਨ। ਅਰਬਨ ਹਾਟ ਦੀ ਤਰਫੋਂ ਬਣੀ ਡਿਊੜੀ ਦੇ ਸਾਹਮਣੇ ਵਾਲੇ ਹਿੱਸੇ ਤੋਂ ਲੈ ਕੇ ਸਮਰ ਪੈਲੇਸ ਤੱਕ ਅਤੇ ਸਰਵਿਸ ਕਲੱਬ ਤੱਕ ਬਾਗ ਦਾ ਸਾਰਾ ਹੀ ਹਿੱਸਾ ਉਜੜਿਆ ਪਿਆ ਹੈ।ਫੁੱਲ ਬੂਟਿਆਂ ਦੀ ਗੱਲ ਤਾਂ ਦੂਰ , ਇਸ ਬਾਗ ਵਿੱਚ ਕੋਈ ਪਾਰਕ ਜਾਂ ਕਿਆਰੀ ਨਾਂ ਦੀ ਕੋਈ ਚੀਜ਼ ਨਹੀਂ ਹੈ। ਗੰਦਗੀ ਦੇ ਢੇਰ ਲੱਗੇ ਹੋਏ ਹਨ ਤੇ ਦਰੱਖਤਾਂ ਦੇ ਆਸੇ ਪਾਸੇ ਮਿੱਟੀ ਕੱਢਣ ਕਰਕੇ ਦਰੱਖਤ ਡਿੱਗਣ ਵਾਲੇ ਹੋਏ ਹਨ ਤੇ ਕਈ ਡਿੱਗ ਚੁੱਕੇ ਹਨ। ਇਸ ਸਾਰੇ ਨਜ਼ਾਰੇ ਨੂੰ ਦੇਖ ਕੇ ਲੱਗਦਾ ਹੈ ਨਗਰ ਨਿਗਮ ਨਾਂ ਦੀ ਕੋਈ ਸੰਸਥਾ ਹੀ ਨਹੀਂ ਹੈ ਤੇ ਜੇ ਹੈ ਤਾਂ ਉਹ ਆਪਣੀ ਜ਼ੁੰਮੇਵਾਰੀ ਪ੍ਰਤੀ ਸੁਚੇਤ ਨਹੀਂ ਹੈ।

# ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਨੇ ਜਗਦੀਪ ਸਿੰਘ ਕਾਹਲੋਂ ਨੂੰ ਬਣਾਇਆ ਆਪਣਾ ਮੀਡੀਆ ਕੋਆਰਡੀਨੇਟਰ

ਅੰਤਰਰਾਸਟਰੀ ਸਾਈਕਲਿਸਟ ਤੇ ਮਹਾਰਾਜਾ ਰਣਜੀਤ ਸਿੰਘ ਸਟੇਟ ਅਵਾਰਡੀ ਜਗਦੀਪ ਸਿੰਘ ਕਾਹਲੋਂ ਦੀਆਂ ਮਾਣ ਮੱਤੀਆਂ ਪ੍ਰਾਪਤੀਆਂ ਵਿੱਚ ਉਸ ਵੇਲੇ ਇੱਕ ਹੋਰ ਵਾਧਾ ਹੋਇਆ ਜਦੋਂ ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ ਨੇ ਉਨ੍ਹਾਂ ਨੂੰ ਸਾਈਕਲਿੰਗ ਖੇਡ ਦੀ ਮੀਡੀਆ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਹੈ ।ਇਸ ਤੋਂ ਪਹਿਲਾਂ ਵੀ ਜਗਦੀਪ ਸਿੰਘ ਕਾਹਲੋਂ ਭਾਰਤ ਸਰਕਾਰ ਦੇ ਖੇਡ ਮੰਤਰਾਲੇ ਵੱਲੋਂ ਖੇਲੋ ਇੰਡੀਆ ਸਕੀਮ ਦੇ ਕਮੇਟੀ ਮੈਂਬਰ ਵਜੋ ਆਪਣੀਆ ਵਧੀਆ ਤਰੀਕੇ ਨਾਲ ਸੇਵਾਵਾਂ ਨਿਭਾ ਰਹੇ ਹਨ।

ਜਗਦੀਪ ਸਿੰਘ ਕਾਹਲੋਂ ਜੋ ਨੈਸਨਲ ਰਿਕਾਰਡ ਹੋਲਡਰ ਤੇ ਪੰਜ ਸਾਲ ਲਗਾਤਾਰ ਕੌਮੀ ਚੈਂਪੀਅਨ ਰਹੇ ਹਨ। ਇਸ ਤੋਂ ਇਲਾਵਾ ਜਗਦੀਪ ਸਿੰਘ ਕਾਹਲੋਂ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ (ਲੁਧਿਆਣਾ) ਅਤੇ ਜਰਖੜ ਹਾਕੀ ਅਕੈਡਮੀ ਦੇ ਜਨਰਲ ਸਕੱਤਰ ਵੀ ਹਨ ਅਤੇ ਪਿਛਲੇ ਲੰਮੇ ਸਮੇਂ ਤੋਂ ਖੇਡ ਗਤੀਵਿਧੀਆਂ ਉੱਪਰ ਲਿਖ ਰਹੇ ਹਨ ਅਤੇ ਖਿਡਾਰੀਆਂ ਦੇ ਮੁੱਦਿਆਂ ਨੂੰ ਚੁੱਕਦੇ ਰਹੇ ਹਨ ।ਇਸ ਮੌਕੇ ਸਾਈਕਲਿੰਗ ਫੈਡਰੇਸਨ ਆਫ ਇੰਡੀਆ ਤੇ ਪੰਜਾਬ ਸਾਈਕਲਿੰਗ ਐਸੋਸੀਏਸਨ ਦੇ ਪ੍ਰਧਾਨ ਪਰਮਿੰਦਰ ਸਿੰਘ ਢੀਂਡਸਾ ,ਮੈਂਬਰ ਰਾਜ ਸਭਾ ਸੁਖਦੇਵ ਸਿੰਘ ਢੀਂਡਸਾ, ਸਾਈਕਲਿੰਗ ਫੈਡਰੇਸਨ ਆਫ ਇੰਡੀਆ ਦੇ ਚੈਅਰਮੈਨ ਤੇ ਭਾਰਤੀ ਉਲਿੰਪਕ ਸੰਘ ਦੇ ਸਹਾਇਕ ਸੱਕਤਰ ਉਂਕਾਰ ਸਿੰਘ, ਸਾਈਕਲਿੰਗ ਫੈਡਰੇਸਨ ਆਫ ਇੰਡੀਆ ਦੇ ਜਰਨਲ ਸੱਕਤਰ ਮਨਇੰਦਰਪਾਲ ਸਿੰਘ, ਓਲੰਪੀਅਨ ਮਨਦੀਪ ਕੌਰ, ਜਗਰੂਪ ਸਿੰਘ ਜਰਖੜ (ਮੁੱਖ ਪ੍ਰਬੰਧਕ ਜਰਖੜ ਖੇਡਾਂ), ਨਰਿੰਦਰਪਾਲ ਸਿੰਘ ਸਿੱਧੂ ਚੇਅਰਮੈਨ ਜਰਖੜ ਖੇਡਾਂ, ਐਡਵੋਕੇਟ ਹਰਕਮਲ ਸਿੰਘ ਪ੍ਰਧਾਨ ਜਰਖੜ ਕਲੱਬ, ਯਾਦਵਿੰਦਰ ਸਿੰਘ ਤੂਰ ਸੰਪਾਦਕ "ਖੇਡ ਮੈਦਾਨ ਬੋਲਦਾ ਹੈ" ਮੈਗਜੀਨ, ਮਨਮੋਹਨ ਜੋਧਾਂ ਸਿਆਟਲ, ਪ੍ਰੀਤਮ ਸਿੰਘ ਗਰੇਵਾਲ ਸਾਬਕਾ ਮੇਅਰ ਹੰਸਲੋ ਇੰਗਲੈਂਡ ਆਦਿ ਹੋਰ ਸਮਾਜਿਕ, ਧਾਰਮਿਕ ਅਤੇ ਖੇਡ ਸੰਸਥਾਵਾਂ ਵੱਲੋਂ ਜਗਦੀਪ ਸਿੰਘ ਕਾਹਲੋਂ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਕਾਮਯਾਬੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਹਨ।



# ਦਾਅ 'ਤੇ: ਲੇਬਰ ਦੇ ਗੜ੍ਹ 'ਚ ਨੈਸ਼ਨਲ ਲਿਸਟ ਮੈਂਬਰਾਂ ਦੀ ਕਿਸਮਤ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੀ ਵਿਰੋਧੀ ਧਿਰ 'ਨੈਸ਼ਨਲ ਪਾਰਟੀ' ਦੀ ਨੇਤਾ ਸ੍ਰੀਮਤੀ ਜੂਡਿਤ ਕੌਲਿਨ ਨੇ ਅੱਜ ਪਾਰਟੀ ਲਿਸਟ ਉਮੀਦਵਾਰਾਂ ਦੇ ਵਿਚ ਕੁਝ ਫੇਰ ਬਦਲ ਕੀਤਾ ਹੈ। ਇਕ ਨਵੀਂ ਉਮੀਦਵਾਰ ਨੈਨਸੀ ਲੂ ਨੂੰ ਮੌਜੂਦਾ ਮੈਂਬਰ ਪਾਰਲੀਮੈਂਟਾਂ ਤੋਂ ਵੀ ਉਪਰ 26ਵੇਂ ਸਥਾਨ ਉਤੇ ਕਰ ਦਿੱਤਾ ਗਿਆ ਹੈ। ਲੇਬਰ ਪਾਰਟੀ ਦੇ ਗੜ੍ਹ ਦੇ ਵਿਚ ਨੈਸ਼ਨਲ ਪਾਰਟੀ ਉਮੀਦਵਾਰਾਂ ਦਾ ਵੋਟਾਂ ਦੇ ਅਧਾਰ ਉਤੇ ਜਿੱਤਣਾ ਕਾਫੀ ਮੁਸ਼ਕਿਲ ਹੁੰਦਾ ਹੈ ਜਿਸ ਕਰਕੇ ਨੈਸ਼ਨਲ ਦੇ ਇਨ੍ਹਾਂ ਉਮੀਦ-ਵਾਰਾਂ ਨੂੰ ਕਿਸਮਤ ਦੇ ਸਹਾਰੇ ਦਾਅ ਉਤੇ ਲਗਾ ਦਿੱਤਾ ਗਿਆ ਹੈ। ਇਹ ਉਮੀਦਵਾਰ ਆਪਣੇ ਲਿਸਟ ਨੰਬਰ ਦੇ ਸਹਾਰੇ ਕਿਸਮਤ ਦਾ ਜਿਆਦਾ ਸ਼ੁਕਰਾਨਾ ਕਰਨਗੇ ਕਿਉਂਕਿ ਪਾਰਟੀ ਵੋਟ ਕਾਫੀ ਹੁੰਦੀ ਹੈ ਜਿਸ ਕਰਕੇ ਇਹ ਪਾਰਟੀ ਵੋਟ ਦੇ ਅਧਾਰ ਉਤੇ ਲਿਸਟ ਐਮ. ਪੀ. ਚੁਣੇ ਜਾਂਦੇ ਹਨ। ਭਾਰਤੀ ਮੂਲ ਦੇ ਦੋ ਉਮੀਦਵਾਰਾਂ ਸ. ਕੰਵਲਜੀਤ ਸਿੰਘ ਬਖਸ਼ੀ ਨੂੰ 24ਵੇਂ ਸਥਾਨ ਉਤੇ ਰੱਖਿਆ ਗਿਆ ਹੈ ਕਿ ਜਦ ਕਿ ਕੁਸ਼ਮੀਤਾ ਪਰਮਜੀਤ ਕੌਰ ਪਰਮਾਰ (ਪੂਰਾ ਨਾਂਅ) ਨੂੰ 27ਵੇਂ ਨੰਬਰ ਉਤੇ ਰੱਖਿਆ ਗਿਆ ਹੈ। ਸ. ਕੰਵਲਜੀਤ ਸਿੰਘ ਬਖਸ਼ੀ ਨੇ 2008 ਦੇ ਵਿਚ ਆਪਣਾ ਸੰਸਦੀ ਸਫਰ ਸ਼ੁਰੂ ਕੀਤਾ ਸੀ ਅਤੇ ਉਸ ਵੇਲੇ ਉਨ੍ਹਾਂ ਦਾ ਲਿਸਟ ਨੰਬਰ 38 ਸੀ, ਫਿਰ 35, ਫਿਰ 32, ਫਿਰ 32 ਅਤੇ ਹੁਣ 24ਵੇਂ ਸਥਾਨ ਉਤੇ ਵੱਡਾ ਜੰਪ ਕਰ ਗਏ ਹਨ। 2017 ਦੀਆਂ ਚੋਣਾਂ ਵਿਚ ਸ. ਕੰਵਲਜੀਤ ਸਿੰਘ ਬਖਸ਼ੀ ਨੂੰ ਮੈਨੁਕਾਓ ਈਸਟ ਹਲਕੇ ਤੋਂ 4813 ਵੋਟਾਂ ਪਈਆਂ ਸਨ ਜਦ ਕਿ ਲੇਬਰ ਦੀ ਉਮੀਦਵਾਰ ਜੇਨੀ ਸਾਲੀਸਾ ਨੂੰ 17402 ਵੋਟਾਂ ਪਈਆਂ ਸਨ, ਪਰ ਇਸਦੇ ਬਾਵਜੂਦ ਉਹ ਲਿਸਟ ਐਮ. ਪੀ. ਬਣ ਕੇ ਸੰਸਦ ਪਹੁੰਚ ਗਏ ਸਨ।



ਇਸੀ ਤਰ੍ਹਾਂ ਕੁਸ਼ਮੀਤਾ ਪਰਮਜੀਤ ਕੌਰ ਪਰਮਾਰ ਨੇ 2014 ਦੇ ਵਿਚ ਆਪਣਾ ਸੰਸਦੀ ਸਫਰ ਸ਼ੁਰੂ ਕੀਤਾ ਅਤੇ ਉਨ੍ਹਾਂ ਦਾ ਲਿਸਟ ਨੰਬਰ 48 ਸੀ, ਫਿਰ 34 ਅਤੇ ਹੁਣ 27ਵੇਂ ਉਤੇ ਪਹੁੰਚਿਆ ਹੈ। ਪਿਛਲੀ ਵਾਰ ਇਨ੍ਹਾਂ ਨੂੰ ਮਾਉਂਟ ਰੌਸਕਿਲ ਹਲਕੇ ਤੋਂ 12196 ਵੋਟਾਂ ਪਈਆਂ ਸਨ ਪਰ ਇਥੋਂ ਲੇਬਰ ਦੇ ਉਮੀਦਵਾਰ ਮਾਈਕਲ ਵੁੱਡ 19094 ਵੋਟਾਂ ਲੈ ਕੇ ਜਿੱਤ ਗਏ ਸਨ। ਇਸਦੇ ਬਾਵਜੂਦ ਵੀ ਉਹ ਸੰਸਦ ਮੈਂਬਰ ਬਣ ਗਏ ਸਨ। ਸਮੁੱਚੇ ਰੂਪ ਵਿਚ ਨੈਸ਼ਨਲ ਪਾਰਟੀ ਨੂੰ ਪਿਛਲੀ ਵਾਰ 44.4% ਵੋਟਾਂ ਪਈਆਂ ਸਨ ਤੇ ਲੇਬਰ ਪਾਰਟੀ ਨੂੰ 36.9% ਵੋਟਾਂ ਪਈਆਂ ਸਨ। ਇਸ ਵਾਰ ਸਮੀਕਰਣ ਲੇਬਰ ਅਤੇ ਨੈਸ਼ਨਲ ਪਾਰਟੀ ਦੇ ਕਈ ਉਪਰ ਅਤੇ ਕਈ ਵਾਰ ਹੇਠਾਂ ਸਰਕਦੇ ਨਜ਼ਰ ਆਉਂਦੇ ਹਨ। 19 ਸਤੰਬਰ ਨੂੰ ਆਖਰੀ ਵੋਟਾਂ ਦਾ ਦਿਨ ਹੋਵੇਗਾ ਅਤੇ ਸਥਿਤੀ ਸਪਸ਼ਟ ਹੋਵੇਗੀ। ਫਿਲਹਾਲ ਦੋਹਾਂ ਭਾਰਤੀ ਉਮਦੀਵਾਰਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।



NIRMAL SINGH BADHAN
NSB Insurance
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
for Insurance Call: NIRMAL SINGH BADHAN 707-228-2020
Call: 707-228-2020, Fax: 707-260-2813
www.nsbinsures.com Lic #0144676
1519 Gary CT., Rohnert Park, CA 94928


# ਹਰਿਆਲੀ ਹੈ ਤਾਂ ਖੁਸ਼ਹਾਲੀ ਹੈ- ਬਲਜਿੰਦਰ ਮਾਨ

**ਮਾਹਿਲਪੁਰ–** ਤ੍ਰਿਵੈਣੀ ਰੁੱਖ ਮਿਸ਼ਨ ਵਲੋਂ ਕਰੂੰਬਲਾਂ ਭਵਨ ਮਾਹਿਲਪੁਰ ਵਿਚ ਅਯੋਜਿਤ ਕੀਤੇ ਰੁੱਖ ਵੰਡ ਸਮਾਰੋਹ ਵਿਚ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਜੇਕਰ ਇਸ ਧਰਤੀ ਤੇ ਹਰਿਆਲੀ ਹੈ ਤਾਂ ਹੀ ਖੁਸ਼ਹਾਲੀ ਹੈ। ਇਹਨਾਂ ਪੰਜਾਂ ਸ਼ਬਦਾਂ ਵਿਚ ਹੀ ਸਾਰੇ ਸੰਸਾਰ ਦਾ ਵਿਕਾਸ ਛੁਪਿਆ ਹੋਇਆ ਹੈ। ਇਸ ਲਈ ਹਰ ਮਨੁੱਖ ਨੂੰ ਰੁੱਖ ਲਗਾਉਣਾ ਹੀ ਨਹੀਂ ਚਾਹੀਦਾ ਸਗੋਂ ਉਸਨੂੰ ਪਾਲਣਾ ਵੀ ਚਾਹੀਦਾ ਹੈ। ਉਹਨਾਂ ਤ੍ਰਿਵੈਣੀ ਮਿਸ਼ਨ ਦੀ ਸੰਚਾਲਕਾ ਪ੍ਰੋ. ਬਲਵੀਰ ਕੌਰ ਰੀਹਲ ਦੀਆਂ ਪ੍ਰਾਪਤੀਆਂ ਦੀ ਚਰਚਾ ਕਰਦਿਆਂ ਆਖਿਆ ਕਿ ਇਸ ਲੇਖਿਕਾ ਨੇ ਆਪਣੇ ਬਚਪਨ ਤੋਂ ਹੀ ਸਮਾਜ ਨੂੰ ਬਿਹਤਰ ਲੀਹਾਂ ਤੇ ਤੋਰਨ ਦਾ ਬੀੜਾ ਚੁਕਿਆ ਹੋਇਆ ਹੈ। ਉਹ ਇਕ ਮਹਿਲਾ ਹੋ ਕੇ ਵੀ ਜੁਆਨਾਂ ਵਾਂਗ ਹਰ ਖੇਤਰ ਵਿਚ ਅੱਗੇ ਹੋ ਕੇ ਕਾਰਜ ਕਰ ਰਹੀ ਹੈ।ਉਸਤੋਂ ਸਾਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ। ਇਸ ਮੌਕੇ ਪ੍ਰੋ.ਰੀਹਲ ਨੇ ਦੱਸਿਆ ਕਿ ਉਹਨਾਂ ਵਲੋਂ ਇਹ ਮਿਸ਼ਨ ਸਭ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਕੋਈ ਵੀ ਸਮਾਜ ਸੇਵੀ ਇਸ ਵਿਚ ਆਪਣਾ ਯੋਗਦਾਨ ਪਾ ਸਕਦਾ ਹੈ। ਅਜ ਇਥੇ ਸਕੂਲਾਂ ਕਾਲਜਾਂ ਦੇ ਸਟਾਫ ਮੈਂਬਰਾਂ ਨੂੰ ਦੋ ਸੌ ਦੇ ਕਰੀਬ ਬੂਟੇ ਵੰਡੇ ਗਏ।ਸਭ ਹਾਜ਼ਰ ਸੱਜਣਾ ਨੇ ਇਹਨਾਂ ਨੂੰ ਲਗਾਉਣ ਅਤੇ ਪਾਲਣ ਪੋਸ਼ਣ ਦਾ ਵੀ ਵਾਅਦਾ ਕੀਤਾ ਹੈ।



ਇਸ ਮੌਕੇ ਪ੍ਰੋ.ਕੁਲਵਿੰਦਰ ਸਿੰਘ ਨੇ ਕਿਹਾ ਕਿ ਉਸਨੂੰ ਮਾਣ ਹੈ ਕਿ ਉਸਦੀ ਜੀਵਨ ਸਾਥਣ ਸਮਾਜਿਕ ਤੇ ਸਾਹਿਤਕ ਕਾਰਜਾਂ ਵਿਚ ਵਿਸ਼ੇਸ਼ ਪ੍ਰਾਪਤੀਆਂ ਕਰਦੀ ਹੋਈ ਸਭ ਮੁਟਿਆਰਾਂ ਲਈ ਰਾਹ ਦਸੇਰੇ ਦਾ ਕਾਰਜ ਕਰ ਰਹੀ ਹੈ।

ਇਸ ਮੌਕੇ ਪ੍ਰੋ.ਚੰਦਨ ਨੇ ਕਿਹਾ ਕਿ ਸਾਨੂੰ ਆਪਣਾ ਆਲਾ ਦੁਆਲਾ ਬਚਾਉਣ ਲਈ ਰੁੱਖਾਂ ਦੀ ਸਾਂਭ ਸੰਭਾਲ ਜ਼ਰੂਰ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਹੀ ਅਸੀਂ ਇਸ ਧਰਤੀ ਨੂੰ ਰਹਿਣ ਦੇ ਕਾਬਲ ਰੱਖ ਸਕਦੇ ਹਾਂ। ਇਸ ਮੌਕੇ ਬੂਟੇ ਪ੍ਰਾਪਤ ਕਰਨ ਵਾਲਿਆਂ ਵਿਚ ਉੱਘੇ ਲੇਖਕ ਵਿਜੈ ਬੰਬੇਲੀ, ਡਾ ਜਸਵਿੰਦਰ ਸਿੰਘ, ਮਨਜੀਤ ਕੌਰ, ਨਿਧੀ ਅਮਨ ਸਹੋਤਾ, ਹਰਮਨਪ੍ਰੀਤ ਕੌਰ, ਰਵਨੀਤ ਕੌਰ, ਹਰਵੀਰ ਮਾਨ ਅਤੇ ਡਾ. ਮਲਵਿੰਦਰ ਸਿੰਘ ਆਦਿ ਹਾਜ਼ਰ ਸਨ।ਅੰਤ ਵਿਚ ਸਭ ਦਾ ਧੰਨਵਾਦ ਕੁਲਦੀਪ ਕੌਰ ਬੈਂਸ ਨੇ ਕੀਤਾ।

# ਆਸਟ੍ਰੇਲੀਆ ਵੱਸਦੇ ਲੇਖਕ ਸੁਰਜੀਤ ਸੰਧੂ ਨੇ ਆਪਣੇ ਪਿੰਡ ਦੇ ਬੱਚਿਆਂ ਹੱਥੋਂ ਲੋਕ ਅਰਪਣ ਕਰਵਾਈ ਬਾਲ ਪੁਸਤਕ




**ਮੋਗਾ-** ਸਥਾਪਤ ਲੇਖਕਾਂ ਵਿੱਚ ਸ਼ਾਮਲ ਹੋ ਚੁੱਕੇ ਇੰਡੋਜ਼ ਸਹਿਤਕ ਅਕੈਡਮੀ ਬ੍ਰਿਸਬੇਨ ਦੇ ਖਜ਼ਾਨਚੀ, ਪ੍ਰਸਿੱਧ ਗੀਤਕਾਰ ਸੁਰਜੀਤ ਸੰਧੂ ਦੀ ਪਲੇਠੀ ਬਾਲ ਪੁਸਤਕ "ਨਿੱਕੇ-ਨਿੱਕੇ ਤਾਰੇ" ਉਹਨਾਂ ਦੇ ਜੱਦੀ ਪਿੰਡ ਅਜੀਤਵਾਲ (ਮੋਗਾ) ਵਿਖੇ ਲੋਕ ਅਰਪਣ ਕੀਤੀ ਗਈ। ਸਹਿਤਕ ਖੇਤਰ ਵਿੱਚ ਨਵੀਂ ਪਿਰਤ ਦਾ ਮੁੱਢ ਬੰਨ੍ਹਦਿਆਂ ਉਹਨਾਂ ਉਕਤ ਬਾਲ ਪੁਸਤਕ ਆਪਣੇ ਮਾਤਾ-ਪਿਤਾ ਜੀ ਅਤੇ ਪਿੰਡ ਦੇ ਬੱਚਿਆਂ ਹੱਥੋਂ ਲੋਕ ਅਰਪਣ ਕਰਵਾਈ ਗਈ। ਜ਼ਿਕਰਯੋਗ ਹੈ ਕਿ ਸੰਗੀਤ ਜਗਤ ਵਿੱਚ ਇੱਕ ਪ੍ਰਸਿੱਧ ਗੀਤਕਾਰ ਵਜੋਂ ਜਾਣੇ ਜਾਂਦੇ ਸੁਰਜੀਤ ਸੰਧੂ ਦੇ ਪਿਤਾ ਸਰਦਾਰ ਅਜਮੇਰ ਸਿੰਘ ਜੀ ਨੇ ਮਾਣ ਨਾਲ ਕਿਹਾ ਕਿ ਉਹਨਾਂ ਦੇ ਪੁੱਤਰ ਵੱਲੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਨਿਭਾਈ ਜਾ ਰਹੀ ਨਿਰੰਤਰ ਵਧੀਆ ਭੂਮਿਕਾ ਉਹਨਾਂ ਦਾ ਸੀਨਾ ਚੌੜਾ ਕਰਦੀ ਹੈ। ਇਸ ਅਨੋਖੇ ਸਮਾਗਮ ਸੰਬੰਧੀ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਸੁਰਜੀਤ ਸੰਧੂ ਨੇ ਦੱਸਿਆ ਕਿ ਇਹ ਉਹਨਾਂ ਦਾ ਸੁਪਨਾ ਸੀ ਕਿ ਉਹ ਆਪਣੀ ਪਹਿਲੀ ਪੁਸਤਕ ਆਪਣੇ ਮਾਤਾ-ਪਿਤਾ ਦੇ ਹੱਥੋਂ ਲੋਕ ਅਰਪਿਤ ਕਰਵਾਉਣ ਤੇ ਇਹ ਸਬੱਬ ਹੈ ਕਿ ਇਹ ਪੁਸਤਕ ਇੱਕ ਬਾਲ ਪੁਸਤਕ ਹੀ ਹੋਈ। ਪੁਸਤਕ ਦੇ ਲੋਕ ਅਰਪਣ ਸਮਾਗਮ ਸਮੇਂ ਉਨ੍ਹਾਂ ਦੇ ਘਰ ਪਿੰਡ ਦੇ ਸਰਪੰਚ ਗੁਰਿੰਦਰਪਾਲ ਸਿੰਘ ਡਿੰਪੀ ਮਾਨ ਉਚੇਚੇ ਤੌਰ ਉੱਤੇ ਹਾਜ਼ਰ ਹੋਏ। ਉਨ੍ਹਾਂ ਨੇ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਸਾਡੇ ਨਗਰ ਵਿਚ ਨੌਜਵਾਨ ਪੀੜ੍ਹੀ ਵਿਚ ਸਾਹਿਤ ਪ੍ਰਤੀ ਰੁਚੀ ਰੱਖਣ ਵਾਲੇ ਅਜੋਕੇ ਸਮੇਂ ਵਿੱਚ ਵੀ ਮੌਜੂਦ ਹਨ ਤੇ ਸੁਰਜੀਤ ਸੰਧੂ ਇਸ ਖੇਤਰ ਵਿੱਚ ਉਹਨਾਂ ਨੂੰ ਰਾਹ ਦਿਖਾਉਣ ਦਾ ਕਾਰਜ਼ ਕਰ ਰਹੇ ਹਨ। ਉਹਨਾਂ ਤੋਂ ਇਲਾਵਾ ਲੇਖਕ ਸੁਰਜੀਤ ਸੰਧੂ ਦੇ ਮਾਤਾ ਸ੍ਰੀਮਤੀ ਹਰਜੀਤ ਕੌਰ ਸੰਧੂ, ਸ: ਅਮਰ ਸਿੰਘ ਸੰਧੂ (ਤਾਇਆ) ਸਾਬਕਾ ਪ੍ਰਧਾਨ ਗੁਰੂਦੁਆਰਾ ਸੰਧੂ ਪੱਤੀ, ਦਲਜੀਤ ਸਿੰਘ ਸੰਧੂ, ਸਨਦੀਪ ਕੌਰ ਸੰਧੂ, ਨਾਨਕ ਸਿੰਘ, ਜਸਵਿੰਦਰ ਕੌਰ ਸਮੇਤ ਬੱਚਿਆਂ ਨੇ ਵੀ ਸ਼ਮੂਲੀਅਤ ਕੀਤੀ।

# ਚੀਨ ਖ਼ਿਲਾਫ਼ ਅਮਰੀਕਾ ’ਚ ਭਾਰਤੀਆਂ ਦਾ ਪ੍ਰਦਰਸ਼ਨ




ਵਾਸ਼ਿੰਗਟਨ- ਭਾਰਤੀ ਮੂਲ ਦੇ ਅਮ-ਰੀਕੀਆਂ ਨੇ ਭਾਰਤ ਪ੍ਰਤੀ ਚੀਨ ਦੀ ਹਮਲਾਵਰ ਨੀਤੀ ਅਤੇ ਉਈਗਰ ਮੁਸਲਮਾਨਾਂ ਦੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਖ਼ਿਲਾਫ਼ ਐਤਵਾਰ ਨੂੰ ਇੱਥੇ ਪ੍ਰਦਰਸ਼ਨ ਕੀਤਾ। ਸਰੀਰਕ ਦੂਰੀ ਬਰਕਰਾਰ ਰੱਖਦੇ ਹੋਏ ਅਤੇ ਮਾਸਕ ਪਾ ਕੇ ਸ਼ਾਂਤੀਪੂਰਣ ਪ੍ਰਦਰਸ਼ਨਕਾਰੀ ਐਤਵਾਰ ਨੂੰ ਅਮਰੀਕਾ ਦੀ ਰਾਜਧਾਨੀ ਦੇ ਸਾਹਮਣੇ ਸਥਿਤ ਇਤਿਹਾਸਕ ਨੈਸ਼ਨਲ ਮਾਲ ’ਤੇ ਇਕੱਠੇ ਹੋਏ। ਇਸ ਦੌਰਾਨ ਉਨ੍ਹਾਂ ਨੇ ਚੀਨ ਵਿਰੋਧੀ ਪੋਸਟਰ, ਬੈਨਰ ਦਿਖਾਉਣ ਦੇ ਨਾਲ ਹੀ ਕਮਿ-ਊਨਿਸਟ ਪਾਰਟੀ ਆਫ ਚਾਈਨਾ (ਸੀਪੀਸੀ) ਅਤੇ ਉਸ ਦੇ ਆਗੂਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਓਵਰਸੀਜ਼ ਫਰੈਂਡਜ਼ ਆਫ ਬੀਜੇਪੀ ਯੂਐੱਸ ਦੇ ਅਦਾਪਾ ਪ੍ਰਸਾਦ ਨੇ ਕਿਹਾ ਕਿ ਇਨ੍ਹਾਂ ਗਰਮੀਆਂ ਵਿਚ ਜਦੋਂ ਪੂਰੀ ਦੁਨੀਆ ਕੋਰੋਨਾ ਮਹਾਮਾਰੀ ਨਾਲ ਲੜ ਰਹੀ ਸੀ, ਚੀਨ ਦੂਜੇ ਦੀ ਜ਼ਮੀਨ ’ਤੇ ਹਮਲਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਸਿਰਫ਼ ਭਾਰਤ ਵਿਚ ਲੱਦਾਖ ਦੀ ਗੱਲ ਨਹੀਂ ਹੈ, ਉਸ ਨੇ ਇਹ ਹਰਕਤ ਆਪਣੇ ਦੂਜੇ ਗੁਆਂਢੀਆਂ ਨਾਲ ਵੀ ਕੀਤੀ ਹੈ।

ਹੁਣ ਸਮਾਂ ਆ ਗਿਆ ਹੈ ਕਿ ਵਿਸ਼ਵ ਚੀਨ ਦੀ ਇਸ ਹਮਲਾਵਰ ਨੀਤੀ ਖ਼ਿਲਾਫ਼ ਇਕਜੁੱਟ ਹੋਵੇ। ਦੱਸਣਯੋਗ ਹੈ ਕਿ 15 ਜੂਨ ਨੂੰ ਗਲਵਾਨ ਘਾਟੀ ਵਿਚ ਹੋਏ ਸੰਘਰਸ਼ ਵਿਚ 20 ਭਾਰਤੀ ਫ਼ੌਜੀ ਸ਼ਹੀਦ ਹੋ ਗਏ ਸਨ ਜਦਕਿ 40 ਤੋਂ ਜ਼ਿਆਦਾ ਚੀਨੀ ਫ਼ੌਜੀ ਮਾਰੇ ਗਏ ਸਨ।

### ਟਲ ਸਕਦੀ ਹੈ ਜੀ-7 ਅਹਿਮ ਬੈਠਕ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਉਹ ਨਵੰਬਰ ’ਚ ਹੋਣ ਵਾਲੇ ਰਾਸ਼ਟਰਪਤੀ ਚੋਣ ਤੋਂ ਬਾਅਦ Seven major industrial groups (ਜੀ-7) ਦੀ ਮੇਜਬਾਨੀ ਕਰਨਾ ਚਾਹੁੰਦੇ ਹਨ। ਟਰੰਪ ਨੇ ਕਿਹਾ ਕਿ ’ਮੇਰੀ ਇੱਛਾ ਹੈ ਕਿ ਰਾਸ਼ਟਰਪਤੀ ਚੋਣ ਤੋਂ ਬਾਅਦ ਜੀ-7 ਦੀ ਬੈਠਕ ਨੂੰ ਕਰਵਾਇਆ ਜਾਵੇ।’

ਉਨ੍ਹਾਂ ਨੇ ਕਿਹਾ ਕਿ ਉਹ ਇਸ ਬੈਠਕ ’ਚ ਰੂਸ ਨੂੰ ਵੀ ਨਿਵਟਿਏ ਕਰਨਾ ਚਾਹੁੰਦਾ ਹਾਂ। ਜ਼ਿਕਰਯੋਗ ਹੈ ਕਿ ਰੂਸ ਨੂੰ ਜੀ-7 ਤੋਂ ਬਾਹਰ ਕਰ ਦਿੱਤਾ ਗਿਆ ਹੈ। ਪਹਿਲਾ ਰੂਸ ਜੀ-7 ਦਾ ਹਿੱਸਾ ਸੀ।

# ਚੰਡੀਗੜ੍ਹ ਦੀ ਦਾਸਤਾਨ

ਨਵੰਬਰ,1950 ਨੂੰ ਪੰਜਾਬ ਦੇ 28 ਪਿੰਡਾਂ ਨੂੰ ਚੰਡੀਗੜ੍ਹ ਦੀ ਉਸਾਰੀ ਲਈ ਚੁਣਿਆ ਗਿਆ.ਪੰਜਾਬੀਆਂ ਨੂੰ ਇਹ ਕਹਿ ਕੇ ਪਿੰਡਾਂ ਚੋਂ ਉਠਾਇਆ ਗਿਆ ਕਿ ਇੱਥੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਉਸਾਰੀ ਕਰਨੀ ਹੈ,,,ਤੁਹਾਨੂੰ ਇਕ ਸਾਫ ਸੁਥਰਾ ਵਿਕਸਤ ਸ਼ਹਿਰ ਉਸਾਰ ਕੇ ਦੇਣਾ ਹੈ। 28 ਪਿੰਡਾਂ ਦੇ ਘਰਾਂ ਤੇ ਬੁਲਡੋਜ਼ਰ ਚਲਿਆ, ਨਾ ਮਾਤਰ ਮੁਆਵਜਾ ਦੇ ਕੇ ਸਾਰੇ ਪਰਵਾਰਾਂ ਨੂੰ ਉੱਥੋਂ ਕੱਢ ਦਿੱਤਾ ਗਿਆ।

ਅਖੀਰ ਜਦੋਂ ਚੰਡੀਗੜ੍ਹ ਦੀ ਉਸਾਰੀ ਮੁਕੰਮਲ ਹੋ ਗਈ ਉਸ ਮੌਕੇ ਹਿੰਦੁਸਤਾਨੀ ਸਰਕਾਰ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਤੋਂ ਮੁੱਕਰ ਗਈ। ਪੰਜਾਬੀਆਂ ਨੂੰ ਇੱਥੋਂ ਤੱਕ ਕਿਹਾ ਗਿਆ ਕਿ ਇਹ ਸ਼ਹਿਰ ਤੁਹਾਡੇ ਦੇਣ ਵਾਲਾ ਨਹੀਂ,,ਤੁਹਾਡੇ ਮੱਝਾਂ, ਖੋਤੇ ਸੜਕਾਂ ਤੇ ਅਵਾਰਾ ਘੁੰਮਦੇ ਫਿਰਨੇ।

ਚੰਡੀਗੜ੍ਹ ਨੂੰ ਹਿੰਦੁਸਤਾਨ ਨੇ ਆਵਦੇ ਕਬਜ਼ੇ ਚ ਰੱਖ ਕੇ ਕੇਂਦਰ ਸ਼ਾਸ਼ਤ ਸੂਬਾ ਬਣਾ ਲਿਆ.ਸੂਬੇ ਦੀ ਬੋਲੀ ਪੰਜਾਬੀ ਤੋਂ ਬਦਲ ਕੇ ਹਿੰਦੀ ਰੱਖ ਦਿੱਤੀ ਗਈ..ਇਸ ਤਰ੍ਹਾਂ ਹਿੰਦੁਸਤਾਨ ਦੀ ਸਰਕਾਰ ਨੇ ਪੰਜਾਬ ਦੇ 28 ਪਿੰਡਾਂ ਤੇ ਨਾਲ ਲੱਗਦੇ ਹੋਰ ਪਿੰਡਾਂ ਦੀ ਪੰਜਾਬੀ ਬੋਲੀ, ਸੱਭਿਆਚਾਰ,ਵਿਰਸਾ ਸਬ ਉਜਾੜ ਦਿੱਤਾ..।

ਹੁਣ ਹਿੰਦੁਸਤਾਨ ਦੀ ਸਰਕਾਰ ਦਾ ਤਾਜਾ ਫੈਸਲਾ ਇਹ ਆਇਆ ਹੈ ਕਿ ਚੰਡੀਗੜ੍ਹ ਵਿੱਚ ਸਰਕਾਰੀ ਨੌਕਰੀ ਲੈਣ ਲਈ ਜਿਸ ਨੇ ਮੈਟ੍ਰਿਕ ਪੰਜਾਬੀ ਚ ਕੀਤੀ ਹੈ,ਉਹ ਨੌਕਰੀ ਦੇ ਯੋਗ ਨਹੀਂ. ਮੈਟ੍ਰਿਕ ਹਿੰਦੀ ਜਾ ਅੰਗਰੇਜ਼ੀ ਚ ਹੋਣੀ ਲਾਜ਼ਮੀ ਹੈ...ਸਰਕਾਰ ਦੇ ਇਸ ਫੈਸਲੇ ਨਾਲ ਚੰਡੀਗੜ੍ਹ ਚ ਰਹਿੰਦੇ ਤੇ ਨਾਲ ਲੱਗਦੇ ਪਿੰਡਾਂ ਚ ਰਹਿੰਦੇ ਪੰਜਾਬੀ ਲੋਕਾਂ ਦੀ ਇਕ ਤਰ੍ਹਾਂ ਬੋਲੀ ਖੋਹੀ ਜਾ ਰਹੀ ਹੈ..ਚੰਡੀਗੜ੍ਹ ‘ਚ ਪੰਜਾਬੀਆਂ ਦੀ ਗਿਣਤੀ ਉਂਦਾ ਵੀ ਬਹੁਤ ਘਟਦੀ ਜਾ ਰਹੀ ਹੈ..।

ਪੰਜਾਬ ਦੇ ਬਹੁਤ ਵੱਡੇ ਖਿੱਤੇ, ਬੋਲੀ, ਸੱਭਿਆਚਾਰ ਦਾ ਸ਼ੁਰੂ ਤੋਂ ਹੀ ਹਿੰਦੁਸਤਾਨ ਦੀ ਸਰਕਾਰ ਨੇ ਘਾਣ ਕੀਤਾ ਹੈ.. ਸਾਡੇ ਉਜਾੜੇ ਦੀ ਦਾਸਤਾਨ ਬਹੁਤ ਲੰਬੀ ਹੈ... ਸਿੱਖ ਤੇ ਪੰਜਾਬੀ ਪਤਾ ਨਹੀਂ ਕਿਹੜੀ ਗੱਲੋ ਭਾਰਤੀ ਹੋਣ ਤੇ ਮਾਣ ਕਰਦੇ ਨੇ. ਇੰਨਾ ਉਜਾੜਾ ਕਰਾ ਕੇ ਵੀ ਭਾਰਤ ਮਾਤਾ ਦੇ ਭਗਤ ਬਣੇ ਫਿਰਦੇ ਨੇ...ਕਿਸੇ ਕੌਮ ਦੀ ਹੋਂਦ ਇਕੱਲੇ ਪਹਿਰਾਵੇ ਕਰਕੇ ਨਹੀਂ ਹੁੰਦੀ,,ਕੌਮ ਦੀ ਹੋਂਦ ਬੋਲੀ ਕਰਕੇ ਰਹਿੰਦੀ ਦੁਨੀਆਂ ਤੱਕ ਕਾਇਮ ਰਹਿੰਦੀ ਹੈ,,ਰੋਮਨਾ ਰਾਜ 1600 ਸਾਲ ਪਹਿਲਾਂ ਖਤਮ ਹੋ ਚੁੱਕਾ ਉਹਨਾਂ ਦੇ ਜਾਣ ਤੋਂ ਬਾਅਦ ਵੀ ਸਾਰੀ ਦੁਨੀਆਂ ਗਿਣਤੀ ਚ ਉਹਨਾਂ ਦੀ ਲਿੱਪੀ ਦੀ ਵਰਤੋ ਕਰਦੀ ਹੈ.ਉਹਨਾਂ ਦੀ ਬੋਲੀ ਕਰਕੇ ਹੱਲੇ ਵੀ ਉਹਨਾਂ ਨੂੰ ਯਾਦ ਕੀਤਾ ਜਾਂਦਾ....ਉਸ ਕੌਮ ਨੂੰ ਦੁਨੀਆਂ ਭੁਲਾ ਦਿੰਦੀ ਹੈ ਜਿਸਦੀ ਬੋਲੀ ਹੀ ਖਤਮ ਹੋ ਜਾਵੇ..ਪੰਜਾਬ ਦਾ ਖੇਤਰ ਤਾਂ ਸਾਡੇ ਤੋਂ ਖੋਹਿਆ ਹੀ ਗਿਆ ਹੁਣ ਸਾਨੂੰ ਆਵਦੀ ਹੋਂਦ ਬਚਾਉਣ ਲਈ ਬੋਲੀ ਵੀ ਬਚਾਉਣੀ ਪੈਣੀ...ਸਾਡੀ ਬੋਲੀ ਜਿਉਂਦੀ ਰਹੀ ਤਾਂ ਸਾਡੀ ਹਸਤੀ ਨਹੀਂ ਮਿੱਟ ਸਕਦੀ।

**- ਗੁਰਦੇਵ ਸਿੰਘ**

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਨਿਊਯਾਰਕ ਦੇ ਟਾਈਮਜ਼ ਸਕੁਏਅਰ 'ਤੇ ਪਹਿਲੀ ਵਾਰ ਲਹਿਰਾਇਆ ਜਾਵੇਗਾ ਤਿਰੰਗਾ

**ਨਿਊਯਾਰਕ (ਬਿਊਰੋ)-** ਅਮਰੀਕਾ ਦੇ ਨਿਊਯਾਰਕ ਸ਼ਹਿਰ 'ਚ ਟਾਈਮਜ਼ ਸਕਵਾਇਰ 'ਤੇ ਪਹਿਲੀ ਵਾਰ ਇਸ ਸਾਲ 15 ਅਗਸਤ ਨੂੰ ਭਾਰਤੀ ਝੰਡਾ ਲਹਿਰਾਇਆ ਜਾਵੇਗਾ। ਅਮਰੀਕਾ 'ਚ ਰਹਿਣ ਵਾਲੇ ਭਾਰਤੀਆਂ ਦੇ ਸੰਗਠਨ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ (ਐਫਆਈਏ) ਵੱਲੋਂ ਤਿਰੰਗਾ ਝੰਡਾ ਲਹਿਰਾਇਆ ਜਾਵੇਗਾ। ਸੰਗਠਨ ਨੇ ਇਕ ਬਿਆਨ ਜਾਰੀ ਕਰ ਕੇ ਇਹ ਜਾਣਕਾਰੀ ਦਿੱਤੀ ਹੈ। ਨਿਊਯਾਰਕ 'ਚ ਭਾਰਤ ਦੇ ਕਾਊਂਸਲੇਟ ਜਨਰਲ ਰਣਧੀਰ ਜਾਇਸਵਾਲ ਇਸ ਮੌਕੇ ਮੁੱਖ ਮਹਿਮਾਨ ਹੋਣਗੇ। ਐਫਆਈਏ ਨੇ ਕਿਹਾ ਹੈ ਕਿ ਟਾਇਮਜ਼ ਸਕਵਾਇਰ 'ਤੇ ਤਿਰੰਗਾ ਲਹਿਰਾਏ ਜਾਣ ਦੇ ਨਾਲ ਹੀ ਹਰ ਸਾਲ ਵਾਂਗ 14 ਅਗਸਤ ਨੂੰ ਐਂਪਰਾਇਰ ਸਟੇਟ ਬਿਲਡਿੰਗ ਨੂੰ ਸੰਤਰੀ, ਸਫ਼ੈਦ ਤੇ ਹਰੇ ਰੰਗ ਦੀਆਂ ਲਾਈਟਾਂ ਨਾਲ ਰੋਸ਼ਨ ਕੀਤਾ ਜਾਵੇਗਾ। ਸੰਗਠਨ ਨੇ ਦੱਸਿਆ ਕਿ ਟਾਇਮਜ਼ ਸਕਵਾਇਰ





'ਤੇ ਤਿਰੰਗਾ ਝੰਡਾ ਲਹਿਰਾਉਣਾ ਭਾਰਤੀ-ਅਮਰੀਕੀ ਭਾਈਚਾਰੇ ਦੀ ਵੱਧਦੀ ਦੇਸ਼ ਭਗਤੀ ਦਾ ਪ੍ਰਤੀਕ ਹੈ। ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਇਸ ਸਾਲ ਆਪਣੀ ਗੋਲਡਨ ਜੁਬਲੀ ਮਨਾ ਰਹੀ ਹੈ। ਪ੍ਰਵਾਸੀਆਂ ਦੇ ਸਭ ਤੋਂ ਵੱਡੇ ਸੰਗਠਨਾਂ 'ਚੋਂ ਇਕ ਐਫਆਈਏ ਦੀ ਸਥਾਪਨਾ 1970 'ਚ ਕੀਤੀ ਗਈ ਸੀ। ਭਾਰਤੀ-ਅਮਰੀਕੀ ਭਾਈਚਾਰੇ ਦੇ ਮੁਖੀ ਰਹੇ ਰਮੇਸ਼ ਪਟੇਲ ਦੀ ਕੋਰੋਨਾ ਵਾਇਰਸ ਨਾਲ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਜੁਲਾਈ 'ਚ ਅੰਕੁਰ ਵੈਦ ਨੂੰ ਐਫਆਈਏ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ। 40 ਸਾਲਾ ਅੰਕੁਰ ਲੰਬੇ ਸਮੇਂ ਤੋਂ ਐਫਆਈਏ ਨਾਲ ਜੁੜੇ ਹੋਏ ਸਨ ਤੇ ਸਾਲ 2014 'ਚ ਪ੍ਰਵਾਸੀ ਸੰਗਠਨ ਦੇ ਪ੍ਰਧਾਨ ਵੀ ਰਹੇ ਹਨ।

ਉਹ ਸਭ ਤੋਂ ਘੱਟ ਉਮਰ ਦੇ ਬੋਰਡ ਦੇ ਮੈਂਬਰ ਬਣਨ ਦੇ ਨਾਲ ਸਭ ਤੋਂ ਘੱਟ ਉਮਰ 'ਚ ਪ੍ਰਧਾਨਗੀ ਦਾ ਅਹੁਦਾ ਸੰਭਾਲਣ ਵਾਲੇ ਵੀ ਬਣ ਗਏ ਹਨ। ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ। ਇਸ ਲਈ ਭਾਰਤੀ ਭਾਈਚਾਰੇ ਦੇ ਮੈਂਬਰਾਂ ਦੇ ਨਾਲ-ਨਾਲ ਭਾਰਤ ਦੇ ਸਾਰੇ ਦੋਸਤਾਂ ਨੂੰ ਬੁਲਾਇਆ ਗਿਆ ਹੈ।

# ਸਾਬਕਾ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਦੀ ਹਾਲਤ ਵਿਗੜੀ

ਨਵੀਂ ਦਿੱਲੀ- ਆਰਮੀ ਹਸਪਤਾਲ 'ਚ ਭਰਤੀ ਸਾਬਕਾ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਦੀ ਬ੍ਰੇਨ ਸਰਜਰੀ ਤੋਂ ਬਾਅਦ ਵੀ ਹਾਲਤ 'ਚ ਸੁਧਾਰ ਨਹੀਂ ਹੈ ਤੇ ਉਨ੍ਹਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਉਹ ਰਿਸਰਚ ਐਂਡ ਰੈਫਰਲ ਹਸਪਤਾਲ ਦੇ ਆਈਸੀਯੂ ਦੇ ਵੈਂਟੀਲੇਟਰ ਸਪੋਰਟ 'ਤੇ ਹਨ। ਜਾਣਕਾਰੀ ਮੁਤਾਬਕ ਬ੍ਰੇਨ 'ਚ ਬਣੇ ਖ਼ੂਨ ਦੇ ਇਕ ਚਲੋਟ ਨੂੰ ਹਟਾਉਣ ਲਈ ਇਹ ਸਰਜਰੀ ਦੀ ਗਈ ਹੈ। ਸੂਤਰਾਂ ਮੁਤਾਬਕ ਮੁਖਰਜੀ ਦੀ ਹਾਲਤ ਨਾਜੁਕ ਬਣੀ ਹੋਈ ਹੈ ਤੇ ਉਨ੍ਹਾਂ ਨੂੰ ਵੈਂਟੀਲੇਟਰ ਸਪੋਰਟ 'ਚ ਰੱਖਿਆ ਗਿਆ ਹੈ। ਡਾਕਟਰਾਂ ਦੀ ਇਕ ਟੀਮ ਉਨ੍ਹਾਂ ਦੀ ਸਿਹਤ 'ਤੇ ਨਜ਼ਰ ਰੱਖ ਰਹੀ ਹੈ।

2012 ਤੋਂ 2017 ਤਕ ਦੇਸ਼ ਦੇ ਰਾਸ਼ਟਰਪਤੀ ਰਹੇ 84 ਸਾਲਾ ਪ੍ਰਣਾਬ ਮੁਖਰਜੀ ਨੇ ਸੋਮਵਾਰ ਨੂੰ ਖ਼ੁਦ ਟਵੀਟ ਕਰ ਕੇ ਦੱਸਿਆ, ਇਕ ਅਲਗ ਕੰਮ ਲਈ ਹਸਪਤਾਲ ਆਉਣ 'ਤੇ ਕੋਵਿਡ-19 ਪਾਜ਼ੇਟਿਵ ਪਾਏ ਗਏ। ਪਿਛਲੇ ਹਫ਼ਤੇ ਆਪਣੇ



ਸੰਪਰਕ 'ਚ ਆਏ ਲੋਕਾਂ ਨੂੰ ਮੇਰੀ ਬੇਨਤੀ ਹੈ ਕਿ ਉਹ ਕਿਰਪਾ ਕਰਕੇ ਆਈਸੋਲੇਸ਼ਨ 'ਚ ਚੱਲੇ ਜਾਣ ਤੇ ਕੋਵਿਡ-19 ਦੀ ਜਾਂਚ ਕਰਵਾਉਣ।

ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਪ੍ਰਣਾਬ ਮੁਖਰਜੀ ਦੇ ਜਲਦੀ ਸਿਹਤ ਹੋਣ ਦੀ ਕਾਮਨਾ ਕੀਤੀ ਹੈ। ਉਨ੍ਹਾਂ ਨੇ ਮੁਖਰਜੀ ਦੀ ਬੇਟੀ ਸ਼ਰਮੀਸ਼ਾ ਮੁਖਰਜੀ ਨਾਲ ਗੱਲ ਕਰ ਕੇ ਉਨ੍ਹਾਂ ਪਿਤਾ ਦੀ ਤਬੀਅਤ ਬਾਰੇ ਜਾਣਕਾਰੀ ਲਈ। ਇਸ ਤੋਂ ਪਹਿਲਾਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਆਰਆਰ ਹਸਪਤਾਲ ਜਾ ਕੇ ਸਾਬਕਾ ਰਾਸ਼ਟਰਪਤੀ ਦੀ ਜਾਣਕਾਰੀ ਲਈ ਉਹ ਹਸਪਤਾਲ 'ਚ ਕਰੀਬ 20 ਮਿੰਟ ਤਕ ਰਹੇ। ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਸਮੇਤ ਪਾਰਟੀ ਦੇ ਕਈ ਆਗੂਆਂ ਨੇ ਮੁਖਰਜੀ ਦੇ ਜਲਦ ਸਿਹਤਮੰਦ ਹੋਣ ਦੀ ਕਾਮਨਾ ਕੀਤੀ। ਕਾਂਗਰਸ ਪਾਰਟੀ ਨੇ ਆਪਣੀ ਆਧਿਕਾਰਿਕ ਟਵਿੱਟਰ ਹੈਂਡਲ 'ਤੇ ਟਵੀਟ ਕੀਤਾ, ਅਸੀਂ ਸਾਬਕਾ ਰਾਸ਼ਟਰਪਤੀ ਦੇ ਕੋਵਿਡ ਤੋਂ ਜਲਦ ਠੀਕ ਹੋਣ ਦੀ ਕਾਮਨਾ ਕਰਦੇ ਹਾਂ।

ਕਾਂਗਰਸੀ ਆਗੂ ਤੇ ਸਾਬਕਾ ਰਾਸ਼ਟਰਪਤੀ ਦੇ ਪੁੱਤਰ ਅਭਿਜੀਤ ਮੁਖਰਜੀ ਨੇ ਟਵੀਟ ਕੀਤਾ, ਮੈਂ ਆਪਣੇ ਪਿਤਾ ਦੇ ਜਲਦ ਠੀਕ ਹੋਣ ਦੀ ਪ੍ਰਾਰਥਨਾ ਕਰਦਾ ਹਾਂ। ਮੈਂ ਆਪਣੇ ਸਾਰੇ ਦੇਸ਼ਵਾਸੀਆਂ ਨੂੰ ਵੀ ਅਪੀਲ ਕਰਦਾ ਹਾਂ ਕਿ ਉਹ ਉਨ੍ਹਾਂ ਦੇ ਠੀਕ ਹੋਣ ਤੇ ਚੰਗੀ ਸਿਹਤ ਲਈ ਪ੍ਰਾਰਥਨਾ ਕਰਨ। ਕੇਂਦਰੀ ਮੰਤਰੀ ਪੀਯੂਸ਼ ਗੋਇਲ, ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਲੋਤ ਤੇ ਕਈ ਆਗੂਆਂ ਨੇ ਸਾਬਕਾ ਰਾਸ਼ਟਰਪਤੀ ਦੇ ਜਲਦ ਠੀਕ ਹੋਣ ਦੀ ਕਾਮਨਾ ਕੀਤੀ ਹੈ।

# ਸ਼ਬਦਾਂ ਦਾ ਸਰਦਾਰ ਸੀ ਰਾਹਤ ਇੰਦੌਰੀ



ਰਾਹਤ ਇੰਦੌਰੀ ਦਾ ਜਨਮ ਇੰਦੌਰ ਵਿੱਚ ਇੱਕ ਜਨਵਰੀ 1950 ਨੂੰ ਕੱਪੜਾ ਮਿੱਲ ਕਾਮੇ ਦੇ ਕਰਮਚਾਰੀ ਰਫਤੁੱਲਾਹ ਕੁਰੈਸ਼ੀ ਅਤੇ ਮਕਬੂਲ ਉਨ ਨਿਸ਼ਾ ਬੇਗਮ ਦੇ ਘਰ ਹੋਇਆ। ਰਾਹਤ ਉਨ੍ਹਾਂ ਦੀ ਚੌਥੀ ਔਲਾਦ ਸੀ।

ਉਸ ਨੇ ਮੁੱਢਲੀ ਸਿੱਖਿਆ ਨੂਤਨ ਸਕੂਲ ਇੰਦੌਰ ਵਿੱਚ ਲੈ ਕੇ ਇਸਲਾਮੀਆ ਕਰੀਮਿਆ ਕਾਲਜ ਇੰਦੌਰ ਤੋਂ 1973 ਵਿੱਚ ਆਪਣੀ ਬੀ ਏ ਕੀਤੀ ਅਤੇ 1975 ਵਿੱਚ ਬਰਕਤਉੱਲਾਹ ਯੂਨੀਵਰਸਿਟੀ, ਭੋਪਾਲ ਤੋਂ ਉਰਦੂ ਸਾਹਿਤ ਵਿੱਚ ਐਮ ਏ ਕੀਤੀ।

**ਗੁਰਭਜਨ ਗਿੱਲ**

ਇਸਦੇ ਬਾਅਦ 1985 ਵਿੱਚ ਦੇ ਮੱਧ ਪ੍ਰਦੇਸ਼ ਭੋਜ ਅਜ਼ਾਦ ਯੂਨੀਵਰਸਿਟੀ ਤੋਂ ਉਰਦੂ ਸਾਹਿਤ ਵਿੱਚ ਪੀਐਚ ਡੀ ਕੀਤੀ। ਰਾਹਤ ਇੰਦੌਰੀ ਨੇ ਆਈ ਕੇ ਕਾਲਜ , ਇੰਦੌਰ ਵਿਚ ਉਰਦੂ ਸਾਹਿਤ ਦੇ ਪ੍ਰਾਅਧਿਆਪਕ ਵਜੋਂ ਵੀ ਸੇਵਾ ਨਿਭਾਈ। ਉਰਦੂ ਮੁਸ਼ਾਇਰਿਆਂ ਦੀ ਜਿੰਦਜਾਨ ਸੀ ਉਹ। ਚਿਰਾਂ ਤੀਕ ਯਾਦ ਰਹੇਗਾ ਉਸ ਦਾ ਸੁਣਾਉਣ ਲਹਿਜ਼ਾ।

ਅੱਜ ਸ਼ਾਮੀਂ ਉਸ ਦੇ ਜਾਣ ਤੇ ਮੇਰੇ ਮੂੰਹੋਂ ਨਿਕਲਿਆ

ਧਰਤੀ ਅੰਬਰ ਧਾਹ ਮਾਰੀ ਹੈ,ਸਾਡਾ ਮਹਿਰਮਯਾਰ ਤੁਰ ਗਿਆ।

ਰਾਹਤ ਹੁੰਦਿਆਂ ਫ਼ਿਕਰ ਨਹੀਂ ਸੀ,ਹੁਣ ਤਾਂ ਪਹਿਰੇਦਾਰ ਤੁਰ ਗਿਆ।

ਸੂਰਜ ਨਾਲੋਂ ਪਹਿਲਾਂ ਤੁਰਿਓਂ,ਜਾਹ ਓ ਕਾਹਲਿਆ ਆਹ ਕੀ ਕੀਤਾ,

ਲੋਕ ਦਿਲਾਂ ਦੀ ਧੜਕਣ ਵਰਗਾ ਸ਼ਬਦਾਂ ਦਾ ਸਰਦਾਰ ਤੁਰ ਗਿਆ।

ਉਸ ਦੀਆਂ ਉਰਦੂ ਰਚਨਾਵਾਂ ਇੰਜ ਸਨ।
ਧੂਪ ਧੂਪ,
ਪਾਂਚਵਾ ਦਰਵੇਸ਼,ਨਾਰਾਜ਼,
ਦੇਵ ਨਾਗਰੀ ਵਿੱਚ
ਮੇਰੇ ਬਾਦ, ਮੌਜੂਦ, ਨਾਰਾਜ਼ ਤੇ ਚਾਂਦ ਪਾਗਲ ਹੈ ਛਪੀਆਂ।
ਵਿਕੀਪੀਡੀਆ ਵਿੱਚੋਂ ਲਈ ਇਸ ਜਾਣਕਾਰੀ
ਤੋਂ ਇਲਾਵਾ ਰਾਹਤ ਇੰਦੌਰੀ ਦੇ ਕੁਝ ਚੋਣਵੇਂ ਸ਼ਿਅਰ ਇੰਜ ਹਨ।

ਦੋਜ਼ਖ ਕੇ ਇੰਤਜ਼ਾਮ ਮੇਂ ਉਲਝਾ ਹੈ ਰਾਤ ਦਿਨ
ਦਾਵਾ ਯੇ ਕਰ ਰਹਾ ਹੈ ਕੇ ਜੰਨਤ ਮੇਂ ਜਾਏਗਾ।

ਏਕ ਚਿੰਗਾਰੀ ਨਜ਼ਰ ਆਈ ਥੀ ਬਸਤੀ ਮੇਂ ਉਸੇ
ਵੋ ਅਲਗ ਹਟ ਗਯਾ ਆਂਧੀ ਕੋ ਇਸ਼ਾਰਾ ਕਰਕੇ।

ਖ਼੍ਵਾਬੋਂ ਮੇਂ ਜੋ ਬਸੀ ਹੈ ਦੁਨੀਆ ਹਸੀਨ ਹੈ
ਲੇਕਿਨ ਨਸੀਬ ਮੇਂ ਵਹੀ ਦੋ ਗਜ਼ ਜ਼ਮੀਨ ਹੈ

ਮੈਂ ਲਾਖ ਕਹ ਦੂੰ ਆਕਾਸ਼ ਹੂੰ ਜ਼ਮੀਂ ਹੂੰ ਮੈਂ
ਮਗਰ ਉਸੇ ਤੋ ਖ਼ਬਰ ਹੈ ਕਿ ਕੁਛ ਨਹੀਂ ਹੂੰ ਮੈਂ

ਅਜੀਬ ਲੋਗ ਹੈ ਮੇਰੀ ਤਲਾਸ਼ ਮੇਂ ਮੁਝਕੋ
ਵਹਾਂ ਪੇ ਢੂੰਢ ਰਹੇ ਹੈ ਜਹਾਂ ਨਹੀਂ ਹੂੰ ਮੈਂ

ਤੂਫ਼ਾਨੋਂ ਸੇ ਆਂਖ ਮਿਲਾਓ, ਸੈਲਾਬੋਂ ਪਰ ਵਾਰ ਕਰੋ
ਮੱਲਾਹੋਂ ਕਾ ਚੱਕਰ ਛੋੜੋ, ਤੈਰ ਕੇ ਦਰਿਯਾ ਪਾਰ ਕਰੋ

ਫੂਲੋਂ ਕੀ ਦੁਕਾਨੇਂ ਖੋਲੋ, ਖ਼ੁਸ਼੍ਬੂ ਕਾ ਵਿਆ-ਪਾਰ ਕਰੋ
ਇਸ਼ਕ਼ ਖ਼ਤਾ ਹੈ ਤੋ, ਯੇ ਖ਼ਤਾ ਏਕ ਬਾਰ ਨਹੀਂ, ਸੌ ਬਾਰ ਕਰੋ

ਹਮਸੇ ਪੂਛੋ ਕੇ ਗ਼ਜ਼ਲ ਮਾਂਗਤੀ ਹੈ ਕਿਤਨਾ ਲਹੂ
ਸਬ ਸਮਝਤੇ ਹੈਂ ਯੇ ਧੰਧਾ ਬੜੇ ਆਰਾਮ ਕਾ ਹੈ

ਪਿਆਸ ਅਗਰ ਮੇਰੀ ਬੁਝਾ ਦੇ ਤੋ ਮੈਂ ਮਾਨੂ ਵਰਨਾ ,
ਤੂ ਸਮੰਦਰ ਹੈ ਤੋ ਹੋਗਾ ਮੇਰੇ ਕਿਸ ਕਾਮ ਕਾ ਹੈ

ਅਗਰ ਖ਼ਯਾਲ ਭੀ ਆਏ ਕਿ ਤੁਝਕੋ ਖ਼ਤ ਲਿਖੂੰ
ਤੋ ਘੋਂਸਲੋਂ ਸੇ ਕਬੂਤਰ ਨਿਕਲਨੇ ਲਗਤੇ ਹੈਂ

ਲਗੇਗੀ ਆਗ ਤੋ ਆਏਂਗੇ ਘਰ ਕਈ ਜ਼ਦ ਮੇਂ
ਯਹਾਂ ਪੇ ਸਿਰਫ਼ ਹਮਾਰਾ ਮਕਾਨ ਥੋੜੀ ਹੈ

ਮੈਂ ਜਾਨਤਾ ਹੂੰ ਕੇ ਦੁਸ਼ਮਨ ਭੀ ਕਮ ਨਹੀਂ ਲੇਕਿਨ
ਹਮਾਰੀ ਤਰਹਾ ਹਥੇਲੀ ਪੇ ਜਾਨ ਥੋੜੀ ਹੈ

ਜ਼ਿੰਦਗੀ ਕਿਆ ਹੈ ਖ਼ੁਦ ਹੀ ਸਮਝ ਜਾਓਗੇ
ਬਾਰਿਸ਼ੋਂ ਮੇਂ ਪਤੰਗੇਂ ਉੜਾਇਆ ਕਰੋ

ਨ ਜਾਨੇ ਕੌਨ ਸੀ ਮਜ਼ਬੂਰੀਓਂ ਕਾ ਕ਼ੈਦੀ ਹੋ
ਵੋ ਸਾਥ ਛੋੜ ਗਯਾ ਹੈ ਤੋ ਬੇਵਫ਼ਾ ਨ ਕਹੋ

ਨਏ ਕਿਰਦਾਰ ਆਤੇ ਜਾ ਰਹੇ ਹੈਂ
ਮਗਰ ਨਾਟਕ ਪੁਰਾਣਾ ਚਲ ਰਹਾ ਹੈ।

# ਜਾਂਦੇ-ਜਾਂਦੇ ਆਖ਼ਰੀ ਵਾਰ ਕੋਰੋਨਾ 'ਤੇ ਸ਼ਾਇਰੀ ਲਿਖ ਗਏ ਰਾਹਤ ਇੰਦੌਰੀ

ਸ਼ਾਇਰਾਂ ਦੀ ਦੁਨੀਆ 'ਚੋਂ ਅੱਜ ਇਕ ਸਿਤਾਰਾ ਹਮੇਸ਼ਾ ਲਈ ਅਲੋਪ ਹੋ ਗਿਆ ਹੈ। 11 ਅਗਸਤ 2020 ਨੂੰ ਇਸ ਦੁਨੀਆ ਨੂੰ ਮਸ਼ਹੂਰ ਸ਼ਾਇਰ ਰਾਹਤ ਇੰਦੌਰੀ ਨੇ ਹਮੇਸ਼ਾ ਲਈ ਅਲਵਿਦਾ ਕਹਿ ਦਿੱਤਾ। 70 ਸਾਲਾ ਰਾਹਤ ਇੰਦੌਰੀ ਕੋਰੋਨਾ ਤੋਂ ਇਨਫੈਕਟਡ ਵੀ ਸਨ। ਹਾਲ ਹੀ 'ਚ ਉਨ੍ਹਾਂ ਦਾ ਕੋਵਿਡ-19 ਟੈਸਟ ਪਾਜ਼ੇਟਿਵ ਆਇਆ ਸੀ। ਇਸ ਗੱਲ ਦੀ ਜਾਣਕਾਰੀ ਖ਼ੁਦ ਰਾਹਤ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਟਵਿੱਟਰ ਤੇ ਇੰਸਟਾਗ੍ਰਾਮ 'ਤੇ ਦਿੱਤੀ ਸੀ। ਹਾਲਾਂਕਿ ਉਨ੍ਹਾਂ ਦੀ ਮੌਤ ਦਿਲ ਦਾ ਦੌਰਾ ਪੈਣ ਨਾਲ ਹੋਈ ਹੈ।

ਰਾਹਤ ਇੰਦੌਰੀ ਜਾਂਦੇ-ਜਾਂਦੇ ਵੀ ਇਕ ਸ਼ਾਇਰੀ ਲਿਖ ਗਏ। ਜੇ ਤੁਸੀਂ ਉਨ੍ਹਾਂ ਦੀ ਆਖ਼ਰੀ ਪੋਸਟ ਦੇਖੋਗੇ ਤਾਂ ਰਾਹਤ ਨੇ ਆਪਣੀ ਕੋਵਿਡ ਪਾਜ਼ੇਟਿਵ ਹੋਣ ਦੀ ਜਾਣਕਾਰੀ ਤਾਂ ਦਿੱਤੀ ਹੀ ਸੀ, ਨਾਲ ਹੀ ਲਿਖਿਆ ਸੀ,'ਸ਼ਾਖ਼ੋਂ ਸੇ ਟੂਟ ਜਾਏਂ ਵੋ




**ਮੁੱਢਲੀ ਸਿੱਖਿਆ ਨੂਤਨ ਸਕੂਲ ਇੰਦੌਰ ਵਿੱਚ ਲੈ ਕੇ ਇਸਲਾਮੀਆ ਕਰੀਮਿਆ ਕਾਲਜ ਇੰਦੌਰ ਤੋਂ 1973 ਵਿੱਚ ਆਪਣੀ ਬੀ ਏ ਕੀਤੀ ਅਤੇ 1975 ਵਿੱਚ ਬਰਕਤਉੱਲਾਹ ਯੂਨੀਵਰਸਿਟੀ, ਭੋਪਾਲ ਤੋਂ ਉਰਦੂ ਸਾਹਿਤ ਵਿੱਚ ਐਮ ਏ ਕੀਤੀ। ਇਸਦੇ ਬਾਅਦ 1985 ਵਿੱਚ ਦੇ ਮੱਧ ਪ੍ਰਦੇਸ਼ ਭੋਜ ਅਜ਼ਾਦ ਯੂਨੀਵਰਸਿਟੀ ਤੋਂ ਉਰਦੂ ਸਾਹਿਤ ਵਿੱਚ ਪੀਐਚ ਡੀ ਕੀਤੀ।**

ਪੱਤੇ ਨਹੀਂ ਹੈ ਹਮ, ਕੋਰੋਨਾ ਸੇ ਕੋਈ ਕਹਿ ਦੇ ਕਿ ਔਕਾਤ ਮੇ ਰਹੇ।' ਉਥੇ ਹੀ ਪੋਸਟ 'ਚ ਰਾਹਤ ਇੰਦੌਰੀ ਨੇ ਲਿਖਿਆ ਸੀ,'ਕੋਵਿਡ ਦੇ ਸ਼ੁਰੂਆਤੀ ਲੱਛਣ ਦਿਸਣ 'ਤੇ ਕੱਲ੍ਹ ਮੇਰਾ ਕੋਰੋਨਾ ਟੈਸਟ ਕੀਤਾ ਗਿਆ, ਜਿਸ ਦੀ ਰਿਪੋਰਟ ਪਾਜ਼ੇਟਿਵ ਆਈ ਹੈ। ਆਰਬਿੰਦੋ ਹਸਪਤਾਲ 'ਚ ਦਾਖ਼ਲ ਹਾਂ। ਦੁਆ ਕਰੋ ਜਲਦੀ ਇਸ ਬਿਮਾਰੀ ਨੂੰ ਹਰਾ ਦੇਵਾਂ। ਇਕ ਹੋਰ ਬੇਨਤੀ ਹੈ ਕਿ ਮੈਨੂੰ ਜਾਂ ਘਰ ਦੇ ਲੋਕਾਂ ਨੂੰ ਫੋਨ ਨਾ ਕਰੋ। ਮੇਰੀ ਖ਼ੈਰੀਅਤ ਟਵਿੱਟਰ ਤੇ ਫੇਸਬੁੱਕ 'ਤੇ ਮਿਲਦੀ ਰਹੇਗੀ।'

ਰਾਹਤ ਇੰਦੌਰੀ ਮਸ਼ਹੂਰ ਸ਼ਾਇਰ ਸਨ, ਇਹ ਗੱਲ ਤਾਂ ਤੁਸੀਂ ਸਾਰੇ ਜਾਣਦੇ ਹੋ। ਉਨ੍ਹਾਂ ਦੀ ਸ਼ਾਇਰੀ ਤੋਂ ਤਾਂ ਤੁਸੀਂ ਸਾਰੇ ਵਾਕਿਫ਼ ਹੋ। ਕੀ ਤੁਸੀਂ ਜਾਣਦੇ ਹੋ ਕਿ ਬਾਲੀਵੁੱਡ ਫਿਲਮਾਂ ਲਈ ਕਈ ਪ੍ਰਸਿੱਧ ਗਾਣੇ ਲਿਖਣ ਵਾਲੇ ਰਾਹਤ ਇੰਦੌਰੀ ਇਕ ਫਿਲਮ 'ਚ ਨਜ਼ਰ ਵੀ ਆ ਚੁੱਕੇ ਹਨ। ਸ਼ਾਇਦ ਇਹ ਤੁਸੀਂ ਵੀ ਨਹੀਂ ਜਾਣਦੇ ਹੋਵੋਗੇ।

ਸਾਲ 1994 'ਚ ਰਿਲੀਜ਼ ਹੋਈ ਫਿਲਮ 'ਦਿਲਬਰ' 'ਚ ਰਾਹਤ ਦੀ ਛੋਟੀ ਜਿਹੀ ਝਲਕ ਦਿਖਾਈ ਦਿੱਤੀ ਸੀ, ਜਿਸ 'ਚ ਉਨ੍ਹਾਂ ਨੂੰ ਕੈਦੀ ਵਾਂਗ ਦਿਖਾਇਆ ਗਿਆ। ਫਿਲਮ ਦਾ ਇਕ ਦ੍ਰਿਸ਼ ਹੈ, ਜਿਸ 'ਚ ਅਦਾਕਾਰ ਰਿਸ਼ੀਕੇਸ਼ ਰਾਜ ਜੇਲ੍ਹ 'ਚ ਬੰਦ ਹਨ, ਉਥੇ ਰਾਹਤ ਇੰਦੌਰੀ ਵੀ ਮੌਜੂਦ ਹਨ। ਰਾਹਤ ਇਸ ਫਿਲਮ 'ਚ ਵੀ ਸ਼ਾਇਰੀ ਸੁਣਾਉਂਦੇ ਹੋਏ ਨਜ਼ਰ ਆ ਰਹੇ ਹਨ। ਦੇਖੋ ਵੀਡੀਓ।

11-12 ਜੂਨ 1926 ਨੂੰ ਯਾਦ ਕਰਦਿਆਂ

# ਆਦਿ ਧਰਮ ਲਹਿਰ ਦੇ ਸਿਰਜਕ ਬਾਬੂ ਮੰਗੂ ਰਾਮ ਮੂੱਗੋਵਾਲੀਆ

### ਕਿਸ਼ਤ ਦਸਵੀਂ

### ਪੰਜਾਬ ਤੇ ਬੰਗਾਲ ਦੀਆਂ ਰਿਜ਼ਰਵ ਸੀਟਾਂ ਰੱਦ ਕਰਵਾਉਣ ਦੀ ਆਖਰੀ ਕੋਸ਼ਿਸ਼

ਪਿਛਲੀ ਕਿਸ਼ਤ ਵਿਚ 31 ਜੁਲਾਈ 1933 ਨੂੰ ਲੰਡਨ ਵਿਖੇ ਭਾਰਤੀ ਸੰਵਿਧਾਨ ਦਾ ਆਖਰੀ ਡਰਾਫਟ ਤਿਆਰ ਕਰਨ ਲਈ ਸੰਵਿਧਾਨਕ ਸੋਧ ਕਮੇਟੀ ਦੀ ਹੋਈ ਮੀਟਿੰਗ ਵਿਚ, ਪੰਜਾਬ ਅਤੇ ਬੰਗਾਲ ਦੀਆਂ ਰਿਜ਼ਰਵ ਸੀਟਾਂ ਰੱਦ ਕਰਵਾਉਣ ਲਈ, ਹਿੰਦੂ ਮਹਾਂ ਸਭਾ ਦੇ ਆਗੂਆਂ ਦੀਆਂ ਆਖਰੀ ਅਣਥੱਕ ਕੋਸ਼ਿਸ਼ਾਂ ਦਾ ਜ਼ਿਕਰ ਕੀਤਾ ਗਿਆ ਸੀ। ਮੀਟਿੰਗ ਦੌਰਾਨ ਕਮੇਟੀ ਦੇ ਹਿੰਦੂ ਮੈਂਬਰਾਂ ਅਤੇ ਡਾ. ਅੰਬੇਡਕਰ ਵਿਚਕਾਰ ਤਿੱਖੀ ਅਤੇ ਲੰਮੀ ਬਹਿਸ ਹੋਈ। ਡਾ. ਅੰਬੇਡਕਰ ਨੇ ਪੰਜਾਬ ਦੇ ਸੰਦਰਭ ਵਿਚ ਹਿੰਦੂ ਮੈਂਬਰਾਂ ਦੀ ਦੋਗਲੀ ਨੀਤੀ ਦਾ ਜ਼ਿਕਰ ਕਰਦਿਆਂ ਭਾਈ ਪਰਮਾਨੰਦ ਨੂੰ ਸਵਾਲ ਕੀਤਾ:-

**8853 :** ਡਾ. ਭੀਮ ਰਾਓ ਅੰਬੇਡਕਰ: ਕੀ ਮੈਂ ਤੁਹਾਡੇ ਕੋਲੋਂ ਇਕ ਸਵਾਲ ਪੁੱਛ ਸਕਦਾ ਹਾਂ, ਤੁਸੀਂ ਆਪਣੇ ਆਪ ਨੂੰ ਕਿਵੇਂ ਸੰਤੁਸ਼ਟ ਕਰਦੇ ਹੋ? ਤੁਹਾਡੀ ਪਹਿਲੀ ਸਥਿਤੀ ਇਹ ਹੈ ਕਿ (ਪੰਜਾਬ ਵਿਚ) ਕੋਈ ਦਲਿਤ ਵਰਗ ਨਹੀਂ ਹੈ, ਇਸ ਲਈ ਉਨ੍ਹਾਂ ਲਈ ਕਿਸੇ ਵਿਵਸਥਾ (ਵਿਸ਼ੇਸ਼ ਚੋਣ ਅਧਿਕਾਰ) ਦੀ ਲੋੜ ਨਹੀਂ ਹੈ ਅਤੇ ਤੁਹਾਡੀ ਦੂਸਰੀ ਸ਼ਿਕਾਇਤ ਇਹ ਹੈ ਕਿ ਕੁਝ ਦਲਿਤ ਜਾਤੀਆਂ ਨੂੰ ਅਨੁਸੂਚੀ ਵਿਚ ਸ਼ਾਮਲ ਨਹੀਂ ਕੀਤਾ ਗਿਆ ਹੈ?

ਪੰਡਿਤ ਨਾਨਕ ਚੰਦ: ਇਸ ਮੁੱਦੇ ਨਾਲ ਮੇਰਾ ਸਬੰਧ ਰਿਹਾ ਹੈ ਅਤੇ ਮੈਂ ਇਸਦੇ ਬਾਰੇ ਸਪੱਸ਼ਟੀਕਰਨ ਦਿਆਂਗਾ। ਜਿੱਥੋਂ ਤੱਕ ਛੂਆ-ਛਾਤ ਦਾ ਪ੍ਰਸ਼ਨ ਹੈ, ਉਥੇ (ਪੰਜਾਬ ਵਿਚ) ਇਹ ਸਭ ਨਹੀਂ ਹੈ ਅਤੇ ਜੇ ਹੈ ਵੀ ਤਾਂ ਖੁੱਲ੍ਹੇਆਮ ਬਹੁਤ ਘੱਟ ਹੈ।

ਇਸਨੂੰ ਸਰਕਾਰੀ ਅਧਿਕਾਰੀਆਂ, ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਦੁਆਰਾ ਸਵੀਕਾਰ ਕੀਤਾ ਗਿਆ ਹੈ। ਪਰ ਕੁਝ ਵਰਗ ਦਲਿਤ ਵਰਗ ਦੇ ਰੂਪ ਵਿਚ ਅਨੁਸੂਚੀ ਵਿਚ ਰੱਖੇ ਗਏ ਹਨ। ਉਹੋ ਜਿਹੀ ਸਥਿਤੀ ਦੇ ਕੁਝ ਦੂਸਰੇ, ਚਾਹੇ ਉਹ ਆਰਥਿਕ ਦ੍ਰਿਸ਼ਟੀ ਤੋਂ ਪਿਛੜੇ ਹੋਣ ਜਾਂ ਕੁਝ ਅਧਿਕਾਰਾਂ ਤੋਂ, ਜਿਵੇਂ ਜ਼ਮੀਨ ਖਰੀਦਣ ਤੋਂ ਵੰਚਿਤ ਦੂਸਰੇ ਲੋਕਾਂ ਦੇ ਨਾਲ ਅਨੁਸੂਚੀ ਵਿਚ ਸ਼ਾਮਲ ਹੋਣੇ ਚਾਹੀਦੇ ਹਨ, ਕਿਉਂਕਿ ਉਹਨਾਂ ਦੀ ਵੀ ਉਹੀ ਸਥਿਤੀ ਹੈ।

**8854.** ਡਾ. ਭੀਮ ਰਾਓ ਅੰਬੇਡਕਰ : ਆਪ ਬਹੁਤ ਚਿੰਤਤ ਹੋ ਕਿ ਉਹਨਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ?

ਪੰਡਿਤ ਨਾਨਕ ਚੰਦ : ਮੈਂ ਚਿੰਤਤ ਨਹੀਂ ਹਾਂ, ਉਹ ਚਿੰਤਤ ਹਨ। ਮੈਂ ਨਹੀਂ ਚਾਹੁੰਦਾ ਕਿ ਕੋਈ ਵੀ ਦਲਿਤ ਵਰਗ ਰਹਿ ਜਾਵੇ।

ਇਹੋ ਜਿਹੀ ਬਹਿਸ ਬੰਗਾਲ ਬਾਰੇ ਵੀ ਹੋਈ। ਹਿੰਦੂ ਮਹਾਂ ਸਭਾ ਦੇ ਆਗੂ ਇਕ ਪਾਸੇ ਤਾਂ ਪੰਜਾਬ ਅਤੇ ਬੰਗਾਲ ਵਿਚ ਅਛੂਤਾਂ ਦੀ ਹੋਂਦ ਤੋਂ ਹੀ ਇਨਕਾਰੀ ਸਨ ਅਤੇ ਦੂਸਰੇ ਪਾਸੇ ਹਿੰਦੂ ਮਹਾਂ ਸਭਾ ਦੇ ਪ੍ਰਭਾਵ ਅਧੀਨ ਜਿਹਨਾਂ ਅਛੂਤ ਜਾਤੀਆਂ ਨੇ 1931 ਦੀ ਮਰਦਮਸ਼ੁਮਾਰੀ ਵਿਚ ਆਪਣੇ ਆਪ ਨੂੰ ਆਰੀਆ ਲਿਖਵਾਇਆ, ਉਹਨਾਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਲ ਕਰਨ ਲਈ ਸਾਹੋ-ਸਾਹ ਹੋ ਰਹੇ ਸਨ।

ਡਾ. ਮੁੰਜੇ ਦੀ ਅਗਵਾਈ ਹੇਠ ਹਿੰਦੂ ਮਹਾਂ ਸਭਾ ਦੇ ਆਗੂਆਂ ਨੇ ਸੰਵਿਧਾਨਕ ਸੁਧਾਰ ਕਮੇਟੀ ਦੀ ਇਸ ਮੀਟਿੰਗ ਵਿਚ ਪੰਜਾਬ ਅਤੇ ਬੰਗਾਲ ਵਿਚ ਪੂਨਾ ਪੈਕਟ ਅਧੀਨ ਅਛੂਤਾਂ ਨੂੰ ਮਿਲੀਆਂ ਰਿਜ਼ਰਵ ਸੀਟਾਂ ਨੂੰ ਰੱਦ ਕਰਵਾਉਣ ਲਈ ਪੁਰਜ਼ੋਰ ਕੋਸ਼ਿਸ਼ ਕੀਤੀ। ਬੰਗਾਲ ਤੋਂ ਤਾਂ ਇਸ ਸਮਝੌਤੇ ਨੂੰ ਰੱਦ ਕਰਵਾਉਣ ਲਈ ਰਾਬਿੰਦਰ ਨਾਥ ਟੈਗੋਰ ਵਰਗੇ ਬੁੱਧੀਜੀਵੀ ਜਿਸਨੇ ਗਾਂਧੀ ਜੀ ਦੀ ਜਾਨ ਬਚਾਉਣ ਲਈ ਪਹਿਲਾਂ ਪੂਨਾ ਪੈਕਟ ਤੇ ਸਹਿਮਤੀ 'ਤੇ ਤਸੱਲੀ ਪ੍ਰਗਟ ਕੀਤੀ ਸੀ, ਪਰ ਇਸ ਸਮਝੌਤੇ ਨੂੰ ਸਮਕਾਲੀਨ ਸੰਵਿਧਾਨ ਵਿਚ ਸ਼ਾਮਲ ਕਰਨ ਲਈ ਲੰਡਨ ਵਿਖੇ ਸੰਵਿਧਾਨਕ ਸੁਧਾਰ ਕਮੇਟੀ ਦੀ ਮੀਟਿੰਗ ਹੋਣ ਤੋਂ ਚਾਰ ਦਿਨ ਪਹਿਲਾਂ, ਉਹੀ 'ਟੈਗੋਰ' ਹਿੰਦੂ ਮਹਾਂ ਸਭਾ ਦੇ ਆਗੂ ਅਤੇ ਕਮੇਟੀ ਦੇ ਇਕ ਮੈਂਬਰ ਸ੍ਰੀ ਐਨ. ਐਨ. ਸਰਕਾਰ ਨੂੰ ਇਕ ਕੇਬਲ ਤਾਰ ਭੇਜ ਕੇ, ਬੰਗਾਲ ਵਿਚ ਇਸ ਸਮਝੌਤੇ ਨੂੰ ਲਾਗੂ ਨਾ ਕਰਨ ਦੀ ਜ਼ੋਰਦਾਰ ਅਪੀਲ ਕਰਦਾ ਹੈ।

ਬੇਸ਼ੱਕ ਇਹ ਮੁੱਦਾ ਬੰਗਾਲ ਨਾਲ ਸਬੰਧਤ ਹੈ, ਪਰ ਪਾਠਕਾਂ ਦੀ ਜਾਣਕਾਰੀ ਵਿਚ ਇਹ ਨਵਾਂ ਵਾਧਾ ਕਰੇਗਾ ਕਿ ਪੂਨਾ ਪੈਕਟ ਹੋਣ ਉਪਰੰਤ ਵੀ ਟੈਗੋਰ ਸਮੇਤ ਹਿੰਦੂ ਮੈਂਬਰ ਕਿੰਨੀਆਂ ਸਵਾਰਥੀ, ਕਪਟੀ ਅਤੇ ਵਿਸ਼ਵਾਸਘਾਤੀ ਚਾਲਾਂ ਚੱਲ ਰਹੇ ਸਨ। ਗਾਂਧੀ ਜੀ ਦੀ ਜਾਨ ਬਚਾਉਣ ਲਈ ਇਹਨਾਂ ਨੇ ਹਰ ਹੀਲਾ ਵਰਤਿਆ, ਡਾ. ਅੰਬੇਡਕਰ ਦੇ ਤਰਲੇ ਵੀ ਕੀਤੇ, ਧਮਕੀਆਂ ਵੀ ਦਿੱਤੀਆਂ, ਅਛੂਤਾਂ ਦੀਆਂ ਬਸਤੀਆਂ ਨੂੰ ਅੱਗਾਂ ਵੀ ਲਾਈਆਂ, ਕਮਿਊਨਲ ਐਵਾਰਡ ਰੱਦ ਕਰਵਾ ਕੇ ਸਮਝੌਤਾ ਵੀ ਕਰ ਲਿਆ, ਪਰ ਜਦੋਂ ਇਸ ਨੂੰ ਐਕਟ ਬਣਾ ਕੇ ਲਾਗੂ ਕਰਨ ਦਾ ਸਮਾਂ ਆਇਆ, ਤਾਂ ਪੰਜਾਬ ਤੇ ਬੰਗਾਲ ਦੇ ਹਿੰਦੂ ਲੀਡਰਾਂ ਨੇ ਇਸ ਸਮਝੌਤੇ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।

ਇਸ ਸਥਿਤੀ ਤੋਂ ਪਾਠਕ ਇਹ ਵੀ ਅੰਦਾਜ਼ਾ ਲਗਾ ਸਕਦੇ ਹਨ ਕਿ ਅਛੂਤਾਂ ਦੇ ਅਧਿਕਾਰਾਂ ਲਈ ਲੰਡਨ ਵਿਖੇ ਸੰਘਰਸ਼ ਕਰਨ ਵਾਲੇ ਕੇਵਲ ਇਕੋ ਇਕ ਮਹਾਨ ਯੋਧੇ, ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਕਿਹਨਾਂ ਵਿਰੋਧੀ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਅੱਜ, ਇਨ੍ਹਾਂ ਦਲਿਤ ਵਿਰੋਧੀ ਹਾਲਾਤ ਅਤੇ ਇਨ੍ਹਾਂ ਨੂੰ ਪਰਿਵਰਤਿਤ ਕਰਨ ਲਈ ਪੂਰੀ ਉਮਰ ਸੰਘਰਸ਼ ਕਰਨ ਵਾਲੇ ਡਾ. ਅੰਬੇਡਕਰ ਦੀ ਜੱਦੋ-ਜਹਿਦ ਨੂੰ ਸਮਝਣ ਅਤੇ ਉਸਦਾ ਅਧਿਐਨ ਕਰਨ ਤੋਂ ਬਿਨਾਂ ਹੀ, ਕੁਝ ਅਹਿਸਾਨ-ਫਰਾਮੋਸ਼, ਆਪਣੇ ਹੀ ਅਕ੍ਰਿਤਘਣ ਲੋਕ ਕਹਿੰਦੇ ਹਨ ਕਿ ਡਾ. ਅੰਬੇਡਕਰ ਜਾਂ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਉਹਨਾਂ ਦੇ ਸਾਥੀਆਂ ਨੇ ਸਾਡੇ ਲਈ ਕੀ ਕੀਤਾ ਹੈ? ਜੱਟਾਂ-ਜ਼ਿਮੀਦਾਰਾਂ ਦੀਆਂ ਬੁੱਤੀਆਂ ਕਰਨ ਵਾਲੇ, ਰੱਜਤਨਾਮਿਆਂ ਵਿਚ ਵੱਸਣ ਅਤੇ ਹਰ ਕਦਮ 'ਤੇ ਨਫ਼ਰਤ ਤੇ ਨਿਰਾਦਰੀ ਦੀ ਪੀੜਾ ਸਹਿਣ ਵਾਲੇ ਉਚੇ ਤੋਂ ਉਚੇ ਅਹੁਦਿਆਂ ਤੱਕ ਪਹੁੰਚਣ ਵਾਲੇ, ਕਾਰਾਂ, ਕੋਠੀਆਂ, ਬੰਗਲਿਆਂ ਅਤੇ ਜ਼ਮੀਨਾਂ ਦੇ ਮਾਲਕ ਅੱਜ ਕਹਿੰਦੇ ਹਨ ਕਿ ਅਸੀਂ ਤਾਂ ਆਪਣੀ ਮਿਹਨਤ ਅਤੇ ਬਾਬਿਆਂ ਦੀ ਕਿਰਪਾ ਦ੍ਰਿਸ਼ਟੀ ਨਾਲ ਇਸ ਮੁਕਾਮ ਤੇ ਪਹੁੰਚੇ ਹਾਂ। ਪਰ ਇਹ 'ਕ੍ਰਿਪਾ ਦ੍ਰਿਸ਼ਟੀ 1932 ਦੇ ਪੂਨਾ ਪੈਕਟ ਤੋਂ ਬਾਅਦ ਹੀ ਕਿਉਂ ਸ਼ੁਰੂ ਹੋਈ ਹੈ? ਚਲੋ, ਇਹ ਇਕ ਵੱਖਰਾ ਵਿਸ਼ਾ ਹੈ, ਇਸ 'ਤੇ ਫਿਰ ਕਦੀ ਚਰਚਾ ਕਰ ਲਵਾਂਗੇ।

ਵਿਸ਼ਵ ਪ੍ਰਸਿੱਧ ਕਵੀ ਅਤੇ ਬੁੱਧੀਜੀਵੀ, ਨੋਬਲ ਵਿਜੇਤਾ ਸਾਹਿਤਕਾਰ ਸ੍ਰੀ ਰਾਵਿੰਦਰ ਨਾਥ ਟੈਗੋਰ ਵੱਲੋਂ 27 ਜੁਲਾਈ, 1933 ਨੂੰ ਗੋਲਮੇਜ਼ ਕਾਨਫਰੰਸ ਅਤੇ ਸੰਵਿਧਾਨਕ ਸੁਧਾਰ ਕਮੇਟੀ ਦੇ ਇਕ ਪ੍ਰਮੁੱਖ ਹਿੰਦੂ ਮੈਂਬਰ ਸ੍ਰੀ. ਐਨ. ਐਨ. ਸਰਕਾਰ ਨੂੰ, ਬੰਗਾਲ ਵਿਚ ਪੂਨਾ ਪੈਕਟ ਨਾ ਲਾਗੂ ਕੀਤੇ ਜਾਣ ਸਬੰਧੀ ਭੇਜੀ ਗਈ ਕੇਬਲ ਤਾਰ ਦਾ ਵਿਸ਼ਾ ਬੜਾ ਦਿਲਚਸਪ ਅਤੇ ਇਹਨਾਂ ਲੋਕਾਂ ਦੀ 'ਕੂਟਨੀਤੀ' ਨੂੰ ਦ੍ਰਿਸ਼ਟੀਗੋਚਰ ਕਰਦਾ ਹੈ, ਦੇ ਕੁਝ ਅੰਸ਼ ਇੱਥੇ ਪ੍ਰਸਤੁਤ ਹਨ:-

### ਮਾਨਨੀਯ ਰਵਿੰਦਰ ਨਾਥ ਟੈਗੋਰ ਦਾ ਕੇਬਲ ਤਾਰ



(ੳ) ਮਾਨਨੀਯ ਐਨ. ਸਰਕਾਰ, ਮੈਨੂੰ ਯਾਦ ਹੈ ਕਿ ਮੈਂ ਪ੍ਰਧਾਨ ਮੰਤਰੀ ਨੂੰ ਇਕ ਕੇਬਲ ਤਾਰ ਭੇਜ ਕੇ ਉਨ੍ਹਾਂ ਨੂੰ ਅਨੁਰੋਧ ਕੀਤਾ ਸੀ ਕਿ ਮਹਾਤਮਾ (ਗਾਂਧੀ) ਜੀ ਦੁਆਰਾ ਪੇਸ਼ ਕੀਤੇ ਗਏ ਕਮਿਊਨਲ ਐਵਾਰਡ ਨਾਲ ਸਬੰਧਤ ਪ੍ਰਸਤਾਵ ਨੂੰ ਸਵੀਕਾਰ ਕਰਨ ਵਿਚ ਜ਼ਰਾ ਜਿੰਨੀ ਵੀ ਦੇਰੀ ਨਾ ਕਰਨ। ਉਸ ਸਮੇਂ ਇਕ ਅਜਿਹੀ ਸਥਿਤੀ ਪੈਦਾ ਹੋ ਗਈ ਸੀ, ਜੋ ਇੰਨੀ ਦਰਦਨਾਕ ਸੀ ਕਿ ਸਾਨੂੰ ਪਲ ਭਰ ਵੀ ਮਨ ਦੀ ਸ਼ਾਂਤੀ ਨਸੀਬ ਨਹੀਂ ਹੋਈ, ਤਾਂ ਕਿ ਅਸੀਂ ਪੂਨਾ ਸਮਝੌਤੇ ਦੇ ਸੰਭਾਵਿਤ ਨਤੀਜਿਆਂ ਦੇ ਬਾਰੇ ਵਿਚ ਸ਼ਾਂਤੀਪੂਰਵਕ ਵਿਚਾਰ ਕਰ ਸਕਦੇ।

(ਡਾ. ਅੰਬੇਡਕਰ, ਲਿਖਤਾਂ ਤੇ ਭਾਸ਼ਣ, ਖੰਡ 5, ਪੰਨਾ 254)

(ਅ) ਮਹਾਤਮਾ (ਗਾਂਧੀ) ਜੀ ਦੇ ਪ੍ਰਤੀ ਬੇਹੱਦ ਸਨੇਹ ਅਰਥਾਤ ਪਿਆਰ ਦੇ ਕਾਰਨ ਭਾਰਤੀ ਰਾਜਨੀਤੀ ਵਿਚ ਉਨ੍ਹਾਂ ਦੀ ਡੂੰਘੀ ਸੂਝ ਸਮਝ ਪ੍ਰਤੀ ਪੂਰਨ ਵਿਸ਼ਵਾਸ ਦੇ ਕਾਰਨ ਅਤੇ ਰਾਜਨੀਤਿਕ ਵਰਤਾਰੇ ਸਬੰਧੀ ਕੋਈ ਅਨੁਭਵ ਨਾ ਰੱਖਦੇ ਹੋਏ, ਮੈਂ ਇਹ ਸਾਵਧਾਨੀ ਵਰਤੇ ਬਿਨਾਂ ਕਿ (ਪੂਨਾ ਪੈਕਟ ਦੁਆਰਾ) ਬੰਗਾਲ ਦੇ ਮਾਮਲੇ ਵਿਚ ਇਨਸਾਫ ਦੀ ਬਲੀ ਚੜ੍ਹਾ ਦਿੱਤੀ ਗਈ ਹੈ, ਅਤੇ ਇਸ ਸਬੰਧੀ ਹੋਰ ਅੱਗੇ ਵਿਚਾਰ-ਵਟਾਂਦਰਾ ਕਰਨ ਦੀ ਉਡੀਕ ਨਾ ਕਰਨ ਦੀ ਵੱਡੀ ਗਲਤੀ ਕੀਤੀ ਸੀ।

(ਉਹੀ, ਪੰਨਾ 254)

(ੲ) ਹੁਣ ਮੈਨੂੰ ਜ਼ਰਾ ਜਿੰਨੀ ਵੀ ਸ਼ੰਕਾ, ਸੰਦੇਹ ਨਹੀਂ ਕਿ ਐਸਾ ਅਨਿਆਏ (ਪੂਨਾ ਪੈਕਟ ਲਾਗੂ ਕਰਨ ਨਾਲ) ਸਾਰੇ ਸਬੰਧਤ ਦਲਾਂ ਲਈ ਪ੍ਰੇਸ਼ਾਨੀ ਪੈਦਾ ਕਰਦਾ ਰਹੇਗਾ ਅਤੇ ਸਾਡੇ ਪ੍ਰਾਂਤ ਵਿਚ ਘੋਰ ਸੰਪ੍ਰਦਾਇਕ ਭਾਵਨਾ ਨੂੰ ਜਿਉਂਦਿਆਂ ਰੱਖੇਗਾ, ਜਿਸ ਨਾਲ ਸ਼ਾਂਤੀਪੂਰਨ ਸ਼ਾਸਨ ਚਲਾਉਣਾ ਹਮੇਸ਼ਾਂ ਕਠਿਨ ਹੋਵੇਗਾ।

(ਉਹੀ, ਪੰਨਾ 255)

ਉਪਰੋਕਤ ਤਾਰ ਅਜੋਕੇ ਅਖੌਤੀ ਬੁੱਧੀਜੀਵੀਆਂ ਵਾਂਗ ਸ੍ਰੀ ਰਾਵਿੰਦਰ ਨਾਥ ਟੈਗੋਰ ਵੱਲੋਂ ਸੰਵਿਧਾਨਕ ਸੁਧਾਰ ਕਮੇਟੀ ਦੇ ਮੈਂਬਰ ਸ੍ਰੀ ਐਨ. ਐਨ. ਸਰਕਾਰ ਨੂੰ ਭੇਜੀ ਗਈ ਸੀ, ਤਾਂ ਕਿ ਬੰਗਾਲ ਦੇ ਅਛੂਤਾਂ ਲਈ ਜਿਹੜੀਆਂ 30 ਸੀਟਾਂ ਪੂਨਾ ਪੈਕਟ ਵਿਚ ਡਾ. ਅੰਬੇਡਕਰ ਨੇ ਰਿਜ਼ਰਵ ਕਰਵਾਈਆਂ ਸਨ, ਉਹਨਾਂ ਨੂੰ ਰੱਦ ਕੀਤਾ ਜਾ ਸਕੇ। ਇਸ ਬਹਿਸ ਵਿਚੋਂ ਇਕ ਹੋਰ ਮਹੱਤਵਪੂਰਨ ਤੱਥ ਵੀ ਸਾਹਮਣੇ ਆਇਆ ਹੈ ਕਿ ਗਾਂਧੀ ਜੀ ਤਾਂ ਭਾਰਤ ਦੇ ਅਛੂਤਾਂ ਨੂੰ ਸੰਯੁਕਤ ਚੋਣ ਅਧਿਕਾਰ (ਅਛੂਤਾਂ ਨੂੰ ਮਿਲੇ ਵਰਤਮਾਨ ਚੋਣ ਅਧਿਕਾਰ ਅਰਥਾਤ ਵਰਤਮਾਨ ਰਿਜ਼ਰਵ ਸੀਟਾਂ) ਵੀ ਦੇਣ ਲਈ ਤਿਆਰ ਨਹੀਂ ਸੀ। ਇਸਦਾ ਖੁਲਾਸਾ ਸੰਵਿਧਾਨਕ ਸੁਧਾਰ ਕਮੇਟੀ ਦੀਆਂ ਪ੍ਰੋਸੀਡਿੰਗਜ਼ ਦੇ ਪ੍ਰਸ਼ਨ ਨੰਬਰ 8841 ਵਿਚ ਹਿੰਦੂ ਮਹਾਂ ਸਭਾ ਦੇ ਪ੍ਰਧਾਨ ਡਾ. ਬੀ. ਐਸ. ਮੁੰਜੇ ਨੇ ਕੀਤਾ ਸੀ:-

ਡਾ. ਮੁੰਜੇ : ਬੰਬਈ ਦੀ ਮੀਟਿੰਗ ਵਿਚ ਮੈਨੂੰ ਪੰਡਿਤ ਮਾਲਵੀਯ ਨੇ ਬੁਲਾਇਆ ਸੀ, ਜਦੋਂ ਉਥੇ ਬੈਠਕ ਹੋ ਰਹੀ ਸੀ। ਡਾ. ਅੰਬੇਡਕਰ ਨੂੰ ਯਾਦ ਹੋਵੇਗਾ, ਮੈਂ ਇਹ ਕਿਹਾ ਸੀ ਕਿ ਜਦੋਂ ਮਹਾਤਮਾ ਗਾਂਧੀ ਸੰਯੁਕਤ ਚੋਣ ਪ੍ਰਣਾਲੀ (ਵਰਤਮਾਨ ਚੋਣ ਸਿਸਟਮ) ਅਧੀਨ ਦਲਿਤ ਵਰਗਾਂ ਨੂੰ ਰਿਜ਼ਰਵ ਸੀਟਾਂ ਵੀ ਦੇਣ ਲਈ ਤਿਆਰ ਨਹੀਂ, ਤਾਂ ਇਸ ਪ੍ਰਸ਼ਨ 'ਤੇ ਕੋਈ ਸਮਝੌਤਾ ਕਰਨਾ ਸੰਭਵ ਨਹੀਂ ਹੈ, ਜਿਸ ਨਾਲ ਉਹ ਆਪਣਾ ਵਰਤ ਤੋੜ ਸਕਣ। ਵਾਸਤਵ ਵਿਚ 24 ਸਤੰਬਰ 1932 ਨੂੰ, ਗਾਂਧੀ ਜੀ ਦੀ ਜਾਨ ਬਚਾਉਣ ਲਈ ਹਿੰਦੂਆਂ ਨੇ ਡਾ. ਅੰਬੇਡਕਰ ਨਾਲ ਪੂਨਾ ਪੈਕਟ ਤਾਂ ਕਰ ਲਿਆ, ਪਰ ਉਹਨਾਂ ਨੂੰ ਇਹ ਪੱਕਾ ਵਿਸ਼ਵਾਸ ਸੀ ਕਿ ਨਵੇਂ ਸੰਵਿਧਾਨ, ਅਰਥਾਤ ਗੌਰਮਿੰਟ ਆਫ਼ ਇੰਡੀਆ ਐਕਟ ਵਿਚ ਇਸ ਨੂੰ ਰੱਦ ਕਰਵਾ ਲੈਣਗੇ। ਸਦੀਆਂ ਤੋਂ ਅਛੂਤ ਵਿਰੋਧੀ ਮਾਨਸਿਕਤਾ ਦੇ ਸਿੱਟੇ ਵਜੋਂ ਉਹ ਹਾਲੇ ਵੀ ਇਸ ਸਚਾਈ ਤੋਂ ਇਨਕਾਰੀ ਹੋਣ ਦਾ ਭਰਮ ਪਾਲ ਰਹੇ ਸਨ ਕਿ ਹੁਣ ਭਾਰਤ ਦੇ ਅਛੂਤ ਵੀ ਰਾਜ ਭਾਗ ਦੇ ਸ਼ਾਸਨ ਪ੍ਰਬੰਧ ਦਾ ਹਿੱਸਾ ਬਣਨਗੇ। ਕਈ ਸਾਲ ਪਹਿਲਾਂ ਹਿੰਦੂ ਆਗੂ ਬਾਲ ਗੰਗਾਧਰ ਤਿਲਕ, ਜਿਹੜਾ ਕਹਿੰਦਾ ਸੀ, 'ਆਜ਼ਾਦੀ ਮੇਰਾ ਜਨਮ ਸਿੱਧ ਅਧਿਕਾਰ ਹੈ' ਪਰ ਜਦੋਂ ਡਾ. ਅੰਬੇਡਕਰ ਨੇ 27 ਜਨਵਰੀ 1919 ਨੂੰ ਸਾਊਥਬੋਰੋ ਕਮੇਟੀ ਅੱਗੇ ਪੇਸ਼ ਹੋ ਕੇ 55 ਨੁਕਤਿਆਂ ਅਤੇ 24 ਪੰਨਿਆਂ ਵਿਚ ਅੰਕਿਤ ਲਿਖਤੀ ਅਤੇ ਜ਼ੁਬਾਨੀ-ਕਲਾਮੀ ਬਿਆਨ ਦੇ ਕੇ ਭਾਰਤ ਦੇ ਅਛੂਤਾਂ ਦੀ ਆਜ਼ਾਦੀ ਲਈ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਕੀਤੀ, ਤਾਂ ਉਹੀ ਤਿਲਕ ਮਖੌਲ ਕਰਦਿਆਂ ਕਹਿਣ ਲੱਗਾ ਕਿ 'ਤੇਲੀ ਤਮੋਲੀ ਔਰ ਕੁਨਬਟ, ਕਿਆ ਸੰਸਦ ਮੇ ਹਲ ਚਲਾਏਂਗੇ?'

ਇਸ ਹਿੰਦੂ ਮਾਨਸਿਕਤਾ ਅਧੀਨ ਹੀ ਪੂਨਾ ਪੈਕਟ ਨੂੰ ਪੰਜਾਬ ਅਤੇ ਬੰਗਾਲ ਵਿਚ ਨਾ ਲਾਗੂ ਕੀਤੇ ਜਾਣ ਲਈ ਸੰਵਿਧਾਨਕ ਸੁਧਾਰ ਕਮੇਟੀ ਦੀ ਲੰਡਨ ਵਿਖੇ 31 ਜੁਲਾਈ 1933 ਨੂੰ ਹੋਈ ਮੀਟਿੰਗ ਵਿਚ ਹਿੰਦੂ ਮਹਾਂ ਸਭਾ ਦੇ ਸਾਰੇ ਲੀਡਰ ਜ਼ੋਰਦਾਰ ਉਪਰਾਲੇ ਕਰ ਰਹੇ ਸਨ। ਹੁਣ ਜਦੋਂ ਨਵਾਂ ਸੰਵਿਧਾਨ ਬਣਾਉਂਦਿਆਂ ਪੂਨਾ ਪੈਕਟ ਨੂੰ ਗੌਰਮਿੰਟ ਆਫ਼ ਇੰਡੀਆ ਐਕਟ ਵਿਚ ਸ਼ਾਮਲ ਕਰਨ ਦਾ ਸਮਾਂ ਆਇਆ ਤਾਂ ਹਿੰਦੂ ਲੀਡਰਾਂ ਨੇ ਫਿਰ ਰੁਕਾਵਟਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹਨਾਂ ਨੇ ਇਕ ਵਾਰੀ ਫਿਰ ਵੱਖ-ਵੱਖ ਪ੍ਰਾਂਤਾਂ ਵਿਚ ਅਛੂਤਾਂ ਦੀ ਗਿਣਤੀ ਅਤੇ ਹੋਂਦ ਦਾ ਮਸਲਾ ਖੜ੍ਹਾ ਕਰ ਦਿੱਤਾ। ਸਮਕਾਲੀਨ ਪੰਜਾਬ ਸਰਕਾਰ ਅਤੇ ਸਟੇਟ ਫਰੈਂਚਾਈਜ਼ ਕਮੇਟੀ ਵੱਲੋਂ ਲੋਥੀਅਨ ਕਮੇਟੀ ਨੂੰ ਪ੍ਰਸਤੁਤ ਸਿਫਾਰਸ਼ਾਂ ਅਰਥਾਤ ਮੈਮੋਰੰਡਮ ਨੂੰ ਆਧਾਰ ਬਣਾ ਕੇ, ਉਹਨਾਂ ਨੇ ਪੰਜਾਬ ਵਿਚ ਪੂਨਾ ਪੈਕਟ ਰੱਦ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ। ਪਾਠਕਾਂ ਦੀ ਜਾਣਕਾਰੀ ਹਿਤ, ਪੰਜਾਬ ਤੇ ਬੰਗਾਲ ਦੀਆਂ ਸਰਕਾਰਾਂ ਅਤੇ ਸਟੇਟ ਫਰੈਂਚਾਈਜ਼ ਕਮੇਟੀਆਂ ਵੱਲੋਂ ਲੋਥੀਅਨ ਕਮੇਟੀ ਨੂੰ ਦਿੱਤੇ ਗਏ ਮੈਮੋਰੰਡਮ ਵਾਚਣੇ ਵੀ ਦਿਲਚਸਪ ਅਤੇ ਜਿਗਿਆਸਾ ਭਰਪੂਰ ਹੋਵੇਗਾ। ਇਸ ਨੂੰ ਆਧਾਰ ਬਣਾ ਕੇ ਹੀ ਕਮਿਊਨਲ ਐਵਾਰਡ ਵਿਚ ਪੰਜਾਬ ਤੇ ਬੰਗਾਲ ਨੂੰ ਵਿਸ਼ੇਸ਼ ਚੋਣ ਅਧਿਕਾਰਾਂ ਤੋਂ ਵਾਂਝੇ ਰੱਖਿਆ ਗਿਆ ਸੀ।

### ਪੰਜਾਬ ਸਰਕਾਰ ਵੱਲੋਂ ਲੋਥੀਅਨ ਕਮੇਟੀ ਨੂੰ ਪ੍ਰਸਤੁਤ ਮੈਮੋਰੰਡਮ ਦੇ ਕੁਝ ਅੰਸ਼

(ੳ) ਪੰਜਾਬ ਸਰਕਾਰ ਦੀ ਰਾਇ ਹੈ ਕਿ ਪੱਟੇਦਾਰ ਨੂੰ ਅਧਿਕਾਰ ਦੇਣ ਨਾਲ ਦਲਿਤ ਵਰਗ ਦੇ ਲੋਕਾਂ ਨੂੰ ਵੋਟ ਦਾ ਅਧਿਕਾਰ ਮਿਲ ਜਾਵੇਗਾ ਅਤੇ ਉਸ ਹੱਦ ਤਕ ਕੌਂਸਲ ਲਈ ਪ੍ਰਤੀਨਿਧ ਚੁਣਨ ਨਾਲ ਉਹਨਾਂ ਦਾ ਪ੍ਰਭਾਵ ਵੀ ਵੱਧ ਜਾਵੇਗਾ।

(ਡਾ. ਅੰਬੇਡਕਰ ਲਿਖਤਾਂ ਤੇ ਭਾਸ਼ਣ, ਖੰਡ 10, ਪੰਨਾ 144)

(ਅ) ਜਿੱਥੋਂ ਤੱਕ ਦਲਿਤ ਵਰਗਾਂ ਦਾ ਸਬੰਧ ਹੈ, ਪੰਜਾਬ ਸਰਕਾਰ ਦੇ ਸਰਕਾਰੀ ਮੈਂਬਰਾਂ ਦਾ ਇਹ ਵਿਚਾਰ ਹੈ ਕਿ ਪੰਜਾਬ ਵਿਚ ਇਹਨਾਂ ਵਰਗਾਂ ਦੀ ਕੋਈ ਅਜੋਕੀ ਸਮੱਸਿਆ ਨਹੀਂ ਹੈ ਅਤੇ ਉਹਨਾਂ ਨੂੰ ਪੱਟੇਦਾਰਾਂ ਦੇ ਰੂਪ ਵਿਚ ਕੁਝ ਪ੍ਰਤੀਨਿਧਤਾ ਪ੍ਰਾਪਤ ਹੋ ਜਾਵੇਗੀ। (ਉਹੀ, ਪੰਨਾ 144)

ਪੰਜਾਬ ਸਟੇਟ ਦੀ ਫਰੈਂਚਾਈਜ਼ ਕਮੇਟੀ ਦੇ 11 ਮੈਂਬਰ ਸਨ, ਇਸਦਾ ਜ਼ਿਕਰ ਪਹਿਲਾਂ ਇਹਨਾਂ ਕਾਲਮਾਂ ਵਿਚ ਕੀਤਾ ਜਾ ਚੁੱਕਾ ਹੈ। ਇਹਨਾਂ ਵਿਚੋਂ ਦੋ ਮੈਂਬਰਾਂ ਨੇ ਅਛੂਤਾਂ ਦੇ ਹੱਕ ਵਿਚ, ਅਤੇ ਨੌਂ ਮੈਂਬਰਾਂ ਨੇ ਅਛੂਤਾਂ ਨੂੰ ਵਿਸ਼ੇਸ਼ ਚੋਣ ਅਧਿਕਾਰ ਦਿੱਤੇ ਜਾਣ ਦੇ ਵਿਰੋਧ ਵਿਚ ਆਪਣੀ ਰਾਇ ਪ੍ਰਗਟ ਕੀਤੀ ਸੀ। ਇਹਨਾਂ ਨੌਂ ਮੈਂਬਰਾਂ ਵਿਚ ਸਰ ਛੋਟੂ ਰਾਮ (ਜੋ 1937 ਦੀ ਚੋਣ ਉਪਰੰਤ ਪੰਜਾਬ ਦਾ ਕੈਬਨਿਟ ਮਨਿਸਟਰ ਬਣਿਆ) ਵੀ ਸੀ, ਜਿਸ ਨੂੰ ਹਾਲੇ ਵੀ ਕਈ ਭੁੱਲੜ ਐਸ. ਸੀ. ਆਪਣਾ ਮਸੀਹਾ, ਦੀਨਬੰਧੂ ਮੰਨੀ ਜਾਂਦੇ ਹਨ। ਇਹ ਦੀਨਬੰਧੂ ਛੋਟੂ ਰਾਮ ਕੇਵਲ ਕਿਸਾਨਾਂ ਦਾ ਕੱਟੜ ਹਿਮਾਇਤੀ ਸੀ, ਪਰ ਅਛੂਤ-ਅਧਿਕਾਰਾਂ ਦਾ ਤਕੜਾ ਵਿਰੋਧੀ ਸੀ। ਅਗਲੇ ਕਾਲਮਾਂ ਵਿਚ ਉਸਦੇ ਅਛੂਤ ਵਿਰੋਧੀ ਵਿਵਹਾਰ ਨੂੰ ਵੀ ਪ੍ਰਸਤੁਤ ਕੀਤਾ ਜਾਵੇਗਾ। ਡਾ. ਅੰਬੇਡਕਰ ਲਿਖਦੇ ਹਨ :-

### ਪੰਜਾਬ ਪ੍ਰਾਂਤ ਦੀ ਮੱਤ-ਅਧਿਕਾਰ (ਫਰੈਂਚਾਈਜ਼) ਕਮੇਟੀ ਦੀ ਰਾਇ

(ੳ) ਕੇ. ਬੀ. ਐਸ. ਦੀਨ ਮੁਹੰਮਦ ਅਤੇ ਸ੍ਰੀ ਹੰਸ ਰਾਜ (ਜੋ ਕਮੇਟੀ ਵਿਚ ਅਛੂਤਾਂ ਦੇ ਪ੍ਰਤੀਨਿਧ ਸਨ) ਦੀ ਰਾਏ ਹੈ ਕਿ ਜਿੱਥੇ ਮੁਸਲਮਾਨਾਂ ਵਿਚ ਕੋਈ ਦਲਿਤ ਵਰਗ ਨਹੀਂ ਹੈ, ਉਥੇ ਹਿੰਦੂਆਂ ਅਤੇ ਸਿੱਖਾਂ ਵਿਚ ਦਲਿਤ ਵਰਗ ਹੈ। ਉਹਨਾਂ ਦੀ ਕੁੱਲ ਸੰਖਿਆ 13,10,709 'ਤੇਰਾਂ ਲੱਖ ਦਸ ਹਜ਼ਾਰ ਸੱਤ ਸੌ ਨੌਂ) ਹੈ। ਸ੍ਰੀ ਹੰਸ ਰਾਜ ਦਾ ਵਿਚਾਰ ਹੈ ਕਿ ਇਹ ਸੂਚੀ ਅਧੂਰੀ ਹੈ। ਇਨ੍ਹਾਂ ਦੀ ਰਾਇ ਹੈ ਕਿ ਦਲਿਤ ਵਰਗਾਂ ਨੂੰ ਇਕ ਵੱਖਰਾ ਸੰਪ੍ਰਦਾਇ ਮੰਨਦੇ ਹੋਏ, ਉਹਨਾਂ ਲਈ ਵੱਖਰੀ ਨੁਮਾਇੰਦਗੀ ਦੀ ਵਿਵਸਥਾ ਕੀਤੀ ਜਾਵੇ।

(ਡਾ. ਅੰਬੇਡਕਰ ਲਿਖਤਾਂ ਤੇ ਭਾਸ਼ਣ, ਖੰਡ 10, ਪੰਨਾ 144)

(ਅ) ਮਿ. ਮਾਇਲਜ਼ ਇਰਵਿੰਗ, ਸ੍ਰੀ ਨਜ਼ੀਰ ਹੁਸੈਨ, ਸ੍ਰੀ ਛੋਟੂ ਰਾਮ, ਸ੍ਰੀ ਉਇਨ ਰੋਬਰਟ, ਸ੍ਰੀ ਕੇ. ਬੀ. ਮੁਹੰਮਦ ਹਿਯਾਤ, ਸ੍ਰੀਮਤੀ ਚੈਟਰਜੀ, ਸਰਦਾਰ ਬੂਟਾ ਸਿੰਘ, ਸ੍ਰੀ ਐਮ. ਏ. ਗਨੀ, ਪੰਡਿਤ ਨਾਨਕ ਚੰਦ ਦੀ ਰਾਇ ਹੈ ਕਿ ਇਹ ਕਹਿਣਾ ਅਸੰਭਵ ਹੈ ਕਿ ਪੰਜਾਬ ਵਿਚ ਇਸ ਅਰਥ ਵਿਚ ਕੋਈ ਦਲਿਤ ਵਰਗ ਹੈ ਕਿ ਆਪਣੇ ਧਰਮ ਦੇ ਕਾਰਨ ਕਿਸੇ ਵਿਅਕਤੀ ਦੇ ਨਾਗਰਿਕ ਅਧਿਕਾਰਾਂ ਨੂੰ ਕੋਈ ਚੋਟ ਪਹੁੰਚਦੀ ਹੋਵੇ। ਚੇਅਰਮੈਨ ਮਿ. ਮਾਇਲਜ਼, ਪੰਡਤ ਨਾਨਕ ਚੰਦ ਅਤੇ ਸਰਦਾਰ ਬੂਟਾ ਸਿੰਘ ਦੀ ਰਾਇ ਹੈ ਕਿ ਜਿਸ ਅਰਥ ਵਿਚ, ਦੱਖਣ ਭਾਰਤ ਵਿਚ ਦਲਿਤ ਵਰਗ ਮੌਜੂਦ ਹਨ, ਉਸ ਅਰਥ ਵਿਚ ਉਹ ਪੰਜਾਬ ਵਿਚ ਨਹੀਂ ਹਨ।



ਡਾ. ਜੀ. ਸੀ. ਕੌਲ
91-94632-23223

(ਉਹੀ, ਪੰਨਾ 144)

(ੲ) ਇਸ ਤਰ੍ਹਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਪ੍ਰਾਂਤ ਦੀ ਸਰਕਾਰ ਇਸ ਪ੍ਰਸ਼ਨ ਦਾ ਉਤਰ ਦੇਣ ਤੋਂ ਕਤਰਾ ਗਈ, ਅਰਥਾਤ ਆਨਾਕਾਨੀ ਕਰ ਗਈ। ਪੰਜਾਬ ਪ੍ਰਾਂਤ ਦੀ ਕਮੇਟੀ ਨੇ ਬਹੁਮਤ ਨਾਲ ਇਨਕਾਰ ਕਰ ਦਿੱਤਾ ਕਿ ਪ੍ਰਾਂਤ ਵਿਚ ਦਲਿਤ ਅਰਥਾਤ ਅਛੂਤ ਜੈਸਾ ਕੋਈ ਵਰਗ ਹੈ।

(ਉਹੀ, ਪੰਨਾ 145)

ਇਹੀ ਸਥਿਤੀ ਬੰਗਾਲ ਪ੍ਰਾਂਤ ਦੀ ਫਰੈਂਚਾਈਜ਼ ਕਮੇਟੀ ਦੀ ਸੀ, ਨਿਰਾ ਝੂਠ, ਕਪਟ, ਬੇਈਮਾਨੀ ਅਤੇ ਧੋਖਾ। ਬੰਗਾਲ ਦੀ ਕਮੇਟੀ ਨੇ ਵੀ ਲੋਥੀਅਨ ਕਮੇਟੀ ਨੂੰ ਦਿੱਤੇ ਮੈਮੋਰੰਡਮ ਵਿਚ ਕਿਹਾ ਕਿ ਇਥੇ ਸਿਰਫ 'ਭੂਈਮਾਲੀ' ਜਾਤ ਹੀ ਅਛੂਤ ਹੈ। ਇਹ ਝੂਠ ਤਾਂ 1932 ਦਾ ਹੈ, ਜਦਕਿ ਹਰ ਕੋਈ ਜਾਣਦਾ ਹੈ ਕਿ 88 ਸਾਲ ਬਾਅਦ, ਅੱਜ ਵੀ ਬੰਗਾਲ ਦੀਆਂ ਅਨੁਸੂਚਿਤ ਜਾਤੀਆਂ ਦੇ ਹਾਲਾਤ ਬਹੁਤ ਭਿਆਨਕ ਤੇ ਪੀੜਾਂ ਭਰੇ ਹਨ। ਇੰਝ ਜਾਪਦੈ ਜਿਵੇਂ ਅਛੂਤ-ਅਧਿਕਾਰਾਂ ਦੇ ਮਾਮਲੇ ਵਿਚ ਹਿੰਦੂ ਅਤੇ ਮੁਸਲਮਾਨ ਆਪਸ ਵਿਚ ਇਕੱਠੇ ਹੋ ਗਏ ਸਨ। ਇਸ ਤੱਥ ਨੂੰ ਡਾ. ਅੰਬੇਡਕਰ ਨੇ ਵੀ ਸਵੀਕਾਰ ਕੀਤਾ ਹੈ। ਪੰਜਾਬ ਅਤੇ ਬੰਗਾਲ ਪ੍ਰਾਂਤਾਂ ਬਾਰੇ ਉਹ ਲਿਖਦੇ ਹਨ:

(ੳ) ਸਛੂਤ ਅਤੇ ਅਛੂਤਾਂ ਦੇ ਇਸ ਸੰਘਰਸ਼ ਵਿਚ ਅਛੂਤਾਂ ਨੂੰ ਮੁਸਲਮਾਨਾਂ ਤੋਂ ਕੋਈ ਸਮਰਥਨ ਨਹੀਂ ਮਿਲਿਆ। ਇਸ ਵੱਲ ਵੀ ਧਿਆਨ ਦੇਣਾ ਹੋਵੇਗਾ ਕਿ ਪੰਜਾਬ ਪ੍ਰਾਂਤ ਦੀ ਮੱਤ-ਅਧਿਕਾਰ ਕਮੇਟੀ ਵਿਚ ਕੇਵਲ ਇਕ ਮੁਸਲਮਾਨ (ਖਾਨ ਬਹਾਦੁਰ ਸ਼ੇਖ ਦੀਨ ਮੁਹੰਮਦ ਐਲ. ਐਲ. ਬੀ., ਐਮ. ਐਲ. ਸੀ.) ਨੇ ਅਛੂਤਾਂ ਦੇ ਪ੍ਰਤੀਨਿਧਾਂ ਦੇ ਉਸ ਦਾਅਵੇ ਦਾ ਸਮਰਥਨ ਕੀਤਾ ਕਿ ਪੰਜਾਬ ਵਿਚ ਐਸੀਆਂ ਜਾਤੀਆਂ ਹਨ, ਜਿਹਨਾਂ ਨੂੰ ਅਛੂਤ ਮੰਨਿਆ ਜਾਂਦਾ ਹੈ। ਕਮੇਟੀ ਦੇ ਦੂਸਰੇ ਬਾਕੀ (ਤਿੰਨ) ਮੁਸਲਮਾਨ ਮੈਂਬਰਾਂ ਨੇ ਸਮਰਥਨ ਨਹੀਂ ਦਿੱਤਾ।

(ਡਾ. ਅੰਬੇਡਕਰ ਲਿਖਤਾਂ ਤੇ ਭਾਸ਼ਣ, ਖੰਡ 10, ਪੰਨਾ 150)

(ਅ) ਬੰਗਾਲ ਵਿਚ ਬੰਗਾਲ ਪ੍ਰਾਂਤ ਦੀ ਮੱਤ-ਅਧਿਕਾਰ ਕਮੇਟੀ ਦੇ ਹਿੰਦੂ ਅਤੇ ਮੁਸਲਮਾਨ ਮੈਂਬਰ ਇਸ ਬਾਰੇ ਆਪਸ ਵਿਚ ਸਹਿਮਤ ਹੋ ਗਏ ਕਿ ਉਹ ਇਸ ਮਾਮਲੇ ਤੇ ਕੋਈ ਵਿਚਾਰ ਪੇਸ਼ ਹੀ ਨਹੀਂ ਕਰਨਗੇ। ਇਹ ਕਿੰਨੀ ਅਜੀਬ ਗੱਲ ਹੈ ਕਿ ਮੁਸਲਮਾਨ ਮੈਂਬਰਾਂ ਨੇ ਚੁੱਪੀ ਸਾਧ ਲਈ। ਹਾਲਾਂਕਿ ਇਹ ਉਹਨਾਂ ਦੇ ਹਿੱਤ ਵਿਚ ਹੀ ਸੀ ਕਿ ਅਛੂਤਾਂ ਨੂੰ ਵੱਖਰੇ ਰਾਜਨੀਤਿਕ ਸੰਪਰਦਾਇ ਵਜੋਂ ਸਵੀਕਾਰ ਕੀਤਾ ਜਾਂਦਾ।

(ਉਹੀ, ਪੰਨਾ 150)

ਇਸ ਅਛੂਤ/ਸਛੂਤ ਦੇ ਮਸਲੇ ਨੂੰ ਹੀ 1933 ਵਿਚ ਹਿੰਦੂਆਂ ਨੇ ਦੁਬਾਰਾ ਸੰਵਿਧਾਨਕ ਸੁਧਾਰ ਕਮੇਟੀ ਦੀ ਮੀਟਿੰਗ ਵਿਚ ਪੂਰੀ ਤਾਕਤ ਨਾਲ ਉਛਾਲਣ ਦਾ ਯਤਨ ਕੀਤਾ। ਹਿੰਦੂ ਮਹਾਂ ਸਭਾ ਦੇ ਪ੍ਰਧਾਨ ਡਾ. ਮੁੰਜੇ ਨੇ ਇਸ ਮੀਟਿੰਗ ਵਿਚ ਡਾ. ਅੰਬੇਡਕਰ ਸਾਹਮਣੇ ਇਹ ਖੁੱਲ੍ਹੀ ਪੇਸ਼ਕਸ਼ ਵੀ ਕੀਤੀ ਕਿ ਇਸ ਪੂਰੇ ਸਵਾਲ ਦਾ ਫੈਸਲਾ, ਬੰਗਾਲ ਅਤੇ ਪੰਜਾਬ ਵਿਚ ਹੀ ਕੀਤਾ ਜਾਵੇ ਕਿ ਦਲਿਤ ਵਰਗ ਦੀ ਪਰਿਭਾਸ਼ਾ ਅਨੁਸਾਰ ਉਹਨਾਂ ਦੀ ਗਿਣਤੀ ਕਿੰਨੀ ਹੈ ਅਤੇ ਉਸ ਪਰਿਭਾਸ਼ਾ ਦੇ ਅਨੁਸਾਰ ਦਲਿਤ ਵਰਗ ਦੇ ਕਿੰਨੇ ਉਹ ਮੈਂਬਰ ਹਨ, ਜੋ ਅਛੂਤ ਹਨ? ਡਾ. ਅੰਬੇਡਕਰ ਵੱਲੋਂ ਪੁੱਛੇ ਗਏ ਤਿੱਖੇ ਸਵਾਲਾਂ ਅਤੇ ਪ੍ਰਸਤੁਤ ਦਲੀਲਾਂ ਅੱਗੇ ਇਹ ਸਾਰੇ ਹਿੰਦੂ ਆਗੂ ਬੇਵੱਸ ਅਤੇ ਲਾਜਵਾਬ ਹੋ ਗਏ। ਡਾ. ਅੰਬੇਡਕਰ ਨੇ ਸਪਸ਼ਟ ਕਿਹਾ:-

**8914:** ਮੈਂ ਆਪਣੇ ਲੋਕਾਂ ਦੀ ਤਕਦੀਰ ਨੂੰ ਦਲਗਤ ਰਾਜਨੀਤੀ ਦੀ ਖੇਡ ਨਹੀਂ ਬਣਾਉਣਾ ਚਾਹੁੰਦਾ ਅਤੇ ਮੈਨੂੰ ਖੇਦ ਹੈ ਕਿ ਮੈਂ ਇਸ ਪੇਸ਼ਕਸ਼ ਨੂੰ ਸਵੀਕਾਰ ਨਹੀਂ ਕਰ ਸਕਦਾ।

(ਡਾ. ਅੰਬੇਡਕਰ ਲਿਖਤਾਂ ਤੇ ਭਾਸ਼ਣ, ਖੰਡ 5, ਪੰਨਾ 275)

ਅੰਤ ਵਿਚ ਪੂਨਾ ਪੈਕਟ ਨੂੰ ਗੌਰਮਿੰਟ ਆਫ਼ ਇੰਡੀਆ ਐਕਟ ਵਿਚ ਜਿਉਂ ਦਾ ਤਿਉਂ ਸ਼ਾਮਲ ਕਰ ਲਿਆ ਗਿਆ। ਡਾ. ਅੰਬੇਡਕਰ ਸਾਹਿਬ ਦੇ ਯਤਨਾਂ ਸਦਕਾ ਸਛੂਤ/ਅਛੂਤ ਦਾ ਮਸਲਾ ਵੀ ਹਮੇਸ਼ਾ ਲਈ ਖਤਮ ਕਰ ਦਿੱਤਾ ਗਿਆ। ਇਸ ਸੰਦਰਭ ਵਿਚ ਡਾ. ਅੰਬੇਡਕਰ ਦਾ ਕਥਨ ਹੈ :-

'ਸਾਰਿਆਂ ਲਈ ਇਹ ਖੁਸ਼ਕਿਸਮਤੀ ਦੀ ਗੱਲ ਹੈ ਕਿ ਇਹ ਸੰਘਰਸ਼ ਅਤੇ ਵਾਦ-ਵਿਵਾਦ ਹੁਣ ਸਮਾਪਤ ਹੋ ਚੁੱਕਾ ਹੈ। ਹੁਣ ਅਛੂਤਾਂ ਦੀ ਗਿਣਤੀ ਦੇ ਸਬੰਧ ਵਿਚ ਕਦੀ ਵੀ ਵਿਵਾਦ ਪੈਦਾ ਨਹੀਂ ਕੀਤਾ ਜਾ ਸਕਦਾ।

ਹੁਣ ਕਾਨੂੰਨੀ ਤੌਰ ਤੇ ਅਛੂਤਾਂ ਦੀ ਪਰਿਭਾਸ਼ਾ ਕਰ ਦਿੱਤੀ ਗਈ ਹੈ। ਕੌਣ ਅਛੂਤ ਹੈ, ਇਸਦੀ ਵਿਵਸਥਾ ਗੌਰਮਿੰਟ ਆਫ਼ ਇੰਡੀਆ ਐਕਟ, 1935 ਦੀ ਇਕ ਅਨੁਸੂਚੀ ਵਿਚ ਕਰ ਦਿੱਤੀ ਗਈ ਹੈ ਅਤੇ ਇਸ ਵਿਚ ਉਹਨਾਂ ਨੂੰ ਅਨੁਸੂਚਿਤ ਜਾਤੀਆਂ ਦੇ ਰੂਪ ਵਿਚ ਦਰਸਾਇਆ ਗਿਆ ਹੈ।

(ਉਹੀ, ਖੰਡ 10, ਪੰਨਾ 151)

**(ਚਲਦਾ)**

# 9 ਅਗਸਤ ਵਿਸ਼ਵ ਮੂਲਨਿਵਾਸੀ ਦਿਵਸ ਦਾ ਪੂਰਾ ਇਤਿਹਾਸ

ਗੁਲਾਬ ਪੋਰਤੋ

### ਕਿਉਂ ਮਨਾਇਆ ਜਾਂਦਾ ਹੈ ਵਿਸ਼ਵ ਮੂਲ ਨਿਵਾਸੀ ਦਿਵਸ?

ਮੂਲ ਨਿਵਾਸੀਆਂ ਦੇ ਮਨੁੱਖੀ ਅਧਿਕਾਰਾਂ ਨੂੰ ਲਾਗੂ ਕਰਨ ਅਤੇ ਉਹਨਾਂ ਦੀ ਸੁਰੱਖਿਆ ਲਈ 1982 ਵਿਚ ਸੰਯੁਕਤ ਰਾਸ਼ਟਰ ਸੰਘ ਨੇ ਇਕ ਵਰਕਿੰਗ ਗਰੁੱਪ (ਯੂਨਾਈਟਿਡ ਨੇਸ਼ਨਜ਼ ਵਰਕਿੰਗ ਗਰੁੱਪ ਆਨ ਇੰਡਜੀਨਸ ਪਾਪੂਲੇਸ਼ਨ) ਦਾ ਗਠਨ ਕੀਤਾ ਸੀ। ਜਿਸਦੀ ਪਹਿਲੀ ਬੈਠਕ 9 ਅਗਸਤ 1982 ਨੂੰ ਹੋਈ ਸੀ। ਇਸ ਕਰਕੇ ਹਰ ਸਾਲ 9 ਅਗਸਤ ਨੂੰ ਵਿਸ਼ਵ ਮੂਲ ਨਿਵਾਸੀ ਦਿਵਸ ਯੂ. ਐਨ. ਓ. ਦੁਆਰਾ ਆਪਣੇ ਦਫਤਰ ਵਿਚ ਅਤੇ ਆਪਣੇ ਮੈਂਬਰ ਦੇਸ਼ਾਂ ਨੂੰ ਮਨਾਉਣ ਦਾ ਨਿਰਦੇਸ਼ ਹੈ।

ਯੂ. ਐਨ. ਓ. ਨੇ ਇਹ ਮਹਿਸੂਸ ਕੀਤਾ ਕਿ 21ਵੀਂ ਸਦੀ ਵਿਚ ਵੀ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿਚ ਰਹਿੰਦੇ ਮੂਲ ਨਿਵਾਸੀ ਸਮਾਜ ਆਪਣੀ ਅਣਦੇਖੀ, ਬੇਰੁਜ਼ਗਾਰੀ ਅਤੇ ਬੰਧੂਆ ਬਾਲ ਮਜ਼ਦੂਰੀ ਵਰਗੀਆਂ ਸਮੱਸਿਆਵਾਂ ਤੋਂ ਪੀੜਤ ਹਨ। 1993 ਵਿਚ ਯੂ. ਐਨ. ਓ. ਦੇ ਵਰਕਿੰਗ ਦਲ ਦੇ 11ਵੇਂ ਸੰਮੇਲਨ ਵਿਚ ਮੂਲ ਨਿਵਾਸੀ ਘੋਸ਼ਣਾ ਖਰੜੇ ਨੂੰ ਮਾਨਤਾ ਮਿਲਣ 'ਤੇ 1994 ਨੂੰ ਮੂਲ ਨਿਵਾਸੀ ਸਾਲ ਅਤੇ 9 ਅਗਸਤ ਨੂੰ ਮੂਲ ਨਿਵਾਸੀ ਦਿਵਸ ਐਲਾਨ ਕੀਤਾ।

### ਕਦੋਂ ਮਨਾਇਆ ਗਿਆ ਪਹਿਲਾ ਅੰਤਰ ਰਾਸ਼ਟਰੀ ਮੂਲ ਨਿਵਾਸੀ ਦਿਵਸ?

ਮੂਲ ਨਿਵਾਸੀਆਂ ਨੂੰ ਹੱਕ ਅਧਿਕਾਰ ਦਿਵਾਉਣ ਅਤੇ ਉਹਨਾਂ ਦੀਆਂ ਸਮੱਸਿਆਵਾਂ ਦੇ ਹੱਲ, ਭਾਸ਼ਾ, ਸੰਸਕ੍ਰਿਤੀ, ਇਤਿਹਾਸ ਦੀ ਸੰਭਾਲ ਲਈ ਯੂ. ਐਨ. ਓ. ਦੀ ਮਹਾਂਸਭਾ ਦੁਆਰਾ 9 ਅਗਸਤ 1994 ਨੂੰ ਜਨੇਵਾ ਸ਼ਹਿਰ ਵਿਚ ਵਿਸ਼ਵ ਦੇ ਮੂਲ ਨਿਵਾਸੀ ਪ੍ਰਤੀਨਿਧੀਆਂ ਦਾ ਵਿਸ਼ਵ ਦਾ ਪਹਿਲਾ ਅੰਤਰ ਰਾਸ਼ਟਰੀ ਮੂਲਨਿਵਾਸੀ ਦਿਵਸ ਸੰਮੇਲਨ ਆਯੋਜਿਤ ਕੀਤਾ। ਮੂਲ ਨਿਵਾਸੀਆਂ ਦੀ ਸੰਸਕ੍ਰਿਤੀ, ਭਾਸ਼ਾ, ਉਹਨਾਂਦੇ ਹੱਕ ਅਧਿਕਾਰਾਂ ਨੂੰ ਸਾਰਿਆਂ ਨੇ ਸਹਿਮਤੀ ਨਾਲ ਸਵੀਕਾਰ ਕੀਤਾ ਅਤੇ ਉਹਨਾਂ ਦੇ ਸਾਰੇ ਹੱਕ ਅਧਿਕਾਰ ਬਰਕਰਾਰ ਰਹਿਣ, ਇਸ ਗੱਲ ਦੀ ਪੁਸ਼ਟੀ ਕੀਤੀ ਗਈ। ਯੂ. ਐਨ. ਓ. ਨੇ ਅਸੀਂ ਤੁਹਾਡੇ ਨਾਲ ਹਾਂ, ਇਹ ਵਚਨ ਮੂਲ ਨਿਵਾਸੀਆਂ ਨੂੰ ਦਿੱਤਾ ਸੀ।

ਯੂ. ਐਨ. ਓ. ਨੇ ਪੂਰੀ ਚਰਚਾ ਤੋਂ ਬਾਅਦ 21 ਦਸੰਬਰ 1994 ਤੋਂ 20 ਦਸੰਬਰ 2004 ਤੱਕ ਪਹਿਲਾ ਮੂਲ ਨਿਵਾਸੀ ਦਹਾਕਾ ਅਤੇ ਹਰੇਕ ਸਾਲ 9 ਅਗਸਤ ਨੂੰ ਇੰਟਰਨੈਸ਼ਨਲ ਡੇਅ ਆਫ ਦਾ ਵਰਲਡਜ਼ ਇੰਡੀਜੀਨਸ ਪੀਪਲਜ਼ ਮਨਾਉਣ ਦਾ ਫੈਸਲਾ ਲਿਆ ਅਤੇ ਵਿਸ਼ਵ ਦੇ ਸਾਰੇ ਮੁਲਕਾਂ ਨੂੰ ਮਨਾਉਣ ਦੇ ਆਦੇਸ਼ ਦਿੱਤੇ।

### ਭਾਰਤ ਵਿਚ ਮੂਲ ਨਿਵਾਸੀਆਂ ਨਾਲ ਕਿਸਨੇ ਕੀਤਾ ਧੋਖਾ?

ਯੂ. ਐਨ. ਓ. ਦੁਆਰਾ ਪਿਛਲੇ 22 ਸਾਲਾਂ ਤੋਂ ਲਗਾਤਾਰ ਵਿਸ਼ਵ ਮੂਲ ਨਿਵਾਸੀ ਦਿਵਸ ਮਨਾਇਆ ਜਾ ਰਿਹਾ ਹੈ ਪਰ ਭਾਰਤ ਦੇ ਮੂਲ ਨਿਵਾਸੀ ਬਹੁਜਨਾਂ ਨੂੰ ਇਸਦੀ ਕੋਈ ਜਾਣਕਾਰੀ ਨਹੀਂ ਹੈ। ਭਾਰਤ ਦੀ ਬ੍ਰਾਹਮਣਵਾਦੀ ਸੰਸਕ੍ਰਿਤੀ ਨੇ ਮੂਲ ਨਿਵਾਸੀਆਂ ਨਾਲ ਧੋਖਾ ਕਰਦੇ ਹੋਏ ਭਾਰਤ ਵਿਚ ਇਸ ਦਿਨ ਬਾਰੇ ਅੱਜ ਤੱਕ ਕਿਸੇ ਨੂੰ ਨਹੀਂ ਦੱਸਿਆ ਅਤੇ ਨਾ ਹੀ ਅੱਜ ਤੱਕ ਮਨਾਇਆ, ਜਦਕਿ ਯੂ. ਐਨ. ਓ. ਨੇ ਮੁੜ 16 ਦਸੰਬਰ 2004 ਤੋਂ 15 ਦਸੰਬਰ 2014 ਤੱਕ ਫਿਰ ਦੂਜਾ ਮੂਲਨਿਵਾਸੀ ਦਹਾਕਾ ਘੋਸ਼ਿਤ ਕੀਤਾ।

### ਸਭ ਤੋਂ ਪਹਿਲਾਂ ਬਾਮਸੇਫ ਸੰਗਠਨ ਨੇ ਕੀਤੀ ਪਹਿਲ

ਅੰਤਰ ਰਾਸ਼ਟਰੀ ਮੰਚ 'ਤੇ ਮੂਲ ਨਿਵਾਸੀ ਦੀਆਂ ਸਮੱਸਿਆਵਾਂ ਨੂੰ ਮਜ਼ਬੂਤੀ ਦੇ ਨਾਲ ਰੱਖਣ ਦੀ ਪਹਿਲਾਂ ਤਿਆਰੀ ਦੇ ਸੰਦਰਭ ਵਿਚ ਹੀ ਬਾਮਸੇਫ ਦੇ ਕੌਮੀ ਅਤੇ ਕੌਮਾਂਤਰੀ ਪ੍ਰਧਾਨ ਮਾ. ਵਾਮਨ ਮੇਸ਼੍ਰਾਮ ਨੇ 23 ਜੁਲਾਈ 2016 ਨੂੰ ਲੰਡਨ (ਇੰਗਲੈਂਡ), 26 ਜੁਲਾਈ 2016 ਨੂੰ ਪੈਰਿਸ(ਫਰਾਂਸ) ਅਤੇ 1 ਅਗਸਤ 2016 ਨੂੰ ਰੋਮ (ਇਟਲੀ) ਵਿਚ ਬਾਮਸੇਫ ਦੁਆਰਾ ਅੰਤਰ ਰਾਸ਼ਟਰੀ ਸੈਮੀਨਾਰਾਂ ਦਾ ਆਯੋਜਨ ਕੀਤਾ। ਇਹਨਾਂ ਦਬਾਵਾਂ ਤੋਂ ਨਿਕਲਣਦੀ ਲੜੀ ਵਿਚ ਆਰ. ਐਸ. ਐਸ. ਮੁਖੀ ਮੋਹਨ ਭਾਗਵਤ ਹੁਣੇ ਹੁਣੇ ਲੰਡਨ ਵਿਚ ਬੋਲ ਕੇ ਆਏ ਹਨ ਕਿ ਹਿੰਦੂ ਨਾਮੀ ਕੋਈ ਧਰਮ ਨਹੀਂ ਬਲਕਿ ਇਹ ਇਕ ਪ੍ਰੰਪਰਾ ਹੈ।

### ਯੂ. ਐਨ. ਓ. ਦੀ ਸਥਾਪਨਾ ਕਦੋਂ ਹੋਈ?

ਯੂ. ਐਨ. ਓ. ਦੀ ਸਥਾਪਨਾ 24 ਅਕਤੂਬਰ 1945 ਵਿਚ ਹੋਈ ਅਤੇ ਇਸਦਾ ਹੈਡਕੁਆਰਟਰ ਨਿਊਯਾਰਕ ਵਿਚ ਹੈ ਅਤੇ ਵਰਤਮਾਨ ਵਿਚ ਇਸਦੇ 193 ਦੇਸ਼ ਮੈਂਬਰ ਹਨ। ਭਾਰਤ ਇਸਦਾ 30 ਅਕਤੂਬਰ 1945 ਵਿਚ ਮੈਂਬਰ ਬਣਿਆ।

### ਬ੍ਰਾਹਮਣਵਾਦੀ ਸੰਸਕਾਰਾਂ ਦੀਆਂ ਸਾਜ਼ਿਸ਼ਾਂ

9 ਅਗਸਤ ਨੂੰ ਯੂ. ਐਨ. ਓ. ਦੁਆਰਾ ਵਰਲਡ ਇੰਡੀਜੀਨੀਅਸ ਡੇਅ ਮਨਾਇਆ ਗਿਆ। ਇਸਦਾ ਮਤਲਬ ਹੁੰਦਾ ਹੈ ਮੂਲ ਨਿਵਾਸੀ ਪਰ ਭਾਰਤ ਵਿਚ ਬ੍ਰਾਹਮਣਵਾਦੀ ਸਰਕਾਰਾਂ ਸਾਡੇ ਲੋਕਾਂ ਵਿਚ ਹੀ ਵਿਤਕਰਾ ਕਰਨ ਮਤਲਬ, ਵੰਡ ਕਰਨ, ਮਤਲਬ ਸਾਜਿਸ਼ ਕਰਨ ਲਈ ਮੂਲ ਨਿਵਾਸੀ ਲੋਕਾਂ ਦਾ ਹਿੰਦੀ ਅਨੁਵਾਦ ਆਦਿਵਾਸੀ ਦੇ ਨਾਂ 'ਤੇ ਕਰਕੇ ਐਸ. ਸੀ., ਐਸ. ਟੀ., ਓ. ਬੀ. ਸੀ. ਕਨਵਰਟਡ ਮਾਈਨਾਰਟੀ ਅਤੇ ਆਦਿਵਾਸੀ ਨੂੰ ਅਲੱਗ ਅਲੱਗ ਕਰਨ ਦੀ ਸਾਜਿਸ਼ ਕਰ ਰਹੀ ਹੈ।

### ਕੌਣ ਹਨ ਭਾਰਤ ਦੇ ਅਸਲੀ ਮੂਲਨਿਵਾਸੀ?

ਵਿਗਿਆਨ ਦੇ ਡੀ. ਐਨ. ਏ. ਟੈਸਟ ਜਿਸਦੀ ਰਿਪੋਰਟ ਟਾਈਮਜ਼ ਆਫ ਇੰਡੀਆ ਵਿਚ 21 ਮਈ 2001 ਨੂੰ ਛਪੀ, ਜਿਸ ਮੁਤਾਬਕ ਐਸ. ਸੀ., ਐਸ. ਟੀ., ਓ. ਬੀ. ਸੀ. ਅਤੇ ਉਸ ਤੋਂ ਧਰਮ ਪਰਿਵਰਤਨ ਕਰਕੇ ਘੱਟ ਗਿਣਤੀਆਂ ਹੀ ਭਾਰਤ ਦ ਮੂਲ ਨਿਵਾਸੀ ਹਨ ਅਤੇ ਬ੍ਰਾਹਮਣ, ਖੱਤਰੀ, ਵੈਸ਼ ਇਹ ਵਿਦੇਸ਼ੀ ਯੂਰੇਸ਼ੀਅਨ ਨਸਲ ਦੇ ਹਨ, ਇਸਦਾ ਮਤਲਬ ਇਹ ਵਿਦੇਸ਼ੀ ਹਨ।

### ਵਿਸ਼ਵ ਆਦਿਵਾਸੀ ਨਾਂ ਦੱਸ ਕੇ ਵੰਡਣ ਦੀ ਸਾਜਿਸ਼

ਪਰ ਸਾਜਿਸ਼ ਇਹ ਕੀਤੀ ਜਾ ਰਹੀ ਹੈ ਕਿ ਜਦੋਂ ਯੂ. ਐਨ. ਓ. ਦੁਆਰਾ ਇਸ ਦਿਨ ਮਨਾਇਆ ਜਾ ਰਿਹਾ ਹੈ ਤਾਂ ਭਾਰਤ ਵਿਚ ਇਸਨੂੰ ਵਿਸ਼ਵ ਆਦਿਵਾਸੀ ਦਿਵਸ ਦੇ ਨਾਂ ਤੇ ਮਨਾਏ ਜਾਣ ਦੀ ਸਾਜਿਸ਼ ਕੀਤੀ ਜਾ ਰਹੀ ਹੈ।

ਮਤਲਬ ਮੂਲ ਨਿਵਾਸੀ ਦੇ ਨਾਂ ਤੇ ਅਸੀਂ ਆਪਸ ਵਿਚ ਹੀ ਲੜਦੇ ਰਹੇ। ਇਸ ਕਰਕੇ ਵਿਸ਼ਵ ਆਦਵਿਾਸੀ ਦਿਵਸ ਦੇ ਨਾਂ ਤੇ ਸਾਡੀਆਂ ਆਦਿਵਾਸੀ ਜਾਤੀਆਂ ਨੂੰ ਅਲੱਗ ਕਰਨ ਦਾ ਵਿਦੇਸ਼ੀ ਬ੍ਰਾਹਮਣੀ ਛੜਯੰਤਰ ਹੈ। ਵਿਸ਼ਵ ਆਦਿਵਾਸੀ ਦਿਵਸ ਦਾ ਅੰਗਰੇਜ਼ੀ ਅਨੁਵਾਦ ਹੋਵੇਗਾ, ਵਰਲਡ ਟ੍ਰਾਈਬਸ ਡੇਅ ਅਤੇ ਯੂ. ਐਨ. ਓ. ਮਨਾ ਰਿਹਾ ਹੈ ਵਿਸ਼ਵ ਮੂਲ ਨਿਵਾਸੀ ਦਿਵਸ, ਅਰਥਾਤ ਅਸਲੀ ਨਾਂ ਵਿਸ਼ਵ ਮੂਲ ਨਿਵਾਸੀ ਦਿਵਸ ਹੈ।

*******

# ਲੋਕ-ਆਵਾਜ਼ ਦਬਾਉਣ ਦੇ ਲਈ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ-2019



ਹਮੀਰ ਸਿੰਘ

ਦੇਸ਼ ਪੱਧਰ ਉੱਤੇ ਵੱਖਰੇ ਵਿਚਾਰਾਂ ਵਾਲੇ ਬੁੱਧੀਜੀਵੀਆਂ, ਘੱਟਗਿਣਤੀਆਂ, ਦਲਿਤਾਂ ਅਤੇ ਪੰਜਾਬ ਵਿਚ ਖਾਲਿਸਤਾਨ ਦੇ ਸਮਰਥਕ ਹੋਣ ਦੇ ਨਾਮ ਉੱਤੇ ਗ੍ਰਿਫ਼ਤਾਰੀਆਂ ਨਾਲ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ-2019 ਉੱਤੇ ਬਹਿਸ ਮੁੜ ਤੇਜ਼ ਹੋ ਗਈ ਹੈ। ਦੇਸ਼ ਦੀ ਸੁਰੱਖਿਆ ਅਤੇ ਦਹਿਸ਼ਤਵਾਦ ਦਾ ਮੁਕਾਬਲਾ ਕਰਨ ਦੇ ਨਾਮ ਉੱਤੇ ਬਣਾਏ ਬਹੁਤ ਸਾਰੇ ਕਾਨੂੰਨਾਂ ਨੇ ਦਹਿਸ਼ਤਵਾਦ ਰੋਕਣ ਵਿਚ ਨਿਭਾਈ ਭੂਮਿਕਾ ਤਾਂ ਸ਼ੱਕ ਦੇ ਘੇਰੇ ਵਿਚ ਹੈ ਪਰ ਦਲਿਤਾਂ, ਘੱਟ ਗਿਣਤੀਆਂ ਅਤੇ ਰਾਜਸੀ ਵਿਰੋਧੀਆਂ ਦੀ ਜ਼ੁਬਾਨ ਬੰਦ ਕਰਵਾਉਣ ਲਈ ਇਨ੍ਹਾਂ ਦੀ ਵਰਤੋਂ ਕਰ ਕੇ ਇਹ ਕਾਲੇ ਕਾਨੂੰਨਾਂ ਵਜੋਂ ਯਾਦ ਕੀਤੇ ਜਾ ਰਹੇ ਹਨ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਸੰਵਿਧਾਨਕ ਤੌਰ ਉੱਤੇ ਮਿਲੇ ਬੁਨਿਆਦੀ ਹੱਕਾਂ ਨਾਲ ਟਕਰਾਉਣ ਕਰ ਕੇ ਇਨ੍ਹਾਂ ਕਾਨੂੰਨਾਂ ਖ਼ਿਲਾਫ਼ ਪੈਦਾ ਲੋਕ ਰਾਇ ਕਾਰਨ ਇਨ੍ਹਾਂ ਨੂੰ ਵਾਪਸ ਲੈਣਾ ਪੈਂਦਾ ਰਿਹਾ ਹੈ। ਉਂਜ, ਹਰ ਵਾਰ ਨਵਾਂ ਕਾਨੂੰਨ ਜਾਂ ਪੁਰਾਣੇ ਵਿਚ ਸੋਧ ਪਹਿਲਾਂ ਨਾਲੋਂ ਵੀ ਜ਼ਿਆਦਾ ਸਖ਼ਤ ਅਤੇ ਮਨੁੱਖੀ ਅਧਿਕਾਰਾਂ ਦੇ ਖ਼ਿਲਾਫ਼ ਹੀ ਜਾਂਦੀ ਰਹੀ ਹੈ।

ਗੈਰ ਕਾਨੂੰਨੀ ਗਤੀਵਿਧੀਆਂ ਰੋਕਥਾਮ ਕਾਨੂੰਨ (ਯੂਏਪੀਏ) 1967 ਵਿਚ ਬਣਾਇਆ ਗਿਆ ਅਤੇ ਇਸ ਵਿਚ 2004, 2008, ਅਤੇ 2012 ਵਿਚ ਸੋਧਾਂ ਕੀਤੀਆਂ ਗਈਆਂ। ਇਸ ਦੌਰਾਨ ਹੀ ਟਾਡਾ ਤੇ ਪੋਟਾ ਵਰਗੇ ਕਾਲੇ ਕਾਨੂੰਨ ਬਣਾਏ ਅਤੇ ਇਨ੍ਹਾਂ ਦੀ ਵਰਤੋਂ ਵੀ ਜ਼ਿਆਦਾਤਰ ਦਲਿਤਾਂ, ਕਬਾਇਲੀਆਂ, ਘੱਟਗਿਣਤੀਆਂ ਅਤੇ ਸਿਆਸੀ ਵਿਰੋਧੀਆਂ ਖ਼ਿਲਾਫ਼ ਕੀਤੀ ਗਈ। ਇਨ੍ਹਾਂ ਦੀ ਦੁਰਵਰਤੋਂ ਖ਼ਿਲਾਫ਼ ਉੱਠੀ ਆਵਾਜ਼ ਕਾਰਨ ਇਹ ਵਾਪਸ ਲੈਣੇ ਪਏ ਅਤੇ 2004 ਵਿਚ ਪੋਟਾ ਖ਼ਤਮ ਕਰ ਦਿੱਤਾ ਪਰ ਉਸ ਦੀਆਂ ਕਈ ਧਾਰਾਵਾਂ ਪਹਿਲਾਂ ਹੀ ਯੂਏਪੀਏ ਵਿਚ ਸ਼ਾਮਿਲ ਕਰ ਦਿੱਤੀਆਂ। ਗੈਰ ਕਾਨੂੰਨੀ ਗਤੀਵਿਧੀਆਂ ਰੋਕਥਾਮ (ਸੋਧ) ਕਾਨੂੰਨ-2019 ਨੇ ਤਾਂ ਹੱਦ ਹੀ ਪਾਰ ਕਰ ਦਿੱਤੀ। ਸੰਸਦ ਵਿਚ ਹੋਈ ਬਹਿਸ ਦੌਰਾਨ ਅਤੇ ਬਾਹਰ ਵੀ ਇਸ ਉੱਤੇ ਗੰਭੀਰ ਸੁਆਲ ਉਠਾਏ ਗਏ। ਨਵੰਬਰ 2008 ਵਿਚ ਹੋਏ ਮੁੰਬਈ ਦਹਿਸ਼ਤਵਾਦੀ ਹਮਲੇ ਤੋਂ ਪਿੱਛੋਂ ਬਣਾਈ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨਆਈਏ) ਸਮੇਂ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਵਿਚ ਹੋਰ ਸਖ਼ਤ ਧਾਰਾਵਾਂ ਜੋੜ ਦਿੱਤੀਆਂ। 2019 ਵਿਚ ਸੋਧੇ ਮੌਜੂਦਾ ਕਾਨੂੰਨ ਨੂੰ ਪਾਰਲੀਮੈਂਟ ਵਿਚ ਹੋਈ ਬਹਿਸ ਦੌਰਾਨ ਪੁਲੀਸ ਰਾਜ ਲਾਗੂ ਕਰਨ ਦੇ ਤੁੱਲ ਕਰਾਰ ਦਿੱਤਾ ਗਿਆ। ਇਸ ਕਾਨੂੰਨ ਮੁਤਾਬਿਕ ਹੁਣ ਜਥੇਬੰਦੀ ਦੇ ਨਾਲ ਨਾਲ ਦਹਿਸ਼ਤਵਾਦੀ ਜਥੇਬੰਦੀ ਦਾ ਮੈਂਬਰ ਨਾ ਹੋਣ ਦੀ ਸੂਰਤ ਵਿਚ ਵੀ ਕਿਸੇ ਇਕੱਲੇ ਵਿਅਕਤੀ ਨੂੰ ਨਿਆਂਇਕ ਪ੍ਰਕਿਰਿਆ ਵਿਚੋਂ ਗੁਜ਼ਰੇ ਬਿਨਾਂ ਹੀ ਦਹਿਸ਼ਤ-ਗਰਦ ਐਲਾਨਿਆ ਜਾ ਸਕਦਾ ਹੈ। ਦਹਿਸ਼ਤਗਰਦ ਐਲਾਨੇ ਕਿਸੇ ਵਿਅਕਤੀ ਨੂੰ ਕਿਸੇ ਵੀ ਮਕਸਦ ਲਈ ਫੰਡ ਦੇਣ, ਠਾਹਰ ਜਾਂ ਦਹਿਸ਼ਤਗਰਦ ਐਲਾਨੀ ਜਥੇਬੰਦੀ ਦੀ ਮੀਟਿੰਗ ਵਿਚ ਭਾਗ ਲੈਣ ਜਾਂ ਕਿਸੇ ਵੀ ਹੋਰ ਤਰ੍ਹਾਂ ਸਹਾਇਤਾ ਕਰਨ ਵਾਲੇ ਨੂੰ ਵੀ ਇਸ ਕਾਨੂੰਨ ਦੀ ਜੱਦ ਵਿਚ ਲਿਆਂਦਾ ਜਾ ਸਕਦਾ ਹੈ।



ਐੱਨਆਈਏ ਨੂੰ ਫ਼ੌਜਦਾਰੀ ਮੁਕੱਦਮੇ ਵਿਚ ਦੋਸ਼ੀ ਸਾਬਤ ਹੋਣ ਤੋਂ ਬਿਨਾਂ ਹੀ ਕੇਵਲ ਸ਼ੱਕ ਦੇ ਆਧਾਰ ਉੱਤੇ ਸਬੰਧਤ ਵਿਅਕਤੀ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਦੇਣ ਦਾ ਅਧਿਕਾਰ ਮਿਲ ਗਿਆ ਹੈ। ਇਸ ਕਾਨੂੰਨ ਦੀ ਧਾਰਾ 43 ਤਹਿਤ ਐੱਨਆਈਏ ਦਾ ਇੰਸਪੈਕਟਰ ਜਾਂ ਇਸ ਤੋਂ ਉੱਪਰ ਦਾ ਅਧਿਕਾਰੀ ਜਾਂਚ ਕਰਨ ਦੀ ਤਾਕਤ ਰੱਖਦਾ ਹੈ। ਇਸ ਤੋਂ ਪਹਿਲਾਂ ਨਿਆਇਕ ਪ੍ਰਕਿਰਿਆ ਮੁਕੰਮਲ ਹੋ ਕੇ ਸਜ਼ਾ ਹੋਣ ਤੱਕ ਕਿਸੇ ਵੀ ਮੁਲਜ਼ਮ ਨੂੰ ਦੋਸ਼ੀ ਨਹੀਂ ਮੰਨਿਆ ਜਾਂਦਾ ਸੀ ਪਰ ਹੁਣ ਉਸ ਨੂੰ ਦੋਸ਼ੀ ਮੰਨਿਆ ਜਾ ਸਕਦਾ ਹੈ ਅਤੇ ਇਹ ਸਬੰਧਤ ਵਿਅਕਤੀ ਦੀ ਜ਼ਿੰਮੇਵਾਰੀ ਹੈ ਕਿ ਉਹ ਖ਼ੁਦ ਨੂੰ ਨਿਰਦੋਸ਼ ਸਾਬਤ ਕਰੇ। ਪੁਲੀਸ ਰਿਮਾਂਡ ਆਮ ਕਾਨੂੰਨਾਂ ਵਿਚ 14 ਦਿਨ ਅਤੇ ਇਸ ਕਾਨੂੰਨ ਤਹਿਤ 30 ਦਿਨ ਤੱਕ ਦਿੱਤਾ ਜਾ ਸਕਦਾ ਹੈ। ਹੋਰਾਂ ਅਪਰਾਧਿਕ ਮਾਮਲਿਆਂ ਵਿਚ ਚਲਾਨ ਪੇਸ਼ ਕਰਨ ਦਾ 90 ਦਿਨਾ ਦਾ ਸਮਾਂ ਹੈ ਪਰ ਯੂਏਪੀਏ ਤਹਿਤ 180 ਦਿਨ ਦਾ ਸਮਾਂ ਦਿੱਤਾ ਗਿਆ ਹੈ। ਹੁਣ ਅਪਰਾਧ ਦਾ ਦਾਇਰਾ ਸੋਚਣ, ਕਿਤਾਬਾਂ, ਪੈਂਫਲਟ ਪੜ੍ਹ ਕੇ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਵਾਲੀ ਸੋਚ ਨੂੰ ਪ੍ਰਭਾਵਿਤ ਕਰਨ ਤੱਕ ਵਧਾ ਦਿੱਤਾ ਹੈ। ਦਹਿਸ਼ਤਗਰਦ ਐਲਾਨਣ ਦਾ ਕੋਈ ਠੋਸ ਮਾਪਦੰਡ ਨਹੀਂ ਹੈ ਅਤੇ ਪੁਲੀਸ ਨੂੰ ਮਨਮਰਜ਼ੀ ਦੇ ਅਧਿਕਾਰ ਦੇ ਦਿੱਤੇ ਹਨ। ਕਿਸੇ ਦੇ ਘਰੋਂ ਕਮਿਊਨਿਸਟ ਵਿਚਾਰਧਾਰਾ, ਖਾਲਿਸਤਾਨੀ ਵਿਚਾਰਧਾਰਾ ਜਾਂ ਅੰਦੋਲਨ ਅਤੇ ਹੋਰ ਅਜਿਹੇ ਵਿਚਾਰਾਂ ਨਾਲ ਸਬੰਧਤ ਸਾਹਿਤ ਮਿਲ ਜਾਵੇ ਤਾਂ ਵੀ ਵਿਅਕਤੀ ਨੂੰ ਦਹਿਸ਼ਤਗਰਦਾਂ ਦੀ ਕਤਾਰ ਵਿਚ ਖੜ੍ਹਾ ਕੀਤਾ ਜਾ ਸਕਦਾ ਹੈ; ਭਾਵ ਕਿਸੇ ਵੀ ਵਿਅਕਤੀ ਨੂੰ ਕੋਈ ਵੀ ਚਾਰਜ ਸਾਬਤ ਕੀਤੇ ਬਿਨਾਂ ਮਹੀਨਿਆਂ ਬੱਧੀ ਜੇਲ੍ਹ ਵਿਚ ਰਹਿਣ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਹੋਰਾਂ ਕਾਨੂੰਨਾਂ ਦੀ ਦਿਸ਼ਾ ਵਿਚ ਹੀ ਇਹ ਕਾਨੂੰਨ ਫੈਡਰਲਿਜ਼ਮ ਤਹਿਤ ਰਾਜਾਂ ਨੂੰ ਮਿਲੇ ਅਧਿਕਾਰਾਂ ਉੱਤੇ ਹਮਲਾ ਹੈ। ਕਾਨੂੰਨ ਵਿਵਸਥਾ ਰਾਜਾਂ ਦਾ ਵਿਸ਼ਾ ਹੈ ਪਰ ਯੂਏਪੀਏ 2019 ਅਨੁਸਾਰ ਮਨੁੱਖੀ ਤਸਕਰੀ, ਜਾਅਲੀ ਕਰੰਸੀ, ਸਾਈਬਰ ਕ੍ਰਾਈਮ ਅਤੇ ਵਿਸਫੋਟਕ ਪਦਾਰਥ ਕਾਨੂੰਨ 1908 ਅਧੀਨ ਹੋਣ ਵਾਲੇ ਅਪਰਾਧਾਂ ਦੇ ਮੁੱਦੇ ਉੱਤੇ ਐੱਨਆਈਏ ਜਾਂਚ ਕਰੇਗੀ। 2013 ਵਿਚ ਛਤੀਸਗੜ੍ਹ ਵਿਚ ਮਾਓਵਾਦੀਆਂ ਦੇ ਹਮਲੇ ਵਿਚ ਮਰੇ ਕਾਂਗਰਸੀ ਆਗੂਆਂ ਅਤੇ ਹੋਰਾਂ ਦੇ ਕੇਸ ਦੀ ਹੁਣ ਤੱਕ ਸੂਬਾਈ ਪੁਲੀਸ ਵੱਲੋਂ ਕੀਤੀ ਜਾਂਚ ਬਾਰੇ ਐੱਨਆਈਏ ਨੇ ਸੂਬਾ ਸਰਕਾਰ ਨੂੰ ਜਾਂਚ ਬੰਦ ਕਰਨ ਲਈ ਚਿੱਠੀ ਲਿਖ ਦਿੱਤੀ ਹੈ। ਕਿਸੇ ਵਿਅਕਤੀ ਨੂੰ ਦਹਿਸ਼ਤਗਰਦ ਹੋਣ ਤੋਂ ਬਾਹਰ ਕਰਨ ਵਾਸਤੇ ਡੀਨੋਟੀਫਾਈ ਕਰਨ ਲਈ ਰਿਵਿਊ ਕਮੇਟੀ ਬਣਾਉਣ ਦਾ ਅਧਿਕਾਰ ਵੀ ਕੇਂਦਰ ਸਰਕਾਰ ਕੋਲ ਹੈ; ਭਾਵ ਨਿਆਇਕ ਮੁੜ ਪੜਚੋਲ ਨੂੰ ਵੀ ਦਰਕਿਨਾਰ ਕਰ ਦਿੱਤਾ ਗਿਆ ਹੈ।

ਅਸਲ ਵਿਚ ਅਜੋਕੀ ਸੱਤਾਧਾਰੀ ਸਿਆਸੀ ਜਮਾਤ ਨੇ ਅਜਿਹਾ ਮਾਹੌਲ ਸਿਰਜ ਦਿੱਤਾ ਹੈ ਕਿ ਯੂਏਪੀਏ ਦਾ ਵਿਰੋਧ ਕਰਨ ਵਾਲੇ ਦਹਿਸ਼ਤਵਾਦ ਦੇ ਨਾਲ ਹਨ ਅਤੇ ਦੇਸ਼ ਧਰੋਹੀ ਹਨ। ਅਜਿਹੇ ਇਲਜ਼ਾਮਾਂ ਦਾ ਧੜੱਲੇ ਨਾਲ ਮੁਕਾਬਲਾ ਕਰਨ ਦੇ ਬਜਾਇ ਦੇਸ਼ ਧਰੋਹੀ ਦਾ ਠੱਪਾ ਲੱਗਣ ਦਾ ਡਰ ਪਾਰਲੀਮੈਂਟ ਵਿਚ ਇਸ ਕਾਨੂੰਨ ਉੱਤੇ ਬਹਿਸ ਅਤੇ ਵੋਟਿੰਗ ਸਮੇਂ ਦਿਖਾਈ ਦਿੱਤਾ। ਇਸੇ ਕਰ ਕੇ ਸੱਤਾਧਾਰੀ ਪਾਰਟੀ ਦੇ ਰਾਜ ਸਭਾ ਵਿਚ ਘੱਟਗਿਣਤੀ ਹੋਣ ਦੇ ਬਾਵਜੂਦ ਕਾਨੂੰਨ ਪਾਸ ਹੋ ਗਿਆ।

ਬੀਜੂ ਜਨਤਾ ਦਲ ਅਤੇ ਅਕਾਲੀ ਦਲ ਵਰਗੀਆਂ ਖੇਤਰੀ ਪਾਰਟੀਆਂ ਨੇ ਵੀ ਪੱਖ ਵਿਚ ਵੋਟ ਪਾਈ, ਕਾਂਗਰਸ ਨੇ ਵੀ ਲੋਕ ਸਭਾ ਵਿਚੋਂ ਵਾਕਆਊਟ ਕੀਤਾ ਅਤੇ ਰਾਜ ਸਭਾ ਵਿਚ ਵਿਰੋਧੀਆਂ ਨੂੰ ਨਾਲ ਲੈ ਕੇ ਠੋਸ ਵਿਰੋਧ ਨਹੀਂ ਕਰ ਸਕੀ।

# ਗ਼ਲਤੀਆਂ ਦਾ ਖ਼ਮਿਆਜ਼ਾ ਭੁਗਤ ਰਹੀ ਹੈ ਕਾਂਗਰਸ

(ਸਫਾ 6 ਦੀ ਬਾਕੀ)

ਕਾਂਗਰਸ ਪਾਰਟੀ ਅਜਿਹੇ ਮੌਕਿਆਂ 'ਤੇ ਸੁਲ੍ਹਾ-ਸਫ਼ਾਈ ਦੇ ਫਾਰਮੂਲੇ ਬਣਾਉਣ ਵਿਚ ਰੁੱਝ ਜਾਂਦੀ ਸੀ। ਕਾਂਗਰਸ ਨੇ ਜਿਵੇਂ ਸਚਿਨ ਪਾਇਲਟ ਵਿਰੁੱਧ ਤੁਰੰਤ ਕਾਰਵਾਈ ਕੀਤੀ ਹੈ, ਕਦੇ ਵੀ ਇੰਨੀ ਛੇਤੀ ਕੋਈ ਫ਼ੈਸਲਾ ਨਹੀਂ ਕੀਤਾ ਸੀ। ਇਸ ਤੋਂ ਪਹਿਲਾਂ ਤਾਂ ਕਾਂਗਰਸ ਪਾਰਟੀ ਸਰਕਾਰੀ ਦਫ਼ਤਰਾਂ ਦੀ ਤਰ੍ਹਾਂ ਫਾਈਲਾਂ ਬਣਾ ਕੇ ਤਜਵੀਜ਼ਾਂ ਬਣਾਉਂਦੀ ਰਹਿੰਦੀ ਸੀ।

ਕਾਂਗਰਸ ਪਾਰਟੀ ਤਾਂ ਹੀ ਬਚ ਸਕਦੀ ਹੈ ਜੇਕਰ ਅਨੁਸ਼ਾਸਨ ਭੰਗ ਕਰਨ ਵਾਲੇ ਨੇਤਾਵਾਂ ਨੂੰ ਵੀ ਬਾਹਰ ਦਾ ਰਸਤਾ ਵਿਖਾ ਕੇ ਪਾਰਟੀ ਵਿਚ ਅਨੁਸ਼ਾਸਨ ਬਣਾਈ ਰੱਖੇ ਪਰ ਇਸ ਦੇ ਨਾਲ ਹੀ ਪਾਰਟੀ ਨੂੰ ਅੰਦਰੂਨੀ ਪਰਜਾਤੰਤਰ ਵੀ ਬਹਾਲ ਕਰਨਾ ਪਵੇਗਾ ਤਾਂ ਹੀ ਨੇਤਾਵਾਂ ਅਤੇ ਵਰਕਰਾਂ ਵਿਚ ਪਾਰਟੀ ਪ੍ਰਤੀ ਭਰੋਸੇਯੋਗਤਾ ਪੈਦਾ ਹੋਵੇਗੀ। ਚੋਣਾਂ ਮੌਕੇ ਦੂਜੀਆਂ ਪਾਰਟੀਆਂ 'ਚੋਂ ਸਿਆਸਤਦਾਨ ਆਉਂਦੇ ਹਨ। ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਨਾ ਕੀਤਾ ਜਾਵੇ ਕਿਉਂਕਿ ਉਨ੍ਹਾਂ ਦਾ ਕੋਈ ਅਸੂਲ ਨਹੀਂ ਹੁੰਦਾ। ਇਸ ਤੋਂ ਇਲਾਵਾ ਜਿਹੜੇ ਚੋਣਾਂ ਵਿਚ ਪਾਰਟੀ ਦੇ ਉਮੀਦਵਾਰਾਂ ਦੀ ਮੁਖ਼ਾਲਫਤ ਕਰਨ ਜਾਂ ਬਾਗੀ ਹੋ ਕੇ ਚੋਣ ਲੜਨ, ਉਨ੍ਹਾਂ ਨੂੰ ਮੁੜ ਪਾਰਟੀ ਵਿਚ ਸ਼ਾਮਲ ਨਾ ਕੀਤਾ ਜਾਵੇ। ਫਿਰ ਕਾਂਗਰਸ ਮੁੜ-ਜੀਵਿਤ ਹੋ ਸਕਦੀ ਹੈ ਵਰਨਾ ਪਾਰਟੀ ਦਾ ਭੋਗ ਪੈ ਜਾਵੇਗਾ। ਜੇਕਰ ਕਾਂਗਰਸ ਨੇ ਸਿਆਸੀ ਤਾਕਤ ਪ੍ਰਾਪਤ ਕਰਨ ਲਈ ਬਗ਼ਾਵਤ ਕਰਨ ਵਾਲਿਆਂ ਨੂੰ ਠੱਲ੍ਹ ਨਾ ਪਾਈ ਤਾਂ ਪਾਰਟੀ ਪਤਨ ਵੱਲ ਹੋਰ ਵਧੇਗੀ। ਇਸ ਫ਼ੈਸਲੇ ਨਾਲ ਬਾਕੀ ਰਾਜਾਂ ਦੇ ਕਾਂਗਰਸੀਆਂ ਨੂੰ ਵੀ ਕੰਨ ਹੋ ਜਾਣਗੇ ਕਿਉਂਕਿ ਭਾਰਤੀ ਜਨਤਾ ਪਾਰਟੀ ਨੇ ਆਪਣੀਆਂ ਅਜਿਹੀਆਂ ਆਪਹੁਦਰੀਆਂ ਕਰਨ ਤੋਂ ਬਾਜ਼ ਨਹੀਂ ਆਉਣਾ। ਜੇਕਰ ਕਾਂਗਰਸ ਪਾਰਟੀ ਦੇ ਨੇਤਾਵਾਂ ਦੀ ਬਗ਼ਾਵਤ ਦੇ ਇਤਿਹਾਸ ਵੱਲ ਨਜ਼ਰ ਮਾਰੀ ਜਾਵੇ ਤਾਂ ਸਭ ਤੋਂ ਪਹਿਲਾਂ ਇੰਦਰਾ ਗਾਂਧੀ ਨੇ ਪ੍ਰਧਾਨ ਮੰਤਰੀ ਹੁੰਦਿਆਂ ਆਪਣੀ ਪਾਰਟੀ ਦੇ ਰਾਸ਼ਟਰਪਤੀ ਦੇ ਉਮੀਦਵਾਰ ਨੀਲਮ ਸੰਜੀਵਾ ਰੈਡੀ ਵਿਰੁੱਧ ਵੀਵੀ ਗਿਰੀ ਨੂੰ ਆਜ਼ਾਦ ਉਮੀਦਵਾਰ ਖੜ੍ਹਾ ਕਰ ਕੇ ਜਿਤਾਇਆ ਸੀ। ਕਾਂਗਰਸ ਪਾਰਟੀ ਦੇ ਉਸ ਸਮੇਂ ਦੇ ਪ੍ਰਧਾਨ ਕੇ. ਕਾਮਰਾਜ ਸਨ ਜਿਨ੍ਹਾਂ ਨੇ 12 ਨਵੰਬਰ 1969 ਨੂੰ ਇੰਦਰਾ ਗਾਂਧੀ ਨੂੰ ਪ੍ਰਧਾਨ ਮੰਤਰੀ ਹੁੰਦਿਆਂ ਪਾਰਟੀ ਤੋਂ ਬਰਖ਼ਾਸਤ ਕਰ ਦਿੱਤਾ ਸੀ।

ਉਦੋਂ ਇੰਦਰਾ ਗਾਂਧੀ ਨੇ ਆਪਣੀ ਪਾਰਟੀ ਦਾ ਨਾਮ ਸਰਬ ਭਾਰਤੀ ਕਾਂਗਰਸ (ਆਰ) ਰੱਖਿਆ ਸੀ। ਕੇ. ਕਾਮਰਾਜ ਅਤੇ ਮੋਰਾਰਜੀ ਦੇਸਾਈ ਨੇ ਆਪਣੀ ਪਾਰਟੀ ਦਾ ਨਾਮ ਸਰਬ ਭਾਰਤੀ ਕਾਂਗਰਸ (ਓ) ਰੱਖਿਆ ਸੀ। ਮਗਰੋਂ ਕਾਂਗਰਸ (ਓ) ਖ਼ਤਮ ਹੋ ਗਈ ਤੇ ਕਾਂਗਰਸ (ਆਰ) ਸਰਬ ਭਾਰਤੀ ਕਾਂਗਰਸ ਬਣ ਗਈ।

ਕਹਿਣ ਤੋਂ ਭਾਵ ਇਹ ਕਿ ਕਾਂਗਰਸ ਵਿਚ ਬਗ਼ਾਵਤ ਦੀ ਰਵਾਇਤ ਇੰਦਰਾ ਗਾਂਧੀ ਨੇ ਹੀ ਪਾਈ ਸੀ। ਉਸ ਤੋਂ ਬਾਅਦ ਕਾਂਗਰਸ ਪਾਰਟੀ ਨੇ ਹਰਿਆਣਾ ਵਿਚ ਆਪਣੀ ਪਾਰਟੀ ਦੀ ਸਰਕਾਰ ਬਣਾਉਣ ਲਈ ਜਨਤਾ ਪਾਰਟੀ ਦੇ ਮੁੱਖ ਮੰਤਰੀ ਚੌਧਰੀ ਭਜਨ ਲਾਲ ਅਤੇ ਉਸ ਦੇ ਸਾਥੀ ਵਿਧਾਨਕਾਰਾਂ ਨੂੰ ਕਾਂਗਰਸ ਪਾਰਟੀ ਵਿਚ ਸ਼ਾਮਲ ਕਰ ਕੇ ਦਲ ਬਦਲੀ ਨੂੰ ਸ਼ਹਿ ਦਿੱਤੀ ਸੀ। ਚੌਧਰੀ ਭਜਨ ਲਾਲ 1980 ਵਿਚ ਜਨਤਾ ਪਾਰਟੀ ਦਾ ਹਰਿਆਣਾ ਦਾ ਮੁੱਖ ਮੰਤਰੀ ਸੀ। ਕਾਂਗਰਸ ਨੇ ਚੌਧਰੀ ਭਜਨ ਲਾਲ ਅਤੇ ਜਨਤਾ ਪਾਰਟੀ ਦੇ ਸਾਰੇ ਮੈਂਬਰਾਂ ਨੂੰ ਬਾਗ਼ੀ ਕਰਵਾ ਕੇ ਆਪਣੇ ਵਿਚ ਸ਼ਾਮਲ ਕਰ ਲਿਆ ਸੀ।

ਹੁਣ ਉਸ ਦਾ ਨਤੀਜਾ ਭਾਰਤੀ ਜਨਤਾ ਪਾਰਟੀ ਦੇ ਹੱਥੋਂ ਭੁਗਤ ਰਹੀ ਹੈ। ਨੌਜਵਾਨ ਆਪਣੀ ਪਾਰਟੀ ਦੇ ਪਦ ਚਿੰਨ੍ਹਾਂ 'ਤੇ ਚੱਲ ਕੇ ਹੀ ਪਾਰਟੀ ਨੂੰ ਖੋਰਾ ਲਾ ਰਹੇ ਹਨ। ਉਸ ਤੋਂ ਬਾਅਦ ਪਾਰਟੀਆਂ ਬਦਲ ਕੇ ਸਰਕਾਰਾਂ ਬਣਾਉਣ ਦਾ ਸਿਲਸਿਲਾ ਚੱਲਦਾ ਰਿਹਾ ਜਿਸ ਨੂੰ ਰੋਕਣ ਲਈ ਰਾਜੀਵ ਗਾਂਧੀ ਨੇ 1985 ਵਿਚ ਦਲ ਬਦਲੀ ਦੇ ਵਿਰੁੱਧ ਕਾਨੂੰਨ ਬਣਾਇਆ ਸੀ ਪਰ ਕਾਂਗਰਸ ਦੀ ਸ਼ੁਰੂ ਕੀਤੀ ਇਹ ਪਰੰਪਰਾ ਅਜੇ ਤਕ ਜਾਰੀ ਹੈ। ਭਾਰਤੀ ਜਨਤਾ ਪਾਰਟੀ ਤਾਂ ਕਾਂਗਰਸ ਪਾਰਟੀ ਦੀਆਂ ਪਾਈਆਂ ਲੀਹਾਂ 'ਤੇ ਹੀ ਚੱਲ ਰਹੀ ਹੈ।

# ਬਹੁਜਨ ਅੰਦੋਲਨ ਦੀ ਮਾਣਯੋਗ ਸ਼ਖਸੀਅਤ ਦੀਨਾ ਭਾਨਾ



ਲਾਲ ਸਿੰਘ ਸੁਲਹਾਣੀ
91-98721-55120

ਰਾਜਸਥਾਨ ਦੇ ਜੈਪੁਰ ਜ਼ਿਲ੍ਹੇ 'ਚ 28ਜਨਵਰੀ 1928 ਨੂੰ ਜਨਮੇ ਦੀਨਾ ਭਾਨਾ ਵਾਲਮੀਕ ਨੌਕਰੀ ਦੀ ਤਲਾਸ਼ ਕਰਦਿਆਂ ਪੂਨੇ ਦੀ ਆਰਡੀਨੈਂਸ ਫੈਕਟਰੀ ਵਿੱਚ ਸਫਾਈ ਸੇਵਕ ਲੱਗ ਗਿਆ। ਉਹ ਜਾਗਰੂਕ, ਅਣਖੀ ਅਤੇ ਸਵੈਅਭਿਮਾਨੀ ਮਨੁੱਖ ਸੀ। ਇਸ ਫੈਕਟਰੀ ਵਿੱਚ 22000 ਕਰਮਚਾਰੀ ਅਤੇ ਅਧਿਕਾਰੀ ਕਾਰਜਸ਼ੀਲ ਸਨ। ਜਿੰਨ੍ਹਾਂ ਵਿਚ 42 ਮਹਾਰ ਤੇ ਛੇ ਭੰਗੀ ਸਨ। ਮਾਨਯੋਗ ਦੀਨਾ ਭਾਨਾ ਵਾਲਮੀਕ ਐਸ. ਸੀ. ਐਸ. ਟੀ. ਵੈਲਫੇਅਰ ਐਸੋਸੀਏਸ਼ਨ ਦੇ ਚੁਣੇ ਹੋਏ ਮੈਂਬਰ ਸਨ। ਉਸਨੂੰ ਚੌਥਾ ਦਰਜਾ ਕਰਮਚਾਰੀਆਂ ਦਾ ਆਗੂ ਅਤੇ 100 ਮੈਂਬਰੀ ਕਮੇਟੀ ਦਾ ਮੈਂਬਰ ਚੁਣ ਲਿਆ ਗਿਆ। ਫੈਕਟਰੀ ਪ੍ਰਬੰਧਕਾਂ ਨੇ ਬੁੱਧ ਜੈਯੰਤੀ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੈਯੰਤੀ ਦੀਆਂ ਛੁੱਟੀਆਂ ਰੱਦ ਕਰਕੇ ਉਹਨਾਂ ਦੀ ਥਾਂ ਤਿਲਕ ਜੈਯੰਤੀ ਅਤੇ ਦੀਵਾਲੀ ਦੀਆਂ ਛੁੱਟੀਆਂ ਪਾ ਦਿੱਤੀਆਂ। ਛੋਟਾ ਮੁਲਾਜ਼ਮ ਹੋਣ ਦੇ ਬਾਵਜੂਦ ਵੀ ਦੀਨਾ ਭਾਨਾ ਵਾਲਮੀਕ ਨੇ ਇਸ ਤੇ ਤਿੱਖਾ ਵਿਰੋਧ ਜਤਾਇਆ। ਸੰਘਰਸ਼ ਕਰਨ ਤੇ ਪ੍ਰਬੰਧਕਾਂ ਨੇ ਅੰਬੇਡਕਰ ਜੈਯੰਤੀ ਦੀ ਛੁੱਟੀ ਦਾ ਪ੍ਰਸਤਾਵ ਰੱਖ ਦਿੱਤਾ ਤੇ ਨਾਲ ਹੀ 42 ਮਹਾਰ ਅਤੇ ਛੇ ਭੰਗੀ ਕਰਮਚਾਰੀਆਂ ਦੀ ਸਲਾਹ ਮੰਗ ਲਈ ਕਿ ਕੀ ਉਹ ਵੀ ਇਹ ਛੁੱਟੀ ਚਾਹੁੰਦੇ ਹਨ ? ਸਾਰੇ ਕਰਮਚਾਰੀਆਂ ਨੇ ਇਨਕਾਰ ਕਰਦਿਆਂ ਇਹ ਲਿਖ ਕੇ ਦੇ ਦਿੱਤਾ ਕਿ ਉਹਨਾਂ ਨੂੰ ਛੁੱਟੀ ਨਹੀਂ ਸਗੋਂ ਨੌਕਰੀ ਦੀ ਜਰੂਰਤ ਹੈ। ਇਹ ਤਾਂ ਦੀਨਾ ਭਾਨਾ ਉਹਨਾਂ ਨੂੰ ਅਜਿਹਾ ਕਰਨ ਲਈ ਉਕਸਾਉਂਦਾ ਹੈ। ਇਸ ਤੇ ਪ੍ਰਬੰਧਕਾਂ ਵਲੋਂ ਦੀਨਾ ਭਾਨਾ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਕਿ ਜਦੋਂ ਕੋਈ ਹੋਰ ਮੈਂਬਰ ਉਸਦਾ ਸਮਰੱਥਕ ਨਹੀਂ ਹੈ ਇਸ ਲਈ ਕਾਰਜਕਾਰਨੀ ਦੀ ਚੋਣ ਰੱਦ ਕਰਕੇ ਉਸਨੂੰ ਕਮੇਟੀ ਵਿੱਚੋਂ ਕੱਢ ਦਿੱਤਾ ਜਾਵੇ ਅਤੇ ਨਾਲ ਹੀ ਇਕ ਹਫਤੇ ਬਾਅਦ ਨੌਕਰੀ ਖਤਮ ਕਰ ਦਿੱਤੀ ਜਾਵੇਗੀ।

ਇਸੇ ਫੈਕਟਰੀ ਵਿੱਚ ਡਿਫੈਂਸ ਰੀਸਰਚ ਡਿਵੈਲਪਮੈਂਟ ਲੈਬਾਰਟਰੀ (ਸੁਰੱਖਿਆ ਖੋਜ ਤੇ ਵਿਕਾਸ ਪ੍ਰਯੋਗਸ਼ਾਲਾ) ਵਿਚ ਮਾਨਯੋਗ ਸਾਹਿਬ ਕਾਂਸ਼ੀ ਰਾਮ ਸਹਾਇਕ ਸਾਇੰਸਦਾਨ ਕਲਾਸ -1 ਵਜੋਂ ਤਾਇਨਾਤ ਸਨ। ਜਦੋਂ ਉਹਨਾਂ ਦੇ ਧਿਆਨ ਵਿਚ ਇਹ ਮਾਮਲਾ ਆਇਆ ਤਾਂ ਉਹਨਾਂ ਨੇ ਸਾਰਾ ਮਾਮਲਾ ਆਪਣੇ ਹੱਥ ਵਿੱਚ ਲੈ ਲਿਆ ਅਤੇ ਆਪਣੇ ਇਕ ਵਕੀਲ ਦੋਸਤ ਨਾਲ ਸਲਾਹ ਕੀਤੀ ਉਹਨੇ ਦੱਸਿਆ ਕਿ ਦਿੱਤਾ ਗਿਆ ਨੋਟਿਸ ਗੈਰ ਕਾਨੂੰਨੀ ਹੈ, ਚੁਣੇ ਗਏ ਮੈਂਬਰ ਨੂੰ ਵਾਪਿਸ ਬੁਲਾਉਣ ਦਾ ਪ੍ਰਬੰਧਕਾਂ ਕੋਲ ਕੋਈ ਅਧਿਕਾਰ ਨਹੀਂ ਹੈ ਅਤੇ ਨਾ ਹੀ ਉਹ ਕਿਸੇ ਮੈਂਬਰ ਨੂੰ ਕਮੇਟੀ ਵਿੱਚੋਂ ਕੱਢ ਸਕਦੇ ਹਨ। ਫਿਰ ਉਲਟਾ ਦੀਨਾ ਭਾਨਾ ਵੱਲੋਂ ਪ੍ਰਬੰਧਕ ਕਮੇਟੀ ਨੂੰ ਨੋਟਿਸ ਭੇਜ ਦਿੱਤਾ ਗਿਆ ਕਿ ਉਸਦੀ ਮੈਂਬਰਸ਼ਿਪ ਰੱਦ ਨਹੀਂ ਕੀਤੀ ਜਾ ਸਕਦੀ। ਨੋਟਿਸ ਦੀਆਂ ਨਕਲਾਂ ਚੇਅਰਮੈਨ ਅਤੇ ਦੂਜੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਭੇਜ ਦਿੱਤੀਆਂ ਗਈਆਂ। ਜਿਸ ਕਾਰਨ ਪ੍ਰਬੰਧਕੀ ਅਫਸਰ ਦੀਨਾ ਭਾਨਾ ਨੂੰ ਮੁਅੱਤਲ ਨਾ ਕਰ ਸਕਿਆ। ਜਦੋਂ ਨਵੀਂ ਚੋਣ ਨਾ ਹੋਈ ਤਾਂ 42 ਮਹਾਰ ਤੇ 6 ਭੰਗੀ ਫਿਰ ਵਾਪਿਸ (ਸਾਹਿਬ ਕਾਂਸ਼ੀ ਰਾਮ) ਪਾਸ ਆ ਗਏ। ਪਰ ਜਦੋਂ ਦੀਨਾ ਭਾਨਾ ਨੂੰ ਮੁੜ ਮੁਅੱਤਲ ਕਰ ਦਿੱਤਾ ਤਾਂ ਉਹ ਸਾਰੇ ਫਿਰ ਵਾਪਿਸ ਦੌੜ ਗਏ।








ਪਰ ਸਾਹਿਬ ਕਾਂਸ਼ੀ ਰਾਮ ਇਸ ਮੁੱਦੇ ਨੂੰ ਆਪਣੇ ਵਕਾਰ ਦਾ ਸੁਆਲ ਬਣਾ ਕੇ ਲੜ ਰਹੇ ਸਨ। ਉਹਨਾਂ ਨੇ ਆਪਣੇ ਦੋਸਤ ਵਕੀਲ ਰਾਹੀਂ ਮਾਮਲਾ ਅਦਾਲਤ ਵਿਚ ਦਾਇਰ ਕਰ ਦਿੱਤਾ। ਉਧਰ ਬ੍ਰਾਹਮਣ ਤੇ ਉੱਚ ਵਰਗ ਦੇ ਅਧਿਕਾਰੀਆਂ/ ਕਰਮਚਾਰੀਆਂ ਦੀ ਲਾਬੀ ਇਸ ਗੱਲ ਤੇ ਤਿਲਮਲਾ ਉੱਠੀ ਕਿ ਉਹ ਅਨਪੜ੍ਹ ਦੀਨਾ ਭਾਨਾ ਨਾਲ ਤਾਂ ਨਜਿੱਠ ਲੈਂਦੇ ਪਰ ਇਹ ਪੜ੍ਹਿਆ ਲਿਖਿਆ ਅਧਿਕਾਰੀ ਸਾਹਿਬ ਕਾਂਸ਼ੀ ਰਾਮ ਉਹਦੀ ਪਿੱਠ ਤੇ ਖੜ੍ਹੇ ਹੋਣ ਕਰਕੇ ਉਹਨਾਂ ਦੀ ਪੇਸ਼ ਨਹੀਂ ਜਾ ਰਹੀ। ਇਸ ਲਈ ਉਹ ਉਹਨਾਂ ਨੂੰ ਸਖਤ ਨਫਰਤ ਕਰਨ ਲੱਗੇ ਤੇ ਕਹਿਣ ਲੱਗੇ ਕਿ ਕਾਂਸ਼ੀ ਰਾਮ ਨੂੰ ਠੀਕ ਕਰਨਾ ਹੈ। ਉਹ ਦੀਨਾ ਭਾਨਾ ਦੀ ਪਤਨੀ ਨੂੰ ਉਕਸਾਉਣ ਲੱਗੇ ਕਿ ਉਹ ਦੀਨਾ ਭਾਨਾ ਨੂੰ ਮਾਫੀ ਮੰਗਣ ਲਈ ਪ੍ਰੇਰਤ ਕਰੇ। ਪਰ ਉਹਨਾਂ ਨੇ ਅਜਿਹਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਕਿਉਂਕਿ ਸਾਹਿਬ ਕਾਂਸ਼ੀ ਰਾਮ ਦੀਨਾ ਭਾਨਾ ਦੀ ਬਣਦੀ ਤਨਖਾਹ ਦੇ ਬਰਾਬਰ ਰਕਮ ਪਹਿਲੀ ਤਾਰੀਖ ਨੂੰ ਦੇਣ ਦਾ ਭਰੋਸਾ ਪਹਿਲਾਂ ਹੀ ਦੇ ਚੁੱਕੇ ਸਨ ਤੇ ਨਾਲ ਹੀ ਇਹ ਵੀ ਕਹਿ ਦਿੱਤਾ ਕਿ ਮੁਅੱਤਲੀ ਭੱਤਾ ਵਾਧੂ ਬੋਨਸ ਦੇ ਰੂਪ ਵਿੱਚ ਹੋਵੇਗਾ।

ਇਕ ਦਿਨ ਸਾਹਿਬ ਕਾਂਸ਼ੀ ਰਾਮ ਜੀ ਦੀਨਾ ਭਾਨਾ ਨੂੰ ਬੁੱਧ ਅਤੇ ਅੰਬੇਡਕਰ ਬਾਰੇ ਪੁੱਛਣ ਲੱਗੇ ਕਿਉਂਕਿ ਪੰਜਾਬ ਦੇ ਰਵਿਦਾਸੀਆ ਸਿੱਖ ਪਰਵਾਰ ਚੋਂ ਹੋਣ ਕਰਕੇ ਉਹਨਾਂ ਨੂੰ ਇਸ ਬਾਰੇ ਕੋਈ ਵਧੇਰੇ ਜਾਣਕਾਰੀ ਨਹੀਂ ਸੀ ਪਰ ਦੀਨਾ ਭਾਨਾ ਵੀ ਅਨਪੜ੍ਹ ਹੋਣ ਕਰਕੇ ਕੋਈ ਜ਼ਿਆਦਾ ਨਾ ਦੱਸ ਸਕਿਆ। ਡੀ. ਕੇ. ਖਾਪਰਡੇ ਜੋ ਓਸੇ ਫੈਕਟਰੀ ਵਿਚ ਕਰਮਚਾਰੀ ਸੀ ਤੇ ਮਹਾਰ ਸੀ ਉਹ ਡਰਦਾ ਡਰਦਾ ਸਾਹਿਬ ਕਾਂਸ਼ੀ ਰਾਮ ਜੀ ਨੂੰ ਅਦਾਲਤ 'ਚ ਮਿਲਿਆ ਕਿਉਕਿ ਮਹਾਰਾਂ ਦੇ ਰਵੱਈਏ ਤੋਂ ਸਾਹਿਬ ਕਾਂਸ਼ੀ ਰਾਮ ਬਹੁਤ ਦੁਖੀ ਸਨ। ਕਿਉਂਕਿ ਉਹ ਸਾਹਿਬ ਕਾਂਸ਼ੀ ਰਾਮ ਨੂੰ ਨਫਰਤ ਕਰਦੇ ਸਨ ਤੇ ਬੁਰਾ ਭਲਾ ਬੋਲਦੇ ਸਨ। ਉਸ ਦਿਨ ਉਹਨਾਂ ਨੇ ਉਹਨੂੰ ਨਰਮੀ ਨਾਲ ਪੁੱਛਿਆ ਕਿ ਉਹ (ਸਾਹਿਬ ਕਾਂਸ਼ੀ ਰਾਮ) ਅਦਾਲਤ ਵਿਚ ਕਿਵੇਂ ਘੁੰਮਦਾ ਹੈ ਤਾਂ ਉਹਨੇ ਦੱਸਿਆ ਕਿ ਉਹ ਦੀਨਾ ਭਾਨਾ ਦੇ ਕੇਸ ਬਾਰੇ ਜਾਣਕਾਰੀ ਹਾਸਲ ਕਰਨ ਦੀ ਇੱਛਾ ਨਾਲ ਆਇਆ ਹੈ।

ਸਾਹਿਬ ਕਾਂਸ਼ੀ ਰਾਮ ਨੂੰ ਉਹਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਨੇ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਕਰਕੇ ਦਲਿਤ ਸੋਸ਼ਿਤ ਸਮਾਜ ਨੂੰ ਮਨੁੱਖੀ ਅਧਿਕਾਰ ਮੁਹੱਈਆ ਕਰਵਾਏ ਸਨ। ਜਿਸ ਦੀ ਬਦੌਲਤ ਆਪਾਂ ਉੱਚ ਪਦਵੀਆਂ ਹਾਸਲ ਕਰ ਸਕੇ ਹਾਂ। ਉਹਨਾਂ ਨੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਹਨ ਤੇ ਡੀ. ਕੇ. ਖਾਪਰਡੇ ਨੇ ਸਾਹਿਬ ਕਾਂਸ਼ੀ ਰਾਮ ਨੂੰ ਬਾਬਾ ਸਾਹਿਬ ਦੁਆਰਾ ਰਚਿਤ ਕਿਤਾਬ Annihilation of Caste (ਜਾਤ ਪਾਤ ਦਾ ਬੀਜ ਨਾਸ਼) ਮੁਹੱਈਆ ਕਰਵਾ ਦਿੱਤੀ।

ਸਾਹਿਬ ਕਾਂਸ਼ੀ ਰਾਮ ਨੇ ਉਸ ਕਿਤਾਬ ਨੂੰ ਪੂਰੀ ਸ਼ਿੱਦਤ ਤੇ ਸਿਦਕ ਦਿਲੀ ਨਾਲ ਰਾਤੋ ਰਾਤ ਲਗਾਤਾਰ 7 ਵਾਰ ਪੜ੍ਹਿਆ। ਉਸ ਛੋਟੀ ਜਿਹੀ ਰਚਨਾ ਨੇ ਉਹਨਾਂ ਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ। ਉਹਨਾਂ ਨੂੰ ਦਲਿਤਾਂ ਸੋਸ਼ਤਾਂ 'ਤੇ ਪੇਸ਼ਵਾ (ਬਰਾਹਮਣਾਂ) ਦੇ ਰਾਜ 'ਚ ਢਾਹੇ ਜਾਂਦੇ ਜ਼ੁਲਮਾਂ ਦੀ ਸੋਝੀ ਹੋਈ ਕਿ ਕਿਵੇਂ ਆਪਣੇ ਗ਼ਲੇ ਵਿਚ ਕੁੱਜੇ ਤੇ ਪਿੱਠ ਪਿਛੇ ਝਾੜੂ ਲਟਕਾ ਕੇ ਚੱਲਣ ਵਰਗਾ ਅਣਮਨੁੱਖੀ ਆਦੇਸ਼ ਮੰਨਣ ਲਈ ਮਜਬੂਰ ਕੀਤਾ ਗਿਆ ਸੀ। ਸਾਹਿਬ ਕਾਂਸ਼ੀ ਰਾਮ ਜੀ ਵਲੋਂ ਆਪਣੇ ਬਲ ਬੂਤੇ ਲੜੀ ਗਈ ਲੰਬੀ ਅਦਾਲਤੀ ਲੜਾਈ ਸਦਕਾ ਅਦਾਲਤੀ ਫੈਸਲੇ ਉਹਨਾਂ ਦੇ ਹੱਕ ਵਿਚ ਹੋ ਗਏ। ਜਿੱਥੇ ਦੀਨਾ ਭਾਨਾ ਵਾਲਮੀਕ ਆਪਣੀ ਨੌਕਰੀ ਤੇ ਮੁੜ ਬਹਾਲ ਹੋ ਗਿਆ ਉਥੇ ਬੁੱਧ ਜੈਯੰਤੀ ਤੇ ਅੰਬੇਡਕਰ ਜੈਯੰਤੀ ਦੀਆਂ ਛੁੱਟੀਆਂ ਬਰਕਰਾਰ ਰਹਿ ਸਕੀਆਂ।

ਫੈਕਟਰੀ ਦੇ ਡਾਇਰੈਕਟਰ ਨੂੰ ਬਦਲ ਦਿੱਤਾ ਗਿਆ ਤੇ ਡਿਪਟੀ ਡਾਇਰੈਕਟਰ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ। ਜਿਸ ਨਾਲ ਮਹਾਰ ਕਲੋਨੀ ਵਿਚ ਖੁਸ਼ੀਆਂ ਮਨਾਈਆਂ ਜਾਣ ਲੱਗੀਆਂ। ਉੱਘੇ ਅੰਬੇਡਕਰਵਾਦੀ ਦਾਦਾ ਸਾਹਿਬ ਗਾਇਕਵਾੜ ਨੇ ਜਲਸੇ ਕਰਨ ਵਿਚ ਬਹੁਤ ਮਦਦ ਕੀਤੀ। ਸਾਹਿਬ ਕਾਂਸ਼ੀ ਰਾਮ ਕਿਹਾ ਕਰਦੇ ਸਨ ਕਿ "ਮਹਾਰ ਲੋਕ ਬਾਬਾ ਸਾਹਿਬ ਬਾਰੇ ਜਾਣਦੇ ਬਹੁਤ ਕੁੱਝ ਹਨ ਪਰ ਕਰਦੇ ਕੁੱਝ ਨਹੀਂ।"

ਇਸ ਘਟਨਾ ਤੋਂ ਬਾਅਦ ਸਾਹਿਬ ਕਾਂਸ਼ੀ ਰਾਮ ਜੀ ਨੇ ਆਪਣੀ ਸਮੁੱਚੀ ਜ਼ਿੰਦਗੀ ਬਾਬਾ ਸਾਹਿਬ ਦੇ ਅੰਦੋਲਨ ਨੂੰ ਅੱਗੇ ਵਧਾਉਣ ਲਈ ਸਮਰਪਿਤ ਕਰ ਦਿੱਤੀ।

****

# ਸੰਸਾਰ ਭਰ ਦੇ ਮੂਲਵਾਸੀ ਲੋਕਾਂ ਦੀ ਹੋਂਦ ਲਈ ਅੰਤਰਾਸ਼ਟਰੀ ਦਿਵਸ ਮਨਾਇਆ ਗਿਆ

ਬੀਤੀ 9 ਅਗਸਤ ਨੂੰ ਵਿਸ਼ਵ ਭਰ ਦੇ ਦੇਸ਼ਾਂ ਵਿਚ ਮੁੱਢ ਕਦੀਮ ਤੋਂ ਉਥੇ ਵਸਣ ਵਾਲੇ ਲੋਕਾਂ ਲਈ 'ਇੰਟਰਨੈਸ਼ਨਲ ਡੇ ਆਫ ਵਰਲਡ'ਜ ਇੰਡੀਜੀਨੀਅਸ ਪੀਪਲ' ਮਨਾਇਆ ਗਿਆ। ਅੱਜ ਤੋਂ 97 ਸਾਲ ਪਹਿਲਾਂ ਅਮਰੀਕਾ ਦੇ ਸ਼ਹਿਰ ਨਿਊਯਾਰਕ ਨੇੜੇ ਸਿਊਗਾ ਝੀਲ ਦੇ ਕੰਢੇ ਵਸਦੇ ਅਮਰੀਕੀ ਮੂਲਵਾਸੀਆਂ ਦੇ ਆਗੂ ਦਸ਼ਕਾਹੇਹ ਲੇਵੀ ਨੇ ਅਮਰੀਕਾ ਅਤੇ ਬ੍ਰਿਟਿਸ਼ਾਂ ਵਿਚਕਾਰ ਲੰਮੇ ਸਮੇਂ ਤੋਂ ਚਲਦੀ ਆ ਰਹੀ ਇਲਾਕੇ ਕਬਜਾਉਣ ਦੀ ਲੜਾਈ ਵਿਚ ਉਸਦੀ ਕੌਮ ਅਤੇ ਕੌਮ ਦੇ ਘੇਰੇ ਵਿਚ ਆਉਂਦੇ ਕੁਦਰਤੀ ਸਰੋਤਾ, ਸਿਊਗਾ ਸੱਭਿਆਚਾਰ ਅਤੇ ਬੋਲੀ ਨੂੰ ਖਤਰਾ ਦੱਸ ਕੇ ਉਦੋਂ ਯੂ.ਐਨ.ਓ ਦੇ ਪ੍ਰਾਰੰਭਕ ਰੂਪ ਲੀਗ ਆਫ ਨੇ ਆਫ ਨੇਸ਼ਨਜ ਦੇ ਹੈਡਕੁਆਟਰ ਜੈਨੇਵਾ ਵਿਖੇ ਪਹੁੰਚ ਕੇ ਫਰਿਆਦ ਕੀਤੀ ਸੀ। ਉਦੋਂ ਇਹ ਕੌਮ ਆਪਣੀ ਸਮਰੱਥਾ ਅਨੁਸਾਰ ਅਮਰੀਕੀਆਂ ਅਤੇ ਬ੍ਰਿਟਿਸ਼ਾਂ ਨਾਲ ਲੜੇ ਵੀ ਸੀ। 1779 ਵਿਚ ਉਦੋਂ ਦੇ ਅਮਰੀਕਾ ਦੇ ਜਨਰਲ ਜਾਰਜ ਵਸ਼ਿੰਗਟਨ ਨੇ ਹਜਾਰਾਂ ਸੈਨਿਕਾਂ ਦੇ ਧਾਵੇ ਨਾਲ ਸੇਯੂਗਾ ਮੂਲਵਾਸੀਆਂ 'ਤੇ ਤਕੜਾ ਧਾਵਾ ਬੋਲਿਆ ਸੀ 'ਤੇ ਇਹ ਲੋਕ ਆਪਣੇ ਬਚਾਅ ਲਈ ਓਹੀਓ, ਕੈਨੇਡਾ ਅਤੇ ਬੱਫੈਲੋ ਕ੍ਰੀਕ ਵੱਲ ਹਿਜਰਤ ਕਰ ਗਏ ਸਨ। ਇਸੇ ਤਰ੍ਹਾਂ ਕੈਨੇਡਾ, ਆਸਟ੍ਰੇਲੀਆ ਅਤੇ ਨਿਊਜੀਲੈਂਡ ਵਿਚ ਵੀ ਇਹੀ ਵਰਤਾਰਾ ਹੈ। ਕੈਨੇਡਾ ਵਿਚ ਸਦੀਆਂ ਤੋਂ ਵੱਸਦੇ ਮੂਲਵਾਸੀ ਇੰਡੀਅਨ, ਫਸਟ ਨੇਸ਼ਨ ਪੀਪਲ ਜਾਂ ਐਬਓਰਿਜਨਲ ਲੋਕਾਂ ਨੂੰ ਸਿਆਸੀ, ਆਰਥਿਕ ਤੇ ਸਮਾਜਿਕ ਪੱਖ ਤੋਂ 150 ਸਾਲ ਤੱਕ ਹਾਸ਼ੀਏ 'ਤੇ ਰੱਖਿਆ ਗਿਆ। ਕਨੇਡਾ ਵਿਚ ਜਿੱਥੇ ਮੂਲਵਾਸੀ ਦੇਸ਼ ਦੀ ਅਬਾਦੀ ਦਾ 6 ਪ੍ਰਤੀਸ਼ਤ ਹਨ ਨੂੰ, ਲੰਬੇ ਸੰਘਰਸ਼ ਬਾਅਦ 2019 ਵਿਚ ਉਨਹਾਂ ਦੇ ਸਮਾਜ, ਲੋਕ ਕਲਾਵਾਂ ਅਤੇ ਲੋਕ ਬੋਲੀ ਨੂੰ ਸਾਂਭਣ ਸਬੰਧੀ ਕਾਨੂੰਨੀ ਹੱਕ ਮਿਲੇ ਹਨ ਜਿਸ ਵਿਚ ਯੂ.ਐਨ.ਓ ਦਾ ਜਿਕਰਯੋਗ ਰੋਲ ਰਿਹਾ ਹੈ। ਇਸੇ ਤਰ੍ਹਾਂ



ਆਸਟ੍ਰੇਲੀਆ ਵਿਚ 50 ਹਜਾਰ ਸਾਲ ਤੋਂ ਵਸਦੇ ਕਬੀਲੇ ਅਤੇ ਨਿਊਜੀਲੈਂਡ ਵਿਚ ਸਦੀਆਂ ਤੋਂ ਵੱਸਦੇ ਮੂਲਵਾਸੀ ਮਾਉਰੀ ਲੋਕਾਂ ਨੇ ਲੰਬੇ ਸੰਘਰਸ਼ ਬਾਅਦ ਹੱਕ ਹਾਸਲ ਕੀਤੇ ਹਨ ਨਹੀਂ ਤਾਂ ਬ੍ਰਿਟਿਸ਼, ਅਮਰੀਕਨ, ਫ੍ਰਾਂਸੀਸੀਆਂ ਅਤੇ ਸਪੈਨਿਸ਼ਾਂ ਨੇ ਉਹਨਾਂ ਦੀ ਹੋਂਦ ਮਿਟਾਉਣ ਵਿਚ ਕੋਈ ਕਸਰ ਨਹੀਂ ਛੱਡੀ ਸੀ। ਇਨ੍ਹਾਂ ਬਸਤੀਵਾਦੀ ਧਾੜਵੀਆਂ ਦਾ ਮਨੋਰਥ ਸਥਾਨਕ ਕਬੀਲਿਆਂ ਅਤੇ ਘੱਟ ਗਿਣਤੀ ਸਮੂਹਾਂ ਨੂੰ ਬਸਤੀਵਾਦੀ ਸੱਭਿਆਚਾਰ ਵਿਚ ਜਜਬ ਕਰਨਾ ਅਤੇ ਉਨ੍ਹਾਂ ਦੀ ਆਪਣੀ ਮੌਲਿਕ ਪਛਾਣ ਮਿਟਾ ਦੇਣਾ ਸੀ। ਅਫਰੀਕਾ ਅਤੇ ਏਸ਼ੀਆ ਖੇਤਰ ਵਿਚ ਵੀ ਹਜਾਰਾਂ ਸੱਭਿਆਚਾਰਕ ਸਮੂਹ ਆਪੋ ਆਪਣੇ ਸੱਭਿਆਚਾਰ, ਲੋਕ ਕਲਾਵਾਂ ਅਤੇ ਲੋਕ ਬੋਲੀਆਂ ਨੂੰ ਜਿੰਦਾ ਰੱਖਣ ਲਈ ਖੁਦ ਹੀ ਸੰਘਰਸ਼ ਕਰ ਰਹੇ ਹਨ। ਪਰ ਅਜੇ ਵੀ ਦੁਨੀਆ ਦੇ ਸੈਂਕੜੇ ਦੇਸ਼ਾਂ ਵਿਚ ਵੱਸਦੇ ਮੂਲਵਾਸੀ ਲੋਕਾਂ ਅਤੇ ਸੱਭਿਆਚਾਰਕ ਸਮੂਹਾਂ ਨੂੰ ਆਪਣੇ ਵਜੂਦ ਨੂੰ ਬਣਾਈ ਰੱਖਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਯੂ.ਐਨ.ਓ. ਦੇ ਇਕ ਸਰਵੇਖਣ ਅਨੁਸਾਰ ਦੁਨੀਆ ਦੇ 90 ਦੇਸ਼ਾਂ ਵਿਚ ਮੂਲਵਾਸੀ ਲੋਕਾਂ ਦੇ ਲਗਭਗ 5000 ਸੱਭਿਆਚਾਰਕ ਸਮੂਹ ਮੌਜੂਦ ਹਨ। ਵਿਸ਼ਵ ਵਿਚ ਬੋਲੀਆਂ ਜਾਂਦੀਆਂ 6700 ਬੋਲੀਆਂ ਵਿਚੋਂ 2680 ਕਬਾਇਲੀ ਬੋਲੀਆਂ ਹਨ ਜੋ ਆਪਣੀ ਹੋਂਦ ਦੀ ਲੜਾਈ ਲੜ ਰਹੀਆਂ ਹਨ 13 ਸਤੰਬਰ 2007 ਨੂੰ ਸੰਯੁਕਤ ਰਾਸਟਰ ਸਭਾ ਵਿਚ ਦੁਨੀਆ ਭਰ ਵਿਚ ਵੱਸਦੇ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਲਈ ਇਕ ਐਲਾਨਨਾਮਾ ਅਪਣਾਇਆ ਗਿਆ ਜਿਸਨੂੰ ਬਾਅਦ ਵਿਚ ਮੈਂਬਰ ਦੇਸ਼ ਲਾਗੂ ਕਰਨ ਲਈ ਪਾਬੰਦ ਹੋਏ।

ਆਸਟ੍ਰੇਲੀਆ ਵਿਚ ਮੂਲਵਾਸੀ ਲੋਕਾਂ ਦੀ ਗਿਣਤੀ ਸਾਢੇ 7 ਲੱਖ ਹੈ ਜੋਂ ਸਥਾਨਕ ਵਸੋਂ ਦਾ 3% ਹਨ ਆਸਟ੍ਰੇਲੀਆ ਵਿਚ ਹੀ ਮੂਲਵਾਸੀਆ ਦੇ 250 ਭਾਸ਼ਾ ਸਮੂਹ ਮੌਜੂਦ ਨੇ। ਸਾਢੇ ਦੇਸ਼ ਭਾਰਤ ਵਿਚ ਵੀ ਝਾਰਖੰਡ, ਛੱਤੀਸਗੜ੍ਹ ਅਤੇ ਉੱਤਰਪੂਰਬੀ ਰਾਜਾਂ ਵਿਚ ਆਦਿਵਾਸੀ ਅਤੇ ਮੂਲਵਾਸੀ ਲੋਕਾਂ ਦੇ ਹਜਾਰਾਂ ਸੱਭਿਆਚਾਰਕ ਅਤੇ ਘੱਟ ਗਿਣਤੀ ਸਮੂਹ ਹਨ ਜੋ ਹਜਾਰਾਂ ਸਾਲਾਂ ਤੋਂ ਇਸੇ ਧਰਤੀ 'ਤੇ ਰਹਿ ਰਹੇ ਹਨ।

ਹੁਣ ਕਿਤੇ ਜਾ ਕਿ ਉਨਹਾਂ ਦੇ ਹੱਕਾਂ ਅਤੇ ਸੱਭਿਆਚਾਰਕ ਹੋਂਦ ਨੂੰ ਬਚਾਈ ਰੱਖਣ ਲਈ ਯਤਨ ਆਰੰਭ ਹੋਏ ਹਨ। ਇਨ੍ਹਾਂ ਕਬੀਲਾਈ ਤੇ ਮੂਲਵਾਸੀ ਲੋਕਾਂ ਨੂੰ ਹੌਲੀ ਹੌਲੀ ਬਾਹਰਲੇ ਉੱਨਤ ਜਗਤ ਨਾਲ ਜੋੜਿਆ ਜਾ ਰਿਹਾ ਹੈ। ਇਸ ਵਾਰ ਦੇ ਵਿਸ਼ਵ ਦਿਵਸ 'ਤੇ ਯੂ.ਐਨ.ਓ ਨੇ ਅਜੋਕੀ ਆਧੁਨਿਕ ਦੁਨੀਆ ਦੇ ਲੋਕਾਂ ਨੂੰ ਇਨਾਂ ਮੂਲਵਾਸੀਆਂ ਨਾਲ ਕੀਤੇ ਜਾਂਦੇ ਵਰਤਾਓ ਵਿਚ ਸੁਧਾਰ ਲਿਆਉਣ ਦੀ ਲੋੜ 'ਤੇ ਜੋਰ ਦਿੱਤਾ ਹੈ।


**- ਪਰਮਜੀਤ ਸਿੰਘ ਬਾਗੜੀਆ**
**91-98147-65705**

## ਮਨੀ ਲਾਂਡਰਿੰਗ ਦੇ ਵੱਡੇ ਰੈਕੇਟ ਦਾ ਖੁਲਾਸਾ, ਚੀਨੀ ਨਾਗਰਿਕਾਂ ਜ਼ਰੀਏ ਇਕ ਹਜ਼ਾਰ ਕਰੋੜ ਤੋਂ ਜ਼ਿਆਦਾ ਦਾ ਹਵਾਲਾ ਟ੍ਰਾਂਜੈਕਸ਼ਨ

**ਨਵੀਂ ਦਿੱਲੀ-** ਭਾਰਤ ਵਿਚ ਮਨੀ ਲਾਂਡਰਿੰਗ ਦੇ ਵੱਡੇ ਰੈਕੇਟ ਦਾ ਖੁਲਾਸਾ ਕੀਤਾ ਗਿਆ ਹੈ। 1000 ਕਰੋੜ ਰੁਪਏ ਤੋਂ ਜ਼ਿਆਦਾ ਦੇ ਹਵਾਲਾ ਟ੍ਰਾਂਜੈਕਸ਼ਨ ਦਾ ਪਤਾ ਲੱਗਾ ਹੈ। ਸ਼ੈਲ ਕੰਪਨੀਆਂ ਜ਼ਰੀਏ ਮਨੀ ਲਾਂਡਰਿੰਗ ਹੋ ਰਹੀ ਸੀ। ਰੈਕੇਟ ਵਿਚ ਕਈ ਚੀਨੀ ਨਾਗਰਿਕ, ਉਨ੍ਹਾਂ ਦੇ ਭਾਰਤੀ ਸਹਿਯੋਗੀ, ਬੈਂਕ ਮੁਲਾਜ਼ਮ ਆਦਿ ਸ਼ਾਮਲ ਸਨ। ਇਨਕਮ ਟੈਕਸ ਵਿਭਾਗ ਨੇ ਇਕ ਹਜ਼ਾਰ ਕਰੋੜ ਰੁਪਏ ਦੇ ਹਵਾਲਾ ਰੈਕੇਟ ਵਿਚ ਚੀਨ ਦੇ ਕੁਝ ਲੋਕਾਂ ਤੇ ਉਨ੍ਹਾਂ ਦੇ ਭਾਰਤ ਵਿਚ ਸਹਿਯੋਗੀਆਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਦੀ ਕਾਰਵਾਈ ਕੀਤੀ ਹੈ। ਸ਼ੈਲ ਕੰਪਨੀਆਂ ਖੋਲ੍ਹ ਕੇ ਹਵਾਲਾ ਲੈਣ-ਦੇਣ ਨੂੰ ਅੰਜ਼ਾਮ ਦਿੱਤਾ ਗਿਆ ਸੀ। ਸੀਬੀਡੀਟੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ।

## ਅਮਰੀਕਾ 'ਚ 97,000 ਤੋਂ ਵੱਧ ਬੱਚੇ ਜੁਲਾਈ 'ਚ ਆਏ ਕੋਰੋਨਾ ਪਾਜ਼ੇਟਿਵ

**ਵਾਸ਼ਿੰਗਟਨ-** ਅਮਰੀਕੀ ਅਕਾਦਮੀ ਆਫ ਪੀਡੀਆਟ੍ਰਿਕਸ ਅਤੇ ਚਿਲਡਰਨ ਹਸਪਤਾਲ ਐਸੋਸੀਏਸ਼ਨ ਦੀ ਇੱਕ ਨਵੀਂ ਰਿਪੋਰਟ ਅਨੁਸਾਰ, ਜੁਲਾਈ ਦੇ ਆਖ਼ਰੀ ਦੋ ਹਫ਼ਤਿਆਂ 'ਚ ਅਮਰੀਕਾ ਭਰ 'ਚ 97,000 ਤੋਂ ਵੱਧ ਬੱਚਿਆਂ ਨੇ ਸੀਓਵੀਆਈਡੀ-19 ਲਈ ਸਕਰਾਤਮਕ ਟੈਸਟ ਦਿੱਤਾ। ਨਿਊਜ਼ ਏਜੰਸੀ ਸਿਨਹੂਆ ਦੀ ਰਿਪੋਰਟ ਅਨੁਸਾਰ, ਸੋਮਵਾਰ



ਨੂੰ ਜਾਰੀ ਕੀਤੀ ਗਈ ਰਿਪੋਰਟ 'ਚ ਪਾਇਆ ਗਿਆ ਸੀ 16 ਤੋਂ 30 ਜੁਲਾਈ ਤਕ 97,078 ਨਵੇਂ ਬੱਚਿਆਂ 'ਚ ਕੋਰੋਨਾ ਦੇ ਮਾਮਲੇ ਸਾਹਮਣੇ ਆਏ ਹਨ। 40 ਫ਼ੀਸਦੀ ਦਾ ਵਾਧਾ ਸੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਮਹਾਮਾਰੀ ਦੀ ਸ਼ੁਰੂਆਤ ਨਾਲ ਹੁਣ ਤਕ 338,000 ਬੱਚਿਆਂ 'ਚ ਕੋਰੋਨਾ ਦੇ ਲੱਛਣ ਪਾਏ ਗਏ। ਕੁੱਲ ਜਨਸੰਖਿਆ 'ਚ ਪ੍ਰਤੀ 100,000 ਬੱਚਿਆਂ 'ਤੇ 447 ਮਾਮਲੇ ਹਨ।

# ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ, ਵਾਇਦਿਆਂ ਤੋਂ ਵਾਇਦਾ ਖਿਲਾਫ਼ੀ ਤੱਕ ਦਾ ਸਫ਼ਰ

ਭਾਰਤ ਦੇ ਅਣਖਿੜਵੇਂ ਅੰਗ ਸੂਬਾ ਜੰਮੂ ਅਤੇ ਕਸ਼ਮੀਰ ਵਿਚੋਂ ਧਾਰਾ 370 ਖ਼ਤਮ ਕਰਕੇ ਇਸਦਾ ਰਾਜ ਦਾ ਦਰਜਾ ਖੋਹ ਲਿਆ ਗਿਆ। ਇਸਨੂੰ ਦੋ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਜੰਮੂ ਤੇ ਕਸ਼ਮੀਰ ਅਤੇ ਲਦਾਖ ਵਿੱਚ 5 ਅਗਸਤ 2019 ਨੂੰ ਵੰਡਿਆ ਗਿਆ ਹੈ। ਪੂਰਾ ਇੱਕ ਵਰ੍ਹਾ 5 ਅਗਸਤ 2020 ਨੂੰ ਪੂਰਾ ਹੋ ਗਿਆ ਹੈ। ਇਸੇ ਦਿਨ ਅਯੁਧਿਆ ਵਿਖੇ ਰਾਮ ਮੰਦਿਰ ਦੀ ਆਧਾਰ ਸ਼ਿਲਾ ਭਾਰਤੀ ਸੰਵਿਧਾਨ ਅਨੁਸਾਰ ਚੁਣੇ ਗਏ ਧਰਮ ਨਿਰਪੱਖ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਨੇ ਰੱਖੀ, ਬਾਵਜੂਦ ਇਸ ਗੱਲ ਦੇ ਕਿ ਦੇਸ਼ ਦੇ ਗ੍ਰਹਿ ਮੰਤਰਾਲੇ ਨੇ ਕਰੋਨਾ ਕਾਲ ਦੌਰਾਨ ਦੇਸ਼ ਵਿੱਚ ਧਾਰਮਿਕ, ਰਾਜਨੀਤਕ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਨ ਉਤੇ ਰੋਕ ਲਗਾਈ ਗਈ ਹੈ। ਚਿੰਤਾ ਅਤੇ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਦੇਸ਼ ਦੀ ਵਿਰੋਧੀ ਧਿਰ ਨੇ ਸੰਵਿਧਾਨ ਦੇ ਨਿਯਮਾਂ ਤੇ ਸਿਧਾਤਾਂ ਦੇ ਹੋ ਰਹੇ ਉਲੰਘਣ ਸਬੰਧੀ ਕੋਈ ਸਵਾਲ ਨਹੀਂ ਉਠਾਏ ਅਤੇ ਘੱਟੋ ਘੱਟ ਸਵੀਕਾਰ ਯੋਗ ਸਿਆਸੀ ਨੈਤਿਕਤਾ ਦੇ ਮਾਪਦੰਡਾਂ ਦੀ ਉਲੰਘਣਾ ਉਤੇ ਫਿਕਰ ਤੱਕ ਜ਼ਾਹਰ ਨਹੀਂ ਕੀਤਾ। ਕਿਸੇ ਨੇ ਨਹੀਂ ਪੁੱਛਿਆ ਕਿ ਆਖ਼ਿਰ ਕਿਉਂ ਦੇਸ਼ ਦੇ ਪ੍ਰਧਾਨ ਮੰਤਰੀ ਇੱਕ ਧਾਰਮਿਕ ਸਥਾਨ ਦਾ ਨੀਂਹ ਪੱਥਰ ਰੱਖ ਰਹੇ ਹਨ ਜਾਂ ਇੱਕ ਮੁੱਖ ਮੰਤਰੀ ਕਿਉਂ ਇਸ ਧਾਰਮਿਕ ਪ੍ਰੋਗਰਾਮ ਵਿੱਚ ਮੁੱਖ ਭੂਮਿਕਾ ਨਿਭਾ ਰਿਹਾ ਹੈ?

ਇਸੇ ਦੌਰਾਨ ਕਰੋਨਾ ਕਾਲ ਦੇ ਦੌਰਾਨ ਖੇਤੀ ਖੇਤਰ ਨਾਲ ਸਬੰਧਤ ਤਿੰਨ ਆਰਡੀਨੈਂਸ ਜਾਰੀ ਕੀਤੇ ਗਏ। ਜਿਹਨਾ ਦਾ ਵਿਰੋਧ ਲਗਾਤਾਰ ਕਿਸਾਨ ਭਾਈਚਾਰੇ ਵਲੋਂ ਹੋ ਰਿਹਾ ਹੈ। ਕਰੋਨਾ ਕਾਲ ਵਿੱਚ ਹੀ ਪਾਰਲੀਮੈਂਟ ਦੇ ਦੋਨਾਂ ਸਦਨਾਂ ਨੂੰ ਪਾਸੇ ਰੱਖਕੇ, ਨਵੀਂ ਸਿੱਖਿਆ ਨੀਤੀ ਦਾ ਐਲਾਨ ਦੇਸ਼ ਦੀ ਕੈਬਨਿਟ ਵਲੋਂ ਆਪਣੀ ਮੀਟਿੰਗ ਵਿੱਚ ਪਾਸ ਕਰਕੇ ਕਰ ਦਿੱਤਾ ਗਿਆ ਹੈ। ਸਿਆਣੇ ਚੁਣੇ ਹੋਏ ਸਾਂਸਦਾਂ ਦੇ ਇਹਨਾ ਦੋਹਾਂ ਮਹੱਤਵਪੂਰਨ ਵਿਸ਼ਿਆਂ ਬਾਰੇ ਵਿਚਾਰ ਜਾਨਣ ਦੀ ਸਰਕਾਰ ਵਲੋਂ ਲੋੜ ਹੀ ਨਹੀਂ ਸਮਝੀ ਗਈ। ਕਰੋਨਾ ਕਾਲ ਵਿੱਚ ਮਿਲੇ ਵਿਆਪਕ ਅਧਿਕਾਰਾਂ ਦਾ ਇਸਤੇਮਾਲ ਕਰਨ ਦੀ ਕਾਹਲੀ ਵਿੱਚ ਦੇਸ਼ ਦੀ ਮੌਜੂਦਾ ਸਰਕਾਰ ਹਰ ਉਹ ਕਾਰਜ ਕਰਨ ਵੱਲ ਅੱਗੇ ਵੱਧ ਰਹੀ ਹੈ, ਜਿਸ ਨਾਲ, ਦੇਸ਼ ਕਾਰਪੋਰੇਟ ਸੈਕਟਰ ਦਾ ਹੱਥ ਠੋਕਾ ਬਣ ਕੇ ਰਹਿ ਜਾਏਗਾ। ਖੇਤੀ ਖੇਤਰ ਵਾਲੇ ਆਰਡੀਨੈਂਸ ਅਤੇ ਨਵੀਂ ਸਿੱਖਿਆ ਨੀਤੀ ਨਿੱਜੀਕਰਨ ਅਤੇ ਵਪਾਰੀਕਰਨ ਵੱਲ ਵਧਦੇ ਤਿੱਖੇ ਕਦਮ ਹਨ। ਜਿਵੇਂ ਬਿਨ੍ਹਾਂ ਕਿਸੇ ਰੋਕ ਟੋਕ ਕਸ਼ਮੀਰ ਵਿੱਚੋਂ ਧਾਰਾ 370 ਖ਼ਤਮ ਕਰਕੇ, ਉਥੇ "ਵਿਕਾਸ ਦੇ ਯੁੱਗ" ਦੀ ਆਰੰਭਤਾ ਦੀ ਬਾਤ ਪਾਈ ਗਈ ਸੀ, ਉਤੇ ਤਰ੍ਹਾਂ ਕਿਸਾਨਾਂ ਦੀਆਂ ਝੋਲੀਆਂ ਆਰਡੀਨੈਂਸਾਂ ਨਾਲ ਭਰਨ ਅਤੇ ਨਵੀਂ ਸਿੱਖਿਆ ਨੀਤੀ ਨਾਲ "ਨਵੇਂ ਯੁੱਗ ਦੇ ਆਰੰਭ ਦੇ" ਦਮਗਜੇ ਮਾਰੇ ਜਾ ਰਹੇ ਹਨ ਅਤੇ ਇਹਨਾ ਆਰਡੀਨੈਂਸਾਂ ਅਤੇ ਫ਼ੈਸਲਿਆਂ ਨੂੰ ਦੇਸ਼ ਭਰ ਵਿੱਚ ਆਪਣੇ ਖ਼ਾਸ ਕਾਰਕੁਨਾਂ ਰਾਹੀਂ, ਗੋਦੀ ਮੀਡੀਏ ਰਾਹੀਂ, ਪ੍ਰਚਾਰਣ ਅਤੇ ਲੋਕਾਂ ਨੂੰ ਭ੍ਰਮਤ ਕਰਨ ਲਈ ਪੂਰਾ ਟਿੱਲ ਲਾਇਆ ਜਾ ਰਿਹਾ ਹੈ, ਉਵੇਂ ਹੀ ਜਿਵੇਂ ਇੱਕ ਸਾਲ ਪਹਿਲਾ ਧਾਰਾ 370 ਦੇ ਖ਼ਾਤਮੇ ਉਤੇ ਜਿੱਤ ਦੇ ਢੋਲ ਬਣਾਏ ਗਏ ਸਨ। ਕੀ ਇੱਕ ਸਾਲ ਦਾ ਸਮਾਂ ਬੀਤਣ ਬਾਅਦ ਜੰਮੂ ਕਸ਼ਮੀਰ ਅਤੇ ਲਦਾਖ ਵਿੱਚ ਲੋੜੀਂਦੇ ਸਿੱਟੇ ਪ੍ਰਾਪਤ ਕਰਨ 'ਚ "ਗੋਹੜੇ ਵਿਚੋਂ ਕੋਈ ਪੂਣੀ" ਵੀ ਕੱਤੀ ਗਈ ਹੈ?

ਜੰਮੂ-ਕਸ਼ਮੀਰ ਦੇ ਲੋਕ ਇਸ ਗੱਲ ਤੋਂ ਪੂਰੀ ਤਰ੍ਹਾਂ ਗੁੱਸੇ ਵਿੱਚ ਹਨ ਕਿ 370 ਧਾਰਾ ਖ਼ਤਮ ਕਰਕੇ ਉਹਨਾ ਦੇ ਹੱਕ ਕਿਸੇ "ਭਾਵਨਾ ਵਿਸ਼ੇਸ਼" ਨੂੰ ਲਾਗੂ ਕਰਨ ਲਈ ਖੋਹੇ ਗਏ ਹਨ। ਧਾਰਾ 35 ਏ ਅਧੀਨ ਜੋ ਅਧਿਕਾਰ ਉਹਨਾ ਕੋਲ ਸਨ, ਉਹ ਵੀ ਉਹਨਾ ਕੋਲ ਨਹੀਂ ਰਹੇ। ਲੋਕਾਂ ਦਾ ਖਦਸ਼ਾ ਹੈ ਕਿ ਜੰਮੂ-ਕਸ਼ਮੀਰ ਵਿੱਚ ਹੁਣ ਦੇਸ਼ ਦੇ ਹੋਰ ਭਾਗਾਂ ਦੇ ਲੋਕ ਆਕੇ ਜ਼ਮੀਨ-ਜਾਇਦਾਦ ਖਰੀਦਣਗੇ। ਇਥੇ ਆਪਣੇ ਵੱਡੇ ਕਾਰੋਬਾਰ ਖੋਲ੍ਹਣਗੇ। ਕਾਰਪੋਰੇਟ ਸੈਕਟਰ ਇਥੋਂ ਦੇ ਕੁਦਰਤੀ ਸੋਮਿਆਂ ਦੀ ਲੁੱਟ ਕਰੇਗਾ। ਇੰਜ ਇਹ ਉਹਨਾ ਦੀ ਖੇਤਰੀ-ਪ੍ਰਭੂਸਤਾ ਉਤੇ ਵੱਡਾ ਹਮਲਾ ਸਾਬਤ ਹੋਏਗਾ। ਜੰਮੂ-ਕਸ਼ਮੀਰ 'ਚ ਬਣੇ ਨਵੇਂ ਕਨੂੰਨ ਤਹਿਤ ਕੰਮੂ-ਕਸ਼ਮੀਰ ਵਿੱਚ ਬਾਹਰਲੇ ਸੂਬਿਆਂ ਦੇ ਲੋਕ , ਜੋ 15 ਸਾਲ ਲਗਾਤਾਰ ਜੰਮੂ ਕਸ਼ਮੀਰ 'ਚ ਰਹਿੰਦੇ ਹਨ ਜਾਂ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੇ ਉਹ ਬੱਚੇ ਜੋ 10 ਸਾਲ ਜੰਮੂ-ਕਸ਼ਮੀਰ 'ਚ ਨਿਵਾਸ ਕਰਦੇ ਹਨ, ਜੰਮੂ-ਕਸ਼ਮੀਰ 'ਚ ਸਰਕਾਰੀ ਨੌਕਰੀਆਂ ਲੈ ਸਕਣਗੇ। ਸਵਾਲ ਤਾਂ ਜੰਮੂ-ਕਸ਼ਮੀਰ ਵਾਲੇ ਇਹ ਕਰ ਰਹੇ ਹਨ ਕਿ ਦੇਸ਼ ਦੇ ਹਾਕਮਾਂ ਨੇ ਆਪਣਾ ਰਾਜਸੀ ਅੰਜਡਾ ਪੂਰਿਆਂ ਕਰਨ ਲਈ 370 ਧਾਰਾ ਅਤੇ 35 ਏ ਧਾਰਾ ਖ਼ਤਮ ਕੀਤੀ ਹੈ। ਹਾਕਮਾਂ ਕੋਲ ਜੰਮੂ-ਕਸ਼ਮੀਰ ਲਦਾਖ ਦੇ ਸ਼ਾਸ਼ਤ ਪ੍ਰਦੇਸ਼ ਲੋਕਾਂ ਦੇ ਵਿਕਾਸ, ਰੁਜ਼ਗਾਰ ਅਤੇ ਤਰੱਕੀ ਦਾ ਕੋਈ ਅਜੰਡਾ ਨਹੀਂ ਹੈ ਅਤੇ ਨਾ ਹੀ ਕੋਈ ਯੋਜਨਾ ਹੈ। ਇੱਕ ਸਾਲ ਪਹਿਲਾਂ ਦੇਸ਼ ਦੀ ਹਾਕਮ ਧਿਰ ਨੇ 370 ਧਾਰਾ ਅਤੇ 35ਏ ਧਾਰਾ ਖ਼ਤਮ ਕਰਨ ਦੇ ਫ਼ੈਸਲੇ ਦੇ ਹੱਕ 'ਚ ਇਹ ਦਲੀਲ ਦਿੱਤੀ ਸੀ ਕਿ ਇਸ ਪ੍ਰਦੇਸ਼ ਨੂੰ ਦੋ ਕੇਂਦਰਸ਼ਾਸ਼ਤ ਪ੍ਰਦੇਸ਼ਾਂ 'ਚ ਵੰਡਣ ਨਾਲ ਪਾਕਿਸਤਾਨ ਵਾਲੇ ਪਾਸਿਓਂ ਪਸਾਰੇ ਜਾਂ ਰਹੇ ਆਤੰਕਵਾਦ ਨੂੰ ਠੱਲ ਪਏਗੀ। ਬਹੁਤ ਵੱਡੇ-ਵੱਡੇ ਵਿਕਾਸ ਦੇ ਵਾਇਦੇ ਵੀ ਗਏ ਸਨ। ਉਵੇਂ ਹੀ ਜਿਵੇਂ ਨੋਟਬੰਦੀ ਰਾਤੋਂ-ਰਾਤ ਲਾਗੂ ਕਰਨ ਦੇ ਹੱਕ 'ਚ ਇਹ ਦਲੀਲ ਦਿੱਤੀ ਗਈ ਸੀ ਕਿ ਅਤਵਾਦੀ 'ਕਾਲੇ ਧਨ' ਦੀ ਵਰਤੋਂ ਕਰਦੇ ਹਨ ਤੇ ਨੋਟਬੰਦੀ ਨਾਲ ਇਸਦਾ ਖ਼ਾਤਮਾ ਹੋਏਗਾ। ਦੂਜੀ ਦਲੀਲ ਫ਼ਿਲਮੀ ਸਟਾਈਲ ਇਹ ਦਿੱਤੀ ਗਈ ਕਿ ਪ੍ਰਦੇਸ਼ ਦੋ ਭਾਗਾਂ 'ਚ ਵੰਡਣ ਨਾਲ ਇਲਾਕੇ ਦਾ ਵਿਕਾਸ ਵਧੇਗਾ। ਨਵੀਂ ਸਵੇਰ ਦੀ ਕਸ਼ਮੀਰ 'ਚ ਸ਼ੁਰੁਆਤ ਹੋਏਗੀ। 5 ਅਗਸਤ 2019 ਨੂੰ ਕਸ਼ਮੀਰੀਆਂ ਤੋਂ ਉਹਨਾ ਦੇ ਹੱਕ ਖੋਹਣ ਵੇਲੇ ਉਹਨਾ ਦੇ ਚੁਣੇ ਹੋਏ ਨੇਤਾਵਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ, ਕਰਫ਼ਿਊ ਲਗਾ ਦਿੱਤਾ ਗਿਆ, 35000 ਸੁਰੱਖਿਆ ਕਰਮੀ ਉਹਨਾ ਦੀ ਆਵਾਜ਼ ਦਬਾਉਣ ਲਈ ਲਗਾ ਦਿੱਤੇ ਗਏ। ਹਜ਼ਾਰਾਂ ਨੌਜਵਾਨਾਂ ਨੂੰ ਘਰਾਂ 'ਚੋਂ ਚੁੱਕਕੇ ਦੇਸ਼ ਦੇ ਬਾਕੀ ਸੂਬਿਆਂ ਦੀਆਂ ਜੇਲ੍ਹਾਂ 'ਚ ਨਜ਼ਰਬੰਦ ਕਰ ਦਿੱਤਾ ਗਿਆ। ਅਸਲ 'ਚ ਇਕ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ। ਕਸ਼ਮੀਰੀ ਪੱਤਰਕਾਰਾਂ ਨੂੰ ਧਮਕੀਆਂ ਮਿਲੀਆਂ ਅਤੇ ਕਸ਼ਮੀਰ ਨੂੰ ਦੇਸ਼ ਦੇ ਦੂਜੇ ਸੂਬਿਆਂ ਨਾਲੋਂ ਹੀ ਨਹੀਂ ਸਗੋਂ ਦੁਨੀਆਂ ਭਰ ਦੇ ਲੋਕਾਂ ਤੋਂ ਕੱਟ ਕਰ ਦਿੱਤਾ ਗਿਆ।

ਇੰਟਰਨੈੱਟ ਸੇਵਾਵਾਂ ਹੀ ਨਹੀਂ, ਮੋਬਾਇਲ ਫੋਨ ਸੇਵਾਵਾਂ ਵੀ ਬੰਦ ਕਰ ਦਿੱਤੀਆਂ ਗਈਆਂ। 4ਜੀ ਇੰਟਰਨੈੱਟ ਸੇਵਾਵਾਂ ਤਾਂ ਜੰਮੂ-ਕਸ਼ਮੀਰ 'ਚ ਹੁਣ ਤੱਕ ਵੀ ਬੰਦ ਹਨ। ਜੰਮੂ-ਕਸ਼ਮੀਰ 'ਚੋਂ ਧਾਰਾ 370 ਖ਼ਤਮ ਕਰਨ ਦੇ ਮਾਮਲੇ 'ਚ ਦੇਸ਼ ਭਾਰਤ ਨੂੰ ਅੰਤਰਰਾਸ਼ਟਰੀ ਪੱਧਰ ਉਤੇ ਬਹੁਤ ਹੀ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ ਅਤੇ ਸਰਕਾਰ ਨੂੰ ਆਪਣਾ ਦਾਅ ਉਤੇ ਲੱਗਿਆ ਅਕਸ ਬਚਾਉਣ ਲਈ "ਵਿਦੇਸ਼ ਡੈਲੀਗੇਸ਼ਨਾਂ" ਨੂੰ ਆਪਣੀ ਕਰੜੀ ਦੇਖ-ਰੇਖ ਅਧੀਨ ਕਸ਼ਮੀਰ ਦੇ ਸਬਜ ਬਾਗ ਦਿਖਾਉਣ ਦੀ ਕਵਾਇਦ ਕਰਨੀ ਪਈ।

ਇੱਕ ਵਰ੍ਹਾ ਬੀਤਣ ਬਾਅਦ ਵੀ ਨਵੇਂ, ਸੁਰੱਖਿਅਤ ਕਸ਼ਮੀਰ ਦਾ ਜੋ ਨਕਸ਼ਾ ਲੋਕਾਂ ਸਾਹਮਣੇ ਪੇਸ਼ ਕੀਤਾ ਗਿਆ ਸੀ, ਉਹ ਪੂਰਿਆਂ ਹੁੰਦਾ ਨਜ਼ਰ ਨਹੀਂ ਆ ਰਿਹਾ। 5 ਅਗਸਤ 2019 ਤੋਂ ਬਾਅਦ ਹੁਣ ਤੱਕ ਵੀ ਅੱਤਵਾਦੀ ਸਰਗਰਮੀਆਂ ਜਿਉਂ ਦੀਆਂ ਤਿਉਂ ਜਾਰੀ ਹਨ। ਲੌਕਡਾਊਨ ਦੇ ਦਿਨਾਂ 'ਚ ਅਤੱਵਾਦੀਆਂ ਨੇ ਮਜ਼ਦੂਰਾਂ ਉਤੇ ਹਮਲੇ ਕੀਤੇ। ਸਾਲ 2020 ਦੇ ਸਮੇਂ 'ਚ ਬੀ.ਐਸ.ਐਫ. ਅਤੇ ਰਿਜ਼ਰਵ ਫੋਰਸ ਦੇ ਜੁਆਨ ਅਤਿਵਾਦੀਆਂ ਹੱਥੋਂ ਜਾਨ ਗੁਆ ਬੈਠੇ। "ਸਕਰੋਲ" ਈ-ਅਖ਼ਬਾਰ ਵਿੱਚ ਛਪੀ ਇੱਕ ਰਿਪੋਰਟ ਮੁਤਾਬਿਕ 25 ਮਾਰਚ 2020 ਤੱਕ 61 ਵਿਅਕਤੀ ਕਸ਼ਮੀਰ ਖੇਤਰ 'ਚ ਹੋਈ ਹਿੰਸਾ ਕਾਰਨ ਮਾਰੇ ਗਏ। ਜੰਮੂ-ਕਸ਼ਮੀਰ ਦਾ ਵਿਕਾਸ ਅੰਜਡਾ ਲਾਗੂ ਕਰਨ ਦੀ ਗੱਲ ਤੋਂ ਵੀ ਵੇਖਿਆ ਜਾ ਸਕਦਾ ਹੈ ਕਿ 5 ਅਗਸਤ 2019 ਤੋਂ ਅਗਲੇ ਚਾਰ ਮਹੀਨਿਆਂ ਵਿੱਚ ਕੋਈ ਵਿਕਾਸ ਨਹੀਂ ਹੋਇਆ, ਆਰਥਿਕ ਪ੍ਰਗਤੀ ਨਹੀਂ ਹੋਈ।

"ਕਸ਼ਮੀਰ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ" ਅਨੁਸਾਰ ਇਸ ਖਿੱਤੇ ਨੂੰ ਇਸ ਦੌਰਾਨ 17,878 ਕਰੋੜ ਦਾ ਨੁਕਸਾਨ ਹੋਇਆ ਹੈ। ਅੱਗੋਂ ਲਾਕਡਾਊਨ ਨਾਲ ਕਸ਼ਮੀਰ 'ਚ ਘਾਟੇ 'ਚ 13,200 ਕਰੋੜ ਦਾ ਵਾਧਾ ਹੋਇਆ ਹੈ। ਫੈਕਟਰੀਆਂ ਬੰਦ ਹੋਈਆਂ ਹਨ। ਵੱਡੀ ਗਿਣਤੀ 'ਚ ਲੋਕ ਖ਼ਾਸ ਕਰਕੇ ਕਸ਼ਮੀਰੀ ਨੌਜਵਾਨ ਬੇਰੁਜ਼ਗਾਰ ਹੋ ਗਏ ਹਨ। ਇਸ ਸਾਰੀ ਸਥਿਤੀ ਨੇ ਕਸ਼ਮੀਰੀਆਂ ਦੇ ਮਨਾਂ ਵਿੱਚ ਭਾਰਤੀ ਹਾਕਮਾਂ ਲਈ ਵਧੇਰੇ ਸੰਦੇਹ, ਸ਼ੰਕਾਵਾਂ ਹੀ ਪੈਦਾ ਕੀਤੀਆਂ ਹਨ। ਮਾਨਵ ਅਧਿਕਾਰ ਨਾਲ ਜੁੜੇ ਮਸਲੇ ਜੋ ਲਗਾਤਾਰ ਸਾਹਮਣੇ ਆ ਰਹੇ ਹਨ, ਉਹਨਾ ਨਾਲ ਕਸ਼ਮੀਰ ਦੇ ਲੋਕਾਂ ਦਾ ਵਿਸ਼ਵਾਸ਼ ਤਿੜਕਿਆ ਹੈ। ਭਾਵੇਂ ਕਿ ਬਹੁ-ਗਿਣਤੀ ਕਸ਼ਮੀਰੀ ਇਸ ਪੱਖ ਦੇ ਹਨ ਕਿ ਗੋਲੀ ਦਾ ਜਵਾਬ ਗੋਲੀ ਨਾਲ ਦੇਣ ਨਾਲ ਕੋਈ ਮਸਲਾ ਹੱਲ ਨਹੀਂ ਹੋਣਾ।



ਗੁਰਮੀਤ ਪਲਾਹੀ
91-98158-02070

ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਫੈਲਿਆ ਲਗਭਗ ਸਵਾ ਕਰੋੜ ਦੀ ਆਬਾਦੀ ਵਾਲਾ ਕਸ਼ਮੀਰ ਭਾਰਤ ਦਾ ਅਨਿਖਿੜਵਾਂ ਅੰਗ ਹੈ। ਕਸ਼ਮੀਰੀਆਂ ਦੀਆਂ ਸਮੱਸਿਆਵਾਂ, ਦੇਸ਼ ਦੇ ਲੋਕਾਂ ਦੀਆਂ ਸਮੱਸਿਆਵਾਂ ਦੇ ਨਾਲ ਜੁੜੀਆਂ ਹਨ। ਸਰਹੱਦੀ ਸੂਬਾ ਹੁੰਦਿਆਂ ਇਸਦੇ ਵਿਕਾਸ, ਇਥੋਂ ਦੇ ਲੋਕਾਂ ਦੀ ਸਿੱਖਿਆ, ਸਿਹਤ ਸਹੂਲਤਾਂ ਆਦਿ ਲਈ ਵਿਸ਼ੇਸ਼ ਉਪਰਾਲੇ, ਪਹਿਲ ਅਧਾਰਤ ਹੋਣ ਦੀ ਮੰਗ ਕਰਦੇ ਹਨ।

ਵਾਇਦਿਆਂ ਦੀ ਵਾਇਦਾ ਖਿਲਾਫ਼ੀ ਲੋਕਾਂ 'ਚ ਓਪਰਾਪਨ ਅਤੇ ਉਪਰਾਮਤਾ ਪੈਦਾ ਕਰਦੀ ਹੈ। ਸਿਆਸਤਦਾਨਾਂ ਵਲੋਂ ਹਰ ਕੰਮ ਨੂੰ ਸਿਰਫ਼ ਵੋਟਾਂ ਦੀ ਰਾਜਨੀਤੀ ਨਾਲ ਜੋੜਨਾ ਦੇਸ਼ ਨੂੰ ਤਬਾਹੀ ਦੇ ਰਾਸਤੇ ਲਿਜਾ ਰਿਹਾ ਹੈ।

ਵਿਰੋਧੀ ਧਿਰ ਦੀਆਂ ਸਰਕਾਰਾਂ ਜੋੜ -ਤੋੜ ਤੇ ਪੈਸੇ ਨਾਲ ਤੋੜਨਾ, ਵਿਰੋਧੀ ਵਿਚਾਰਾਂ ਨੂੰ ਦੇਸ਼ ਧਿਰੋਹ ਦਾ ਨਾਮ ਦੇਣਾ,ਕਰੋਨਾ ਕਾਲ ਦਾ ਲਾਹਾ ਲੈਂਦਿਆਂ ਬਿਨਾਂ ਸੰਸਦ ਵਿੱਚ ਬਹਿਸ ਦੇ ਆਰਡੀਨੈਂਸ ਜਾਰੀ ਕਰਕੇ ਸਰਕਾਰ ਚਲਾਉਣਾ, ਦੇਸ਼ ਦੇ ਲੋਕਾਂ ਦੀ ਅਵਾਜ਼ ਸੁਣਕੇ ਵੀ ਅਣਡਿੱਠ ਕਰਨਾ, ਲੋਕਤੰਤਰੀ ਭਾਰਤ ਦੇ ਸੰਵਿਧਾਨ ਦੀ ਉਲੰਘਣਾ ਹੈ। ਕੀ ਇਹ ਸਭ ਕੁਝ ਸੰਵਿਧਾਨ ਨੂੰ ਲਾਗੂ ਕਰਨ ਦੀ ਵਾਇਦਾ ਖਿਲਾਫ਼ੀ ਨਹੀਂ ਗਿਣੀ ਜਾਣੀ ਚਾਹੀਦੀ?

# ਨੀ ਪੰਜਾਬ ਸਰਕਾਰੇ, ਦੇਖ ਤੇਰੀ ਜ਼ਹਿਰੀਲੀ ਸ਼ਰਾਬ ਦੇ ਕਾਰੇ, ਦਿਨ ਦਿਹਾੜੇ ਸੈਂਕੜੇ ਘਰ ਉਜਾੜੇ , ਪਰ ਤੂੰ ਕਿਉ ਖਿਡਾਰੀ ਘਰਾਂ ਵਿੱਚ ਤਾੜੇ

ਦੁਨੀਆਂ ਖਾ ਲਈ ਨਸ਼ਿਆਂ ਨੇ ਪਰ ਪੂਰੀ ਦੁਨੀਆਂ ਵਿੱਚ ਖੇਡਾਂ ਤੋਂ ਵਧੀਆ ਕੋਈ ਨਸ਼ਾ ਨਹੀਂ ਜਿਸ ਨੂੰ ਖੇਡਣ ਦਾ ਨਸ਼ਾ ਲੱਗ ਗਿਆ ਸਮਝੋ ਉਹ ਜ਼ਿੰਦਗੀ ਵਿੱਚ ਤਰ ਗਿਆ ਪਰ ਇਹ ਨਸ਼ਾ ਲਾਉਣ ਲਈ ਆਪਣੀਆਂ ਸਰਕਾਰਾਂ ਨੂੰ ਵਿਉਂਤਬੰਦੀ ਕਰਨੀ ਪੈਂਦੀ ਹੈ ਜਿਹੜੇ ਮੁਲਕਾਂ ਦੀਆਂ ਜਾਂ ਰਾਜ ਦੀਆਂ ਸਰਕਾਰਾਂ ਨੇ ਆਪਣੇ ਯੂਥ ਆਪਣੀ ਜਵਾਨੀ ਨੂੰ ਖੇਡਾਂ ਦੇ ਨਸ਼ੇ ਨਾਲ ਜੋੜਿਆ ਹੈ ਉਨ੍ਹਾਂ ਦੀ ਦੁਨੀਆਂ ਵਿੱਚ ਆਪਣੀ ਵਿਲੱਖਣ ਪਹਿਚਾਣ ਬਣੀ ਹੋਈ ਹੈ ।

ਪਰ ਸਾਡਾ ਪੰਜਾਬ ਤਾਂ ਸ਼ਰਾਬ, ਅਫੀਮ ,ਡੋਡੇ ,ਭੁੱਕੀ ,ਡਰੱਗ, ਚਿੱਟਾ ਸਮੈਕ ਆਦਿ ਚੀਜ਼ਾਂ ਨੂੰ ਹੀ ਨਸ਼ਾ ਸਮਝਦਾ ਹੈ ਬੀਤੇ ਦਿਨੀਂ ਬਟਾਲਾ ਅੰਮ੍ਰਿਤਸਰ ਤਰਨ ਤਾਰਨ ਵਿਖੇ ਜ਼ਹਿਰੀਲੀ ਸ਼ਰਾਬ ਪੀਣ ਨਾਲ 200 ਤੋਂ ਵੱਧ ਬੰਦੇ ਮਰ ਗਏ ਸੈਂਕੜੇ ਘਰਾਂ ਵਿੱਚ ਸੱਥਰ ਵਿਛ ਗਏ ਇਨ੍ਹਾਂ ਮੌਤਾਂ ਤੇ ਵੀ ਜੰਮ ਕੇ ਰਾਜਨੀਤੀ ਹੋ ਰਹੀ ਹੈ ਕਿਉਂਕਿ ਰਾਜਨੀਤਕ ਲੋਕਾਂ ਨੇ ਨਸ਼ਿਆਂ ਨੂੰ ਆਪਣਾ ਵਪਾਰ ਬਣਾ ਲਿਆ ਹੈ ਆਪਣੇ ਚਾਰ ਪੈਸੇ ਕਮਾਉਣ ਦੀ ਖਾਤਰ ਰਾਜਨੀਤੀ ਦੇ ਇਸ ਗੋਰਖ ਧੰਦੇ ਵਿੱਚ ਹਰ ਰੋਜ਼ ਹਜ਼ਾਰਾਂ ਮਾਵਾਂ ਦੇ ਪੁੱਤ ਕਦੇ ਉਹ ਜ਼ਹਿਰੀਲੀ ਸ਼ਰਾਬ ਨਾਲ, ਕਦੇ ਚਿੱਟੇ ਨਾਲ ,ਕਦੇ ਸਮੈਕ ਨਾਲ ਮੌਤ ਦੇ ਖੂਹ ਵਿੱਚ ਡਿੱਗ ਰਹੇ ਹਨ ਕਿਸੇ ਨੂੰ ਕੋਈ ਮੌਤਾਂ ਦਾ ਫ਼ਿਕਰ ਫ਼ਾਕਾ ਨਹੀਂ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੀੜਤ ਪਰਿਵਾਰਾਂ ਨਾਲ ਦੁੱਖ ਵੰਡਾਉਣ ਆਏ ਪਰ ਪਰਿਵਾਰਾਂ ਨੂੰ ਮਿਲੇ ਨਹੀਂ ,ਜ਼ਹਿਰੀਲੀ ਸ਼ਰਾਬ ਨਾਲ ਮਰੇ ਬੰਦਿਆਂ ਦੇ ਪਰਿਵਾਰਾਂ ਨੂੰ ਪੰਜ ਪੰਜ ਲੱਖ ਤੇ ਇੱਕ ਜੀਅ ਨੂੰ ਨੌਕਰੀ ਦੇਣ ਦਾ ਐਲਾਨ ਕਰਕੇ ਕੇ ਚਲੇ ਗਏ ਹਨ ਨੌਕਰੀ ਮਿਲਣੀ, ਪੈਸੇ ਮਿਲਣਾ ਬਾਅਦ ਦੀਆਂ ਗੱਲਾਂ ਹਨ ਪਰ ਕੀ ਅਜਿਹਾ ਕਰਨ ਨਾਲ ਉਨ੍ਹਾਂ ਪੀੜਤ ਪਰਿਵਾਰਾਂ ਦੇ ਮੈਂਬਰ ਵਾਪਸ ਆ ਜਾਣਗੇ । ਕੀ ਯਤੀਮ ਹੋਏ ਬੱਚਿਆਂ ਨੂੰ ਆਪਣਾ ਬਾਪ ਦੁਬਾਰਾ ਮਿਲ ਜਾਵੇਗਾ ਜਾਂ ਜਿਨ੍ਹਾਂ ਲੋਕਾਂ ਨੇ ਇਹ ਘਿਨਾਉਣਾ ਕਾਰਾ ਕੀਤਾ ਕੀ ਉਨ੍ਹਾਂ ਨੂੰ ਸਜ਼ਾ ਮਿਲੇਗੀ ਪਰਚੇ ਬਗੈਰਾ ਦਰਜ ਹੁੰਦੇ ਹਨ ਸਿਰਫ ਮਹਾਤੜ ਬੰਦਿਆਂ ਤੇ ਪਰ ਜਿਹੜੇ ਵੱਡੇ ਰਾਜਨੀਤਿਕ ਮਗਰਮੱਛ ਅਸਲ



ਦੋਸ਼ੀ ਹਨ ਉਨ੍ਹਾਂ ਵੱਲ ਕੋਈ ਉਂਗਲ ਨਹੀਂ ਕਰਦਾ ਪਹਿਲਾਂ 10 ਸਾਲ ਪੰਥ ਦੇ ਰਖਵਾਲਿਆਂ ਨੇ ਨਸ਼ਿਆਂ ਦੇ ਨਾਮ ਤੇ ਰਾਜਨੀਤੀ ਕਰਦਿਆਂ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਲਈਆਂ ਹੁਣ 4 ਹਫ਼ਤਿਆਂ ਵਿੱਚ ਨਸ਼ਿਆਂ ਦਾ ਲੱਕ ਤੋੜਨ ਵਾਲੇ ਕੈਪਟਨ ਸਾਹਿਬ ਦੀ ਸਰਕਾਰ ਹਰ ਰੋਜ਼ ਨਸ਼ਿਆਂ ਦੇ ਰਾਜਨੀਤਿਕ ਵਪਾਰ ਨਾਲ ਗਰੀਬ ਲੋਕਾਂ ਦੇ ਘਰਾਂ ਵਿੱਚ ਸੱਥਰ ਵਿਛਾ ਰਹੀ ਹੈ। ਕਰੋਨਾ ਮਹਾਂਮਾਰੀ ਪੂਰੇ ਜ਼ੋਰਾਂ ਤੇ ਚੱਲ ਰਹੀ ਹੈ ਪੰਜਾਬ ਵਿੱਚ ਕਰੋਨਾ ਨਾਲ ਜੇਕਰ ਔਸਤ ਪੰਜ ਸੱਤ ਲੋਕ ਮਰਦੇ ਹਨ ਤਾਂ ਨਸ਼ਿਆਂ ਨਾਲ ਔਸਤ 20 ਤੋਂ ਵੱਧ ਬੰਦੇ ਰੋਜ਼ਾਨਾ ਪੰਜਾਬ ਵਿੱਚ ਮਰਦੇ ਹਨ ਮੌਤ ਦਾ ਤਾਂਡਵ ਦਿਨ ਦਿਹਾੜੇ ਜਾਰੀ ਹੈ । ਕਮਾਲ ਦੀ ਗੱਲ ਦੇਖੋ ਸ਼ਰਾਬ ਦੇ ਠੇਕੇ ਤਾਂ ਸਵੇਰ ਤੋਂ ਅੱਧੀ ਰਾਤ ਤੱਕ ਖੁੱਲ੍ਹੇ ਰਹਿੰਦੇ ਹਨ ਪਰ ਖੇਡ ਮੈਦਾਨ ਸਕੂਲ ਕਾਲਜ ਪਿਛਲੇ ਮਾਰਚ ਮਹੀਨੇ ਤੋਂ ਬੰਦ ਹਨ ਬੱਚਿਆਂ ਦੇ ਪੇਪਰ ਵੀ ਨਹੀਂ ਹੋਏ ਬਿਨਾਂ ਪੇਪਰਾਂ ਵੱਡੀਆਂ ਕਲਾਸਾਂ ਦੇ ਬੱਚਿਆਂ ਨੂੰ ਸਰਕਾਰ ਨੇ ਪਾਸ ਅਗਲੀਆਂ ਕਲਾਸਾਂ ਵਿੱਚ ਪਹੁੰਚਾ ਦਿੱਤਾ ਹੈ ਪਰ ਨਸ਼ੇ ਖਾਣ ਪੀਣ ਵਾਲਿਆਂ ਦਾ ਸਰਕਾਰ ਰੋਜ਼ ਇਮਤਿਹਾਨ ਲੈ ਰਹੀ ਹੈ ਜਿਨ੍ਹਾਂ ਵਿੱਚੋਂ ਕਈ ਬਚ ਜਾਂਦੇ ਹਨ ਅਤੇ ਕਈ ਮਰ ਜਾਂਦੇ ਹਨ । ਕਰੋਨਾ ਮਹਾਂਮਾਰੀ ਛੱਡ ਕੋਈ ਲੱਖ ਹੋਰ ਮਹਾਂਮਾਰੀ ਪੰਜਾਬ ਵਿੱਚ ਆ ਜਾਵੇ ਤਾਂ ਵੀ ਕੀ ਤੁਸੀਂ ਕਦੇ ਖੇਡ ਮੈਦਾਨਾਂ ਵਿੱਚ ਜਾਣ ਵਾਲੇ ਜਵਾਨ ਇਸ ਤਰ੍ਹਾਂ ਮਰਦੇ ਵੇਖੇ ਹਨ ਇਹ ਕਦੇ ਵੀ ਨਹੀਂ ਹੋਵੇਗਾ ਕਿਉਂਕਿ ਖੇਡ ਮੈਦਾਨਾਂ ਦੀ ਕਸਰਤ ਬੱਚਿਆਂ ਨੂੰ ,ਜਵਾਨਾਂ ਨੂੰ ਹਮੇਸ਼ਾ ਤੰਦਰੁਸਤੀ ਅਤੇ ਬਿਮਾਰੀਆਂ ਨਾਲ ਲੜਨ ਦੀ ਤਾਕਤ ਬਖ਼ਸ਼ਦੀ ਹੈ ।ਜਦ ਕਿ ਪੜ੍ਹਾਈ ਇੱਕ ਵਧੀਆ ਅਨੁਸ਼ਾਸ਼ਨ, ਜਾਗਰੂਕਤਾ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਦਿੰਦੀ ਹੈ ਜੇਕਰ ਕੁਝ ਖਿਡਾਰੀ ਕਰੋਨਾ ਪੋਸਟ ਵੀ ਆਏ ਉਹ ਆਪਣੇ ਸਰੀਰਕ ਇੱਛਾ ਸ਼ਕਤੀ ਨਾਲ ਤੰਦਰੁਸਤ ਵੀ ਹੋ ਗਏ ਹਨ ਪਰ ਜੋ ਲੋਕ ਠੇਕਿਆਂ ਦੀਆਂ ਭੀੜਾਂ ਤੇ ਗਏ ਉਹਨਾਂ ਪੈਸੇ ਦੀ ਵੀ ਬਰਬਾਦੀ ਕੀਤੀ ਆਪਣੇ ਸਰੀਰ ਦੀ ਬਰਬਾਦੀ ਕੀਤੀ ਅਤੇ ਮੌਤ ਦੇ ਮੂੰਹ ਵੀ ਚਲੇ ਗਏ ਫਿਰ ਸਰਕਾਰ ਨੂੰ ਠੇਕੇ ਖੁੱਲ੍ਹਣੇ ਜ਼ਰੂਰੀ ਸੀ ਜਾਂ ਖੇਡ ਮੈਦਾਨ ਪਰ ਨਹੀਂ ਸਰਕਾਰ ਹਜ਼ਾਰ ਵਾਰ ਸੋਚ ਕੇ ਵੀ ਖੇਡ ਮੈਦਾਨਾਂ ਸਕੂਲਾਂ ਅਤੇ ਕਾਲਜਾਂ ਨੂੰ ਨਹੀਂ ਖੁੱਲ੍ਹੇਗੀ ਉਹ ਸਿਰਫ਼ ਸ਼ਰਾਬ ਦੇ ਠੇਕੇ, ਹੁੱਕਾਬਾਰ ਜਾਂ ਫਿਰ ਨਸ਼ਿਆਂ ਦੇ ਹੋਰ ਅੱਡੇ ਹੀ ਖੁੱਲ੍ਹੇਗੀ ਕਿਉਂਕਿ ਇੱਥੇ ਉਸ ਦੀ ਆਮਦਨ ਵਿੱਚ ਵਾਧਾ ਹੁੰਦਾ ਹੈ ਇਨ੍ਹਾਂ ਰਾਜਨੀਤਿਕ ਪਾਰਟੀਆਂ ਦੀਆਂ ਵੋਟਾਂ ਪੱਕੀਆਂ ਹੁੰਦੀਆਂ ਹਨ ਖਿਡਾਰੀਆਂ ਕੋਲ ਤਾਂ ਸਰਕਾਰ ਨੂੰ ਕੁਝ ਮਿਲਣ ਦੀ ਬਜਾਏ ਕੁਝ ਦੇਣਾ ਪੈਂਦਾ ਹੈ ਫਿਰ ਸਕੂਲਾਂ ਕਾਲਜਾਂ ਵਾਲਿਆਂ ਨੇ ਤਾਂ ਪੜ੍ਹ ਕੇ ਕੈਨੇਡਾ ਅਮਰੀਕਾ ਹੀ ਚਲੇ ਜਾਣਾ ਹੁੰਦਾ ਹੈ ਉਨ੍ਹਾਂ ਦਾ ਕੈਪਟਨ ਜਾਂ ਬਾਦਲਾਂ ਨੂੰ ਕੀ ਫਾਇਦਾ ਹੋਣਾ ਹੈ ਕੋਈ ਗੱਲ ਨਹੀਂ ਜੇਕਰ ਦੋ ਚਾਰ ਸੌ ਬੰਦਾ ਜ਼ਹਿਰੀਲੀ ਸ਼ਰਾਬ ਨਾਲ ਮਰ ਵੀ ਗਿਆ ਬਾਕੀ ਤਾਂ ਅਜੇ ਲੱਖਾਂ ਸ਼ਰਾਬ ਅਫੀਮ ਡੋਡੇ ਭੁੱਕੀ ਆਦਿ ਪੀਣ ਵਾਲਿਆਂ ਦੀਆਂ ਵੋਟਾਂ ਉਨ੍ਹਾਂ ਦੀਆਂ ਪੱਕੀਆਂ ਹੈ ਗਈਆਂ ਹਨ । ਗੱਲ ਇਥੇ ਮੁੱਕਦੀ ਹੈ ਕਿ ਕੌਣ ਕਰੋਨਾ ਨਾਲ ਮਰ ਰਿਹਾ ਹੈ ਕੌਣ ਜ਼ਹਿਰੀਲੀ ਸ਼ਰਾਬ ਨਾਲ ,ਖਿਡਾਰੀ ਦਾ ਕੀ ਨੁਕਸਾਨ ਹੋ ਰਿਹਾ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਉਸ ਦਾ ਭਵਿੱਖ ਕਿੱਧਰ ਨੂੰ ਜਾ ਰਿਹਾ ।



ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722

ਪੰਜਾਬ ਦੀ ਫ਼ਸਲ, ਪੰਜਾਬ ਦੀ ਨਸਲ, ਪੰਜਾਬ ਦੀ ਜਵਾਨੀ ਜਾਂ ਪੰਜਾਬ ਦੀ ਕਿਸਾਨੀ ,ਪੰਜਾਬ ਦਾ ਵਪਾਰੀ ਜਾਂ ਪੰਜਾਬ ਦਾ ਖਿਡਾਰੀ ਜਾਂ ਕੋਈ ਹੋਰ ਵਰਗ ਬੱਸ ਸਭ ਦੀ ਕਹਾਣੀ ਖ਼ਤਮ ਹੋ ਰਹੀ ਹੈ ਕਿਸੇ ਨੂੰ ਕੋਈ ਫਿਕਰ ਨਹੀਂ ਜੇਕਰ ਫਿਕਰ ਹੈ ਸਿਰਫ ਕੈਪਟਨ ਨੂੰ ਵੀ ਅਤੇ ਪੰਥ ਦੇ ਰਖਵਾਲਿਆਂ ਨੂੰ ਵੀ ਜਾਂ ਹੋਰ ਰਾਜਨੀਤਕ ਜੁਗਾੜੀਆਂ ਨੂੰ ਵੀ ਜੇਕਰ ਕੋਈ ਫਿਕਰ ਹੈ ਉਹ ਇਹ ਹੈ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਜੋ ਡੇਢ ਸਾਲ ਬਾਅਦ ਜਨਵਰੀ 2022 ਵਿੱਚ ਹੋਣੀਆਂ ਹਨ ਕਿ ਲੋਕਾਂ ਦੀਆਂ ਵੋਟਾਂ ਕਿਸ ਤਰ੍ਹਾਂ ਖਿੱਚਣੀਆਂ ਹਨ ।ਇਨ੍ਹਾਂ ਰਾਜਨੀਤਕ ਲੋਕਾਂ ਦੀ ਗੰਦੀ ਸਿਆਸਤ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਕੰਗਾਲ ਕਰਕੇ ਰੱਖ ਦਿੱਤਾ ਹੈ ਅਜੇ ਵੀ ਪਤਾ ਨਹੀਂ ਕਿ ਗਰੀਬ ਘਰਾਂ ਨੂੰ ਕਿੰਨੇ ਸਿਵਿਆਂ ਦੀ ਅੱਗ ਦਾ ਸੇਕ ਲੱਗਣਾ ਹੈ ਸੰਭਲ ਜਾਓ ਪੰਜਾਬੀਓ ਆਪਣੇ ਬਚਾਅ ਲਓ ਧੀਆਂ ਪੁੱਤਰਾਂ ਨੂੰ ਕਿਉਂਕਿ ਇੱਥੇ ਤਾਂ ਸਿਆਸਤਦਾਨ ਲੋਕਾਂ ਦੀ ਉਲਟੀ ਗੰਗਾ ਚੱਲ ਪਈ ਹੈ "ਵਾੜ ਹੀ ਖੇਤ ਨੂੰ ਖਾਣ ਲੱਗ ਪਈ ਹੈ "।ਇਸ ਸੋਹਣੇ ਵਤਨ ਪੰਜਾਬ ਦਾ ਬੱਸ "ਰੱਬ ਹੀ ਰਾਖਾ ।

## ਵ੍ਹਾਈਟ ਹਾਊਸ ਦੇ ਬਾਹਰ ਫਾਈਰਿੰਗ



**ਵਾਸ਼ਿੰਗਟਨ-** ਅਮਰੀਕਾ 'ਚ ਸੋਮਵਾਰ ਨੂੰ ਡੇਲੀ ਬ੍ਰੀਫਿੰਗ ਦੌਰਾਨ ਵ੍ਹਾਈਟ ਹਾਊਸ ਬਾਹਰ ਫਾਈਰਿੰਗ ਦੀ ਘਟਨਾ ਹੋਈ। ਜਿਸ ਸਮੇਂ ਇਹ ਫਾਈਰਿੰਗ ਹੋਈ ਉਸ ਸਮੇਂ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰੈੱਸ ਕਾਨਫਰੰਸ ਨੂੰ ਸੰਬੋਧਿਤ ਕਰ ਰਹੇ ਸਨ। ਰਾਸ਼ਟਰਪਤੀ ਟਰੰਪ ਨੇ ਖ਼ੁਦ ਇਸ ਘਟਨਾ ਦੀ ਜਾਣਕਾਰੀ ਪੱਤਰਕਾਰਾਂ ਨੂੰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਹੁਣ ਸਥਿਤੀ ਨਿਯੰਤਰਣ 'ਚ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ Secret service ਦੇ ਅਧਿਕਾਰੀਆਂ ਨੇ ਤੁਰੰਤ ਹੀ ਕਾਰਵਾਈ ਕੀਤੀ। ਸੀਐੱਨਐੱਨ ਅਨੁਸਾਰ, ਫਾਈਰਿੰਗ ਦੀ ਜਾਣਕਾਰੀ ਮਿਲਦੇ ਹੀ ਬ੍ਰੀਫਿੰਗ ਰੂਮ ਤੋਂ ਰਾਸ਼ਟਰਪਤੀ ਨੂੰ ਸੁਰੱਖਿਅਤ ਕੱਢਿਆ ਗਿਆ ਪਰ ਥੋੜੀ ਹੀ ਦੇਰ ਬਾਅਦ ਉਹ ਵਾਪਸ ਆਏ ਤੇ ਬ੍ਰੀਫਿੰਗ ਨੂੰ ਫਿਰ ਤੋਂ ਸ਼ੁਰੂ ਕੀਤਾ ਤੇ ਕਿਹਾ ਕਿ ਹਾਲਾਤ ਕੰਟਰੋਲ 'ਚ ਹਨ। ਰਾਸ਼ਟਰਪਤੀ ਨੇ Secret service ਨੂੰ ਸ਼ੁਕਰੀਆ ਅਦਾ ਕੀਤਾ ਤੇ ਕਿਹਾ ਕਿ ਉਨ੍ਹਾਂ ਨੇ ਕਾਫੀ ਚੰਗਾ ਕੰਮ ਕੀਤਾ।


### 15 ਅਗਸਤ, 2020 ਲਈ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼

# ਬਹੁਤੇ ਲੋਕਾਂ ਤੱਕ ਨਹੀਂ ਪਹੁੰਚੀ ਅਜ਼ਾਦੀ ਦੀ ਰੋਸ਼ਨੀ



ਕੁਲਦੀਪ ਚੰਦ
91-9417563054

ਅਸੀਂ ਪਿਛਲੇ 73 ਸਾਲਾਂ ਵਾਂਗ ਅੱਜ ਦੇਸ਼ ਦਾ ਅਜ਼ਾਦੀ ਦਿਹਾੜਾ ਮਨਾ ਰਹੇ ਹਾਂ ਅਤੇ ਦੇਸ਼ ਵਿੱਚ ਵੱਡੇ ਵੱਡੇ ਸਮਾਗਮ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਰਾਸਟਰੀ ਝੰਡਾ ਲਹਿਰਾਇਆ ਜਾਵੇਗਾ ਅਤੇ ਵੱਡੇ ਵੱਡੇ ਰਾਜਨੇਤਾ ਅਤੇ ਅਧਿਕਾਰੀ ਲੋਕਾਂ ਨੂੰ ਅਜ਼ਾਦੀ ਦੇ ਮਹੱਤਵ ਅਤੇ ਅਜ਼ਾਦੀ ਤੋਂ ਬਾਦ ਹੋਏ ਵਿਕਾਸ ਸਬੰਧੀ ਲੰਬੇ ਲੰਬੇ ਭਾਸਣ ਦੇਣਗੇ। ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਪਹਿਲਾਂ ਮੁਗਲਾਂ ਅਤੇ ਫਿਰ ਅੰਗਰੇਜਾਂ ਕੋਲ ਅਤੇ ਇਸਨੂੰ ਅਜ਼ਾਦ ਕਰਵਾਉਣ ਲਈ ਅਣਗਿਣਤ ਦੇਸ਼ਭਗਤਾਂ ਨੇ ਲੜਾਈਆਂ ਲੜੀਆਂ ਤੇ ਕੁਰਬਾਨੀਆਂ ਦਿਤੀਆਂ ਜਿਸਤੋਂ ਬਾਦ ਆਖਿਰ 15 ਅਗੱਸਤ 1947 ਨੂੰ ਸਾਨੂੰ ਅਜ਼ਾਦੀ ਹਾਸਲ ਹੋਈ। ਇਸ ਅਜਾਦੀ ਦਾ ਮੁੱਲ ਭਾਰਤ ਦੀ ਦੋ ਭਾਗਾਂ ਵਿੱਚ ਵੰਡ, ਵੰਡ ਮਗਰੋਂ ਹੋਈ ਹਿੰਸਾ ਵਿੱਚ ਲੱਖਾਂ ਵਿਅੱਕਤੀਆਂ ਦੀ ਮੌਤ ਅਤੇ ਲੱਗਭੱਗ ਡੇਢ ਕਰੋੜ ਲੋਕਾਂ ਨੂੰ ਅਪਣਾ ਘਰਬਾਰ ਛੱਡਕੇ ਤਾਰਨਾ ਪਿਆ ਸੀ। ਇਸ ਅਜ਼ਾਦੀ ਦੀ ਰੋਸ਼ਨੀ ਅਜੇ ਤੱਕ ਵੀ ਬਹੁਤੇ ਦੇਸ਼ ਵਾਸੀਆਂ ਤੱਕ ਨਹੀਂ ਪਹੁੰਚੀ ਹੈ ਅਤੇ ਉਹ ਅਜੇ ਵੀ ਗੁਲਾਮਾਂ ਵਰਗਾ ਜੀਵਨ ਜੀਅ ਰਹੇ ਹਨ। ਅਜ਼ਾਦੀ ਦੇ 73 ਸਾਲ ਬੀਤਣ ਦੇ ਬਾਬਜੂਦ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ ਅਤੇ ਇਸ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ ਦੇ ਸੁਪਨੇ ਅਧੂਰੇ ਪਏ ਹਨ। ਦੇਸ਼ ਵਿੱਚ ਬਹੁਤੇ ਲੋਕ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਦੇ ਸ਼ਿਕਾਰ ਹਨ ਅਤੇ ਇਨ੍ਹਾਂ ਲੋਕਾਂ ਨੂੰ ਜੀਵਨ ਜਿਉਣ ਲਈ ਮੁਢਲੇ ਜ਼ਰੂਰੀ ਸਾਧਨ ਵੀ ਉਪਲਬੱਧ ਨਹੀਂ ਹੋਏ ਹਨ। ਆਰਥਿਕ ਵਿਕਾਸ ਦੇ ਵੱਡੇ ਵੱਡੇ ਦਾਅਵੇ ਕਰਨ ਵਾਲੀਆਂ ਸਰਕਾਰਾਂ ਨੂੰ ਇਹ ਸਭ ਨਜ਼ਰ ਨਹੀਂ ਆ ਰਿਹਾ ਅਤੇ ਸਿਰਫ ਵੱਡੀਆਂ-ਵੱਡੀਆਂ ਇਮਾਰਤਾਂ ਹੀ ਨਜਰ ਆਂਦੀਆਂ ਹਨ ਕਦੇ ਕਿਸੇ ਗਰੀਬ ਦੀ ਕੁਲੀ ਵੱਲ ਨਜਰ ਨਹੀਂ ਗਈ। ਦੇਸ਼ ਦੀ ਜ਼ਿਆਦਾ ਆਬਾਦੀ ਨੂੰ ਅੱਜ ਵੀ ਪੀਣ ਵਾਲਾ ਸਾਫ ਪਾਣੀ, ਵਿਦਿੱਅਕ ਅਤੇ ਸਿਹਤ ਸਹੂਲਤਾਂ ਪ੍ਰਾਪਤ ਨਹੀਂ ਹਨ, ਕਰੋੜਾਂ ਲੋਕਾਂ ਕੋਲ ਅੱਜ ਵੀ ਰਹਿਣ ਲਈ ਮਕਾਨ ਨਹੀਂ ਹਨ ਅਤੇ ਫੁੱਟਪਾਥਾਂ, ਰੇਲਵੇ ਸਟੇਸਨਾਂ ਆਦਿ ਤੇ ਰਾਤਾਂ ਕੱਟਦੇ ਹਨ, ਮਹਿਲਾਵਾਂ ਅਤੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਕਈ ਮਹਿਲਾਵਾਂ ਨੂੰ ਪਰਿਵਾਰ ਦਾ ਪੇਟ ਪਾਲਣ ਲਈ ਜਿਸਮ ਤੱਕ ਵੇਚਣੇ ਪੈਂਦੇ ਹਨ। ਬਹੁਤੇ ਲੋਕ ਦਵਾਈਆਂ ਨਾਂ ਮਿਲਣ ਕਾਰਨ ਇਲਾਜ਼ ਬਿਨਾਂ ਮਰ ਜਾਂਦੇ ਹਨ ਜਦਕਿ ਸਾਡੇ ਬਹੁਤੇ ਮੰਤਰੀ ਸੰਤਰੀ ਛੋਟੀ-ਛੋਟੀ ਬਿਮਾਰੀ ਹੋਣ ਤੇ ਵੀ ਸਰਕਾਰੀ ਖਰਚੇ ਤੇ ਮਹਿੰਗੇ ਇਲਾਜ਼ ਕਰਵਾਂਦੇ ਹਨ। ਹਰ ਸਾਲ ਲੱਖਾਂ ਟਨ ਆਨਾਜ ਗੋਦਾਮਾਂ ਵਿੱਚ ਸੜ ਰਿਹਾ ਹੈ ਪਰ ਸਰਕਾਰੀ ਅਧਿਕਾਰੀ ਕਿਸੇ ਗਰੀਬ ਦੇ ਮੂੰਹ ਵਿੱਚ ਨਹੀਂ ਪੈਣ ਦਿੰਦੇ ਹਨ, ਉਲਟਾ ਆਨਾਜ ਦੀ ਥੁੜ੍ਹ ਦੱਸ ਕੇ ਬਾਹਰਲੇ ਦੇਸ਼ਾਂ ਤੋਂ ਆਨਾਜ ਮੰਗਵਾਂਦੇ ਹਨ ਅਤੇ ਕਮੀਸ਼ਨਾਂ ਨਾਲ ਆਪਣੀਆਂ ਤਿਜੋਰੀਆਂ ਭਰਦੇ ਹਨ। ਇੱਕ ਗਰੀਬ ਵਿਅਕਤੀ ਦਿਨ ਭਰ ਦੀ ਹੱਡ ਭੰਨਵੀ ਮਿਹਨਤ ਕਰਕੇ ਦੋ ਵਕਤ ਦੀ ਰੋਟੀ ਬੜੀ ਮੁਸ਼ਕਿਲ ਨਾਲ ਖਾਂਦਾ ਹੈ ਦੂਸਰੇ ਪਾਸੇ ਸਾਡੇ ਬਹੂਤੇ ਰਾਜਨੇਤਾ, ਮੰਤਰੀ ਅਤੇ ਸਰਕਾਰੀ ਅਧਿਕਾਰੀ ਸਰਕਾਰ ਤੋਂ ਤਨਖਾਹ ਵੀ ਲੈਂਦੇ ਹਨ ਅਤੇ ਲੋਕਾਂ ਦੇ ਕੰਮ ਕਰਨ ਦੇ ਬਦਲੇ ਰਿਸ਼ਵਤ ਵੀ ਲੈਂਦੇ ਹਨ। ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਕਾਨੂੰਨ ਇਸ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ ਕਿ ਅਮੀਰ ਜੁਰਮ ਕਰਕੇ ਵੀ ਬਚ ਜਾਂਦਾ ਹੈ ਪਰ ਗਰੀਬ ਜੁਰਮ ਨਾ ਕਰਕੇ ਵੀ ਫਸ ਜਾਂਦਾ ਹੈ। ਹਜਾਰਾਂ ਰੁਪਏ ਦੇ ਕਰਜ਼ਦਾਰ ਗਰੀਬ ਨੂੰ ਤਾਂ ਬੈਂਕ ਅਤੇ ਪ੍ਰਸ਼ਾਸ਼ਨ ਇੰਨਾ ਤੰਗ ਪ੍ਰੇਸ਼ਾਨ ਕਰਦਾ ਹੈ ਕਿ ਉਹ ਆਤਮਹੱਤਿਆ ਤੱਕ ਕਰ ਲੈਂਦਾ ਹੈ ਪਰ ਦੂਜੇ ਪਾਸੇ ਕਈ ਵਿਅਕਤੀ ਬੈਂਕਾਂ ਦਾ ਕਰੋੜ੍ਹਾਂ ਰੁਪਏ ਲੈਕੇ ਵਿਦੇਸ਼ਾਂ ਨੂੰ ਭੱਜ ਜਾਂਦੇ ਹਨ। ਬਹੁਤੇ ਮੰਤਰੀ ਅਤੇ ਅਧਿਕਾਰੀ ਕਾਨੂੰਨ ਤੋਂ ਵੀ ਉਪਰ ਹਨ ਅਤੇ ਅਪਰਾਧ ਕਰਕੇ ਵੀ ਆਜ਼ਾਦ




ਘੁੰਮਦੇ ਹਨ ਅਤੇ ਕਾਨੂੰਨ ਦਾ ਮਜ਼ਾਕ ਉਡਾਉਂਦੇ ਹਨ।

ਸਾਡੇ ਦੇਸ਼ ਦੇ ਬਹੁਤੇ ਬੱਚੇ ਸਕੂਲ ਜਾਣ ਦੀ ਉਮਰੇ ਵੀ ਸਿਰ ਤੇ ਮੈਲ ਢੋਕੇ ਆਪਣਾ ਢਿੱਡ ਭਰਦੇ ਹਨ ਕੂੜੇ ਦੇ ਢੇਰਾਂ ਤੇ ਕਾਗਜ ਇਕੱਠੇ ਕਰਦਿਆਂ ਬਚਪਨ ਗੁਜਾਰਦੇ ਹਨ। ਬਹੁਤੇ ਰਾਜਨੀਤਿਕ ਆਗੂ ਆਏ ਦਿਨ ਗਿਰਗਿਟ ਵਾਂਗ ਰੰਗ ਬਦਲਦੇ ਹਨ ਅਤੇ ਰਾਜਨੀਤਿਕ ਲਾਭ ਲੈਣ ਲਈ ਭੋਲੇ ਭਾਲੇ ਲੋਕਾਂ ਨੂੰ ਲੈਕੇ ਰੋਸ ਪ੍ਰਦਰਸ਼ਨ ਕਰਦੇ ਹਨ। ਇਹ ਆਗੂ ਅਕਸਰ ਰਾਜਨੀਤਿਕ ਪਾਰਟੀਆਂ ਵੀ ਬਦਲਦੇ ਹਨ ਅਤੇ ਰਾਤੋ ਰਾਤ ਇੱਕ ਨੰਬਰ ਦੀ ਦੁਸ਼ਮਣ ਅਤੇ ਦੇਸ਼ ਵਿਰੋਧੀ ਪਾਰਟੀ ਇਨ੍ਹਾਂ ਨੂੰ ਜਾਨ ਤੋਂ ਪਿਆਰੀ ਲੱਗਣ ਲੱਗ ਜਾਂਦੀ ਹੈ। ਬਹੁਤੇ ਪਰਿਵਾਰਾਂ ਵਿੱਚ ਤਾਂ ਵੱਖ-ਵੱਖ ਮੈਂਬਰ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਿੱਚ ਬੈਠੇ ਹੋਏ ਹਨ। ਸਾਡੇ ਦੇਸ ਵਿੱਚ ਫੈਲੀਆਂ ਸੈਕੜ੍ਹੇ ਸਮਾਜਿਕ ਕੁਰੀਤੀਆਂ ਨਸ਼ੇ, ਦਾਜ ਪ੍ਰਥਾ, ਬਾਲ ਵਿਆਹ ਪ੍ਰਥਾ, ਸਤੀ ਪ੍ਰਥਾ,ਬਾਲ ਮਜਦੂਰੀ, ਧਰਮ-ਜਾਤਿ ਦੇ ਨਾਮ ਤੇ ਕੀਤੇ ਜਾ ਰਹੇ ਅਤਿਆਚਾਰ ਬਹੁਤੇ ਰਾਜਨੀਤਿਕ ਆਗੂਆਂ ਲਈ ਸਿਰਫ ਚੋਣ ਮੁੱਦਾ ਹੀ ਰਹਿੰਦੇ ਹਨ। ਵਿਧਾਨ ਸਭਾਵਾਂ, ਸੰਸਦ ਵਿੱਚ ਬੈਠੇ ਹਜਾਰਾਂ ਵਿਧਾਇਕ ਅਤੇ ਸਾਂਸਦ ਅਪਣੀਆਂ ਸਹੂਲਤਾਂ ਲਈ ਇੱਕਮੁੱਠ ਹੋ ਜਾਂਦੇ ਹਨ ਜਦਕਿ ਲੋਕਾਂ ਦੀਆਂ ਸਹੂਲਤਾਂ ਵਾਲੇ ਬਿੱਲ ਸਾਲਾਂ ਵੱਧੀ ਲਟਕਦੇ ਰਹਿੰਦੇ ਹਨ। ਸਾਡੇ ਦੇਸ ਵਿੱਚ ਆਮ ਵਿਅਕਤੀ ਦੀ ਜਿੰਦਗੀ ਦੀ ਅਹਮੀਅਤ ਜਾਨਵਰਾਂ ਨਾਲੋਂ ਵੀ ਘੱਟ ਹੈ। ਧਰਮ ਦੇ ਅਧਾਰ ਤੇ ਵਿਸ਼ੇਸ਼ ਜਾਨਵਰ ਮਰਨ ਤੇ ਬਹੁਤ ਵਾਰ ਬਵਾਲ ਮਚਦਾ ਹੈ ਪਰ ਕਈ ਵਿਅਕਤੀਆਂ ਦੇ ਮਰਨ ਤੇ ਕੋਈ ਅਫਸੋਸ ਵੀ ਪ੍ਰਗਟ ਨਹੀਂ ਕਰਦਾ ਹੈ। ਦੇਸ਼ ਵਿੱਚ ਮੰਤਰੀਆਂ ਨੂੰ ਘੋਟਾਲੇ ਕਰਨ ਦੀ ਆਜ਼ਾਦੀ, ਸਰਕਾਰੀ ਕਰਮਚਾਰੀਆਂ ਅਤੇ ਅਫਸਰਾਂ ਨੂੰ ਰਿਸ਼ਵਤ ਲੈਣ ਦੀ ਆਜ਼ਾਦੀ, ਮਿਲਾਵਟਖੋਰਾਂ ਨੂੰ ਮਿਲਾਵਟ ਕਰਨ ਦੀ ਆਜ਼ਾਦੀ, ਡਾਕਟਰਾਂ ਨੂੰ ਮਰੀਜ਼ਾਂ ਦੀ ਜਾਨ ਨਾਲ ਖੇਡਣ ਦੀ ਆਜ਼ਾਦੀ, ਪੁਲਿਸ ਨੂੰ ਜਨਤਾ ਤੇ ਅਤਿਆਚਾਰ ਕਰਨ ਦੀ ਆਜ਼ਾਦੀ, ਠੇਕੇਦਾਰਾਂ ਨੂੰ ਘਟੀਆਂ ਨਿਰਮਾਣ ਕਰਨ ਦੀ ਆਜ਼ਾਦੀ, ਸਰਕਾਰੀ ਅਧਿਆਪਕਾਂ ਨੂੰ ਵਿਦਿੱਅਕ ਅਦਾਰਿਆਂ ਵਿੱਚ ਨਾ ਪੜ੍ਹਾਉਣ ਦੀ ਆਜ਼ਾਦੀ ਮਿਲੀ ਹੋਈ ਹੈ। ਬਹੁਤੇ ਜਨਤਕ ਅਦਾਰੇ ਜਿਹੜੇ ਜਨਤਾ ਦੇ ਦਿੱਤੇ ਟੈਕਸਾਂ ਨਾਲ ਬਣਾਏ ਗਏ ਹਨ ਨੂੰ ਪ੍ਰਾਈਵੇਟ ਹੱਥਾਂ ਕੋਲ ਕੋਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ।

ਇਨ੍ਹਾਂ ਨੂੰ ਖਰੀਦਣ ਵਾਲੇ ਵੀ ਮੰਤਰੀਆਂ ਦੇ ਰਿਸ਼ਤੇਦਾਰ ਅਤੇ ਸੰਗੀ ਸਾਥੀ ਹੀ ਹਨ। ਦੇਸ਼ ਦੇ ਵਿਕਾਸ ਵਿੱਚ ਵੱਡਾ ਹਿੱਸਾ ਪਾਣ ਵਾਲੇ ਕਿਸਾਨ ਅਤੇ ਮਜਦੂਰ ਸਰਕਾਰਾਂ ਦੀਆਂ ਬਦਨੀਤੀਆਂ ਕਾਰਨ ਆਤਮ ਹੱਤਿਆਵਾਂ ਕਰਨ ਲਈ ਮਜਬੂਰ ਹਨ ਅਤੇ ਸਰਕਾਰਾਂ ਫੋਕੇ ਵਿਕਾਸ ਦੇ ਦਾਅਵੇ ਕਰ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਧਰਮ ਅਧਾਰਿਤ ਅਤੇ ਜਾਤ ਅਧਾਰਿਤ ਹੋਏ ਦੰਗਿਆ ਕਾਰਨ ਅਤੇ ਘੱਟ ਗਿਣਤੀਆਂ ਤੇ ਹੋ ਰਹੇ ਹਮਲਿਆਂ ਕਾਰਨ ਬਹੁਤੇ ਲੋਕ ਅਪਣੇ ਆਪ ਨੂੰ ਹੁਣ ਵੀ ਗੁਲਾਮ ਹੀ ਸਮਝਣ ਲੱਗ ਪਏ ਹਨ ਜੋ ਸਾਡੇ ਸਭ ਲਈ ਚਿੰਤਾ ਦਾ ਵਿਸ਼ਾ ਹੈ। ਵਿਕਾਸ ਦਾ ਅਧਾਰ ਮੰਨੇ ਜਾਂਦੇ ਵਿਦਿਅਕ ਅਤੇ ਸਿਹਤ ਅਦਾਰਿਆਂ ਨੂੰ ਵੀ ਸਰਕਾਰਾਂ ਨੇ ਨਿੱਜੀ ਹੱਥਾਂ ਵਿੱਚ ਦੇਕੇ ਲੋਕਾਂ ਦੀ ਲੁੱਟ ਕਰਨ ਦੀ ਖੁੱਲ ਦਿਤੀ ਹੋਈ ਹੈ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਾਰਿਆਂ ਨੂੰ ਬਰਾਬਰੀ ਦਾ ਹੱਕ ਮਿਲਣਾ ਚਾਹੀਦਾ ਸੀ ਪਰ ਅੱਜ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਕੋਰੋਨਾ ਕਾਰਨ ਸਾਡੇ ਦੇਸ ਵਿੱਚ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੇ ਲੋਕਾਂ ਦਾ ਸਰਕਾਰ ਤੋਂ ਭਰੋਸਾ ਹੀ ਖਤਮ ਕਰ ਦਿਤਾ ਹੈ। ਜਿੰਨੀ ਦੇਰ ਤੱਕ ਸਾਰੇ ਨਾਗਰਿਕਾਂ ਨੂੰ ਬਰਾਬਰੀ ਦਾ ਅਧਿਕਾਰ ਪ੍ਰਾਪਤ ਨਹੀਂ ਹੁੰਦਾ ਉਦੋ ਤੱਕ ਅਜਿਹੀ ਆਜ਼ਾਦੀ ਦਾ ਕੋਈ ਫਾਇਦਾ ਨਹੀਂ ਅਤੇ ਦੇਸ਼ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੇ ਸੁਪਨੇ ਅਧੁਰੇ ਰਹਿਣਗੇ ਅਤੇ ਇਹ ਉਦੋਂ ਹੀ ਪੂਰੇ ਹੋਣਗੇ ਜਦੋਂ ਦੇਸ ਦਾ ਆਮ ਵਿਅਕਤੀ ਸਮਾਜਿਕ, ਆਰਥਿਕ, ਰਾਜਨੀਤਿਕ ਤੋਰ ਤੇ ਅਜਾਦ ਹੋਵੇਗਾ। ਦੇਸ ਦਾ ਹਰ ਨਾਗਰਿਕ ਉਦੋਂ ਹੀ ਅਜ਼ਾਦੀ ਦੀ ਹਵਾ ਦਾ ਅਨੰਦ ਮਾਣ ਸਕੇਗਾ ਜਦੋਂ ਸਮਾਜਿਕ ਤੇ ਆਰਥਿਕ ਪਾੜਾ ਘੱਟ ਹੋਵੇਗਾ, ਆਮ ਲੋਕਾਂ ਦੀਆਂ ਸਮਸਿਆਵਾਂ ਦੇ ਹੱਲ ਅਤੇ ਵਿਕਾਸ ਲਈ ਸਰਕਾਰਾਂ ਤਨਦੇਹੀ ਨਾਲ ਕੰਮ ਕਰਨਗੀਆਂ, ਦੇਸ਼ ਵਿਚੋਂ ਭੁੱਖਮਰੀ ਖਤਮ ਹੋ ਜਾਵੇਗੀ, ਕੋਈ ਵੀ ਨਾਗਰਿਕ ਇਲਾਜ ਲਈ ਨਹੀਂ ਤਰਸੇਗਾ, ਜਾਤ ਅਤੇ ਧਰਮ ਦੇ ਅਧਾਰ ਤੇ ਹੋ ਰਿਹਾ ਵਿਤਕਰਾ ਖਤਮ ਹੋ ਜਾਵੇਗਾ।

ਦੇਸ ਦੇ ਵਿਗੜਦੇ ਹਾਲਤ ਨੂੰ ਵੇਖਕੇ ਕਾਫੀ ਲੋਕ ਅਕਸਰ ਕਹਿੰਦੇ ਹਨ ਕਿ ਇਸ ਅਜਾਦੀ ਨਾਲੋਂ ਤਾਂ ਅੰਗਰੇਜਾਂ ਦਾ ਰਾਜ ਵਧੀਆ ਸੀ। ਅਜਾਦੀ ਦਾ ਸਮੇਂ ਸਮੇਂ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਵਿਰੋਧ ਕੀਤਾ ਗਿਆ ਹੈ ਅਤੇ ਸਰਕਾਰ ਨੂੰ ਅਜਾਦੀ ਦਿਵਸ ਮੌਕੇ ਵਿਸੇਸ ਸੁਰੱਖਿਆ ਪ੍ਰਬੰਧ ਕਰਨੇ ਪਏ ਹਨ। ਇਸ ਵਾਰ ਅਜਾਦੀ ਦਿਵਸ ਸਬੰਧੀ ਹੋਣ ਵਾਲੇ ਸਮਾਰੋਹਾਂ ਤੇ ਵੀ ਕੋਵਿਡ-19 ਦਾ ਅਸਰ ਹੋ ਰਿਹਾ ਹੈ। ਇਸ ਵਾਰ ਹੋਣ ਵਾਲੇ ਸਮਾਗਮਾਂ ਵਿੱਚ ਇਕੱਠ ਨਹੀਂ ਕੀਤਾ ਜਾਵੇਗਾ, ਕੋਰੋਨਾ ਲਈ ਕੰਮ ਕਰਨ ਵਾਲੇ ਸਿਹਤ ਕਰਮੀ, ਸੁਰੱਖਿਆ ਕਰਮੀ, ਸਫਾਈ ਕਰਮੀ, ਆਦਿ ਯੋਧੇ ਵਿਸੇਸ ਤੋਰ ਤੇ ਸਨਮਾਨਿਤ ਕੀਤੇ ਜਾਣਗੇ। ਸਥਾਨਕ ਪੱਧਰ ਤੇ ਹੋਣ ਵਾਲੇ ਸਮਾਰੋਹਾਂ ਵਿੱਚ ਸੰਸਕ੍ਰਿਤਕ ਪ੍ਰੋਗਰਾਮ ਨਹੀਂ ਕੀਤੇ ਜਾਣਗੇ। ਅੱਜ ਅਜ਼ਾਦੀ ਦਿਵਸ ਤੇ ਸਾਨੂੰ ਸਭਨੂੰ ਇਹ ਨਿਸਚੈ ਕਰਨਾ ਹੋਵੇਗਾ ਕਿ ਇਸ ਅਜ਼ਾਦੀ ਦੀ ਹਵਾ ਦੇਸ਼ ਦੇ ਹਰ ਨਾਗਰਿਕ ਤੱਕ ਪਹੁੰਚਾਣ ਲਈ ਅਸੀਂ ਸਭ ਮਿਲਕੇ ਕੰਮ ਕਰਾਂਗੇ ਤਾਂ ਜੋ ਸਹੀ ਅਰਥਾਂ ਵਿੱਚ ਦੇਸ਼ ਵਿਕ-ਸਿਤ ਹੋ ਸਕੇ ਅਤੇ ਭਾਰਤ ਅਸਲੀ ਅਰਥਾਂ ਵਿੱਚ ਮਹਾਨ ਬਣ ਸਕੇ।

# 12 ਅਗਸਤ ਲਾਈਬਰੇਰੀ ਦਿਵਸ਼ ਨੂੰ ਸਮਰਪਿਤ ਲੇਖ



ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
91-78374-90309

ਸੰਸਾਰ ਦੇ ਸਭ ਖਜਾਨਿਆ ਤੋ ਉਤਮ ਗਿਆਨ ਦਾ ਖਜਾਨਾ ਹੈ। ਜੋ ਆਪਣੀ ਮੇਹਨਤ ਨਾਲ ਹੀ ਹਾਸਿਲ ਕਰ ਸਕਦੇ ਹਾ। ਇਸ ਦੀ ਪ੍ਰਪਤੀ ਕਰਨ ਦੇ ਭੰਡਾਰ (ਲਾਈਬਰੇਰੀਆ) ਕਿਤਾਬ ਘਰ ਹਨ। ਉਥੇ ਮਨਪਸੰਦ ਵਿਸੇ ਦੀਆ ਕਿਤਾਬਾ ਚੁਣਨ ਲਈ ਰਾਹ ਦਸੇਰੇ ਦੀ ਲੋੜ ਪੈਦੀ ਏ ਤੇ ਉਸ ਨੂੰ ਲਾਈਬਰੇਰੀਅਨ ਜਾ ਕਿਤਾਬ ਘਰ ਦਾ ਮੁੱਖੀ ਆਖਦੇ ਹਨ। 17ਵੀ ਸਦੀ ਵਿੱਚ ਲਾਈਬਰੇਰੀਅਨ ਸਬਦ ਲਤੀਨੀ ਭਾਸਾ ਦੇ ਲਿਬਰੇਰੀਅਸ (librarius) ਭਾਵ ਕਿਤਾਬਾ ਨਾਲ ਜੁੜਿਆ ਅਤੇ ਅੰਗਰੇਜੀ ਭਾਸਾ ਦੇ ਸਬਦ ਅਨ (ਅਅਨ) ਨੂੰ ਮਿਲਾ ਕੇ ਬਣਾਇਆ ਗਿਆ। ਕਿਤਾਬ ਘਰ ਦਾ ਮੁੱਖੀ ਤੇ ਸਹਾਇਕ ਕਿਤਾਬਾ ਲੱਭਣ ਦੇ ਨਾਲ ਖੂਬੀਆ ਬਾਰੇ ਵੀ ਜਾਣਕਾਰੀ ਦਿੰਦਾ ਹੈ। ਜਿਸ ਨੇ ਬਕਾਇਦਾ ਲਾਈਬਰੇਰੀ ਸਾਇੰਸ ਵਿੱਚ ਮਾਸਟਰ ਡਿਗਰੀ ਪ੍ਰਪਤ ਕੀਤੀ ਹੁੰਦੀ ਹੈ। ਭਾਰਤ ਵਿੱਚ 12 ਅਗਸਤ ਨੂੰ ਲਾਈਬਰੇਰੀ ਦਿਵਸ ਮਨਾਉਦੇ ਹਾ। ਜੋ ਪੁਸਤਕ ਘਰ ਨੂੰ ਆਮ ਲੋਕ ਤੱਕ ਪਹੁੰਚਾਉਣ ਵਾਲੇ ਮਹਾਨ ਲਾਈਬਰੇਰੀਅਨ ਸਿਆਲੀ ਰਾਮਾਮਰਿਤਾ ਰੰਗਾਨਾਥਨ ਦੇ ਜਨਮ ਦਿਨ ਤੇ ਮਹਾਨ ਕੰਮ ਨੂੰ ਸਮਰਪਿਤ ਹੈ। ਜੋ ਭਾਰਤ ਦੇ ਪਹਿਲੇ ਸਰਭ ਉਚ ਲਾਈਬਰੇਰੀ ਸਾਇੰਸ ਦੀ ਸਿੱਖਿਆ ਦੇਣ ਵਾਲੀ ਸੰਸਥਾ ਇੰਡੀਆ ਸਕੂਲ ਆਫ ਲਾਈਬਰੇਰੀਸਿਪ ਦੇ ਡਾਇਰੈਕਟਰ ਨਿਯੁਕਤ ਕੀਤਾ ਗਏ ਸੀ। ਸੰਨ 1957 ਵਿੱਚ ਕੇਦਰ ਸਰਕਾਰ ਨੇ ਕਿਤਾਬਘਰ ਘਰਾਂ ਦੇ ਵਿਕਾਸ ਲਈ ਕੀਤੀਆ ਖੋਜਾ ਦੇ ਸਦਕੇ ਪਦਮਸ੍ਰੀ ਐਵਾਰਡ ਨਾਲ ਨਵਾਜਿਆ। ਐਸ ਆਰ ਰੰਗਾਨਾਥਨ ਦਾ ਜਨਮ 12 ਅਗਸਤ 1892 ਨੂੰ ਦੱਖਣੀ ਰਾਜ ਤਾਮਿਲਨਾਡੂ ਦੇ ਪਿੰਡ ਸਿਆਲੀ ਜਿਲਾ ਤਜਾਵੂਰ ਵਿੱਚ ਹੋਇਆ। ਗਰੀਬ ਕਿਸਾਨ ਪਰਿਵਾਰ ਅਤੇ ਕਮਜੋਰ ਸਿਹਤ ਦੇ ਹੁੰਦੇ ਹੋਏ ਵੀ ਦਸਵੀ ਚੰਗੇ ਅੰਕਾ ਨਾਲ ਪਾਸ ਕੀਤੀ । ਭਾਵੇ ਪੜਾਈ ਵਿੱਚ ਘੱਟ ਦਿਲਚਸਪੀ ਸੀ ਪਰ ਘਰ ਦੇ ਹਲਾਤ ਦੇਖਦਿਆ ਗਣਿਤ ਨਾਲ ਬੀ ਏ ਤੇ ਐਮ ਏ ਕਰਨ ਤੋ ਬਾਅਦ ਸਰਕਾਰੀ ਕਾਲਜਾ ਵਿੱਚ ਹਿਸਾਬ ਤੇ ਸਾਇੰਸ ਪੜਾਉਣਦੇ ਰਹੇ। ਕੁਝ ਸਾਲਾ ਬਾਅਦ ਹੀ ਗਣਿਤ ਵਿੱਚ ਸਫਲਤਾ ਹਾਸਿਲ ਕਰਕੇ ਮਦਰਾਸ , ਮੈਗਲੋਰ ਅਤੇ ਕੋਇੰਬਟੂਰ ਯੂਨੀਵਰਸਿਟੀਆ ਦੇ ਗਣਿਤ ਮਾਹਿਰਾ ਦੀ ਟੀਮ ਦਾ ਹਿੱਸਾ ਬਣ ਗਏ।

1923 ਵਿੱਚ ਲਾਈਬਰੇਰੀਅਨ ਬਨਣ ਦਾ ਅਸਲ ਸਫਰ ਸੁਰੂ ਹੋਇਆ । ਜਦੋ ਮਦਰਾਸ ਯੂਨੀਵਰਸਿਟੀ ਨੇ ਆਪਣੀ ਕੈਂਪਸ ਲਾਈਬਰੇਰੀ ਲਈ ਲਾਈਬਰੇਰੀਅਨ ਦੀ ਅਸਾਮੀ ਸਥਾਪਤ ਕੀਤੀ। ਜਿਸ ਲਈ 900 ਵਿਆਕਤੀਆ ਨੇ ਅਰਜੀਆ ਦਿੱਤੀਆ । ਉਂਜ ਇਸ ਪਦ ਨੂੰ ਪ੍ਰਪਤ ਕਰਨ ਲਈ ਕਿਸੇ ਕੋਲ ਡਿਗਰੀ ਜਾ ਤਜਰਬਾ ਨਹੀ ਸੀ । ਪਰ ਚੋਣ ਕਮੇਟੀ ਨੂੰ ਰੰਗਾਨਾਥਨ ਦੇ ਖੋਜ ਪੱਤਰ ਸਬੰਧਤ ਕੰਮ ਲਈ ਢੁਕਵੇ ਲੱਗੇ। ਇਹ ਤੱਥ ਇਨਸਾਈਕਲੋਪੀਡੀਆ ਬਿਰਟਾਨਿਕਾ ਵਿਚੋ ਇੰਟਰਵਿਊ ਤੋ ਕੁਝ ਦਿਨ ਪਹਿਲਾ ਹੀ ਅਧਿਐਨ ਕੀਤੇ ਸਨ । ਇਸ ਨੌਕਰੀ ਲਈ ਰੰਗਾਨਾਥਨ ਇਛੁੱਕ ਨਹੀ ਸੀ । ਬਲਕਿ ਯੂਨੀਵਰਸਿਟੀ ਨੂੰ ਭੇਜੀ ਅਰਜੀ ਵੀ ਭੁੱਲ ਚੁੱਕਾ ਸੀ । ਪਰੰਤੂ ਬਾਅਦ ਵਿੱਚ ਖੁਦ ਹੀ ਅਚੰਭਤ ਹੁੰਦਿਆ ਨੌਕਰੀ ਦੀ ਚਿੱਠੀ ਸਵੀਕਾਰ ਕੀਤੀ ਤੇ 1924 ਵਿੱਚ ਲਾਈਬਰੇਰੀਅਨ ਵਜੋ ਜੀਵਨ ਦਾ ਅਗਲਾ ਪੰਧ ਸੁਰੂ ਕਰ ਦਿੱਤਾ । ਪਹਿਲਾ ਰੰਗਾਨਾਥਨ ਨੂੰ ਨਵੀ ਜਿਮੇਵਾਰੀ ਵਿੱਚ ਅਸਿਹਣ ਯੋਗ ਇਕੱਲੇਪਣ ਮਹਿਸੂਸ ਹੋਇਆ । ਕੁਝ ਹਫਤਿਆ ਪਿਛੋ ਹੀ ਕੰਮ ਤੋ ਅੱਕ ਕੇ ਪ੍ਰਸਾਸਨ ਨੂੰ ਦੁਵਾਰਾ ਅਧਿਆਪਕ ਦੀ ਨੌਕਰੀ ਦੀ ਮੰਗ ਕੀਤੀ । ਪਰ ਅਧਿਕਾਰੀਆ ਨੇ ਫੈਸਲਾ ਕਰਿਆ ਕਿ ਉਹ ਲੰਡਨ ਜਾ ਕੇ ਸਮਕਾਲੀ ਪੱਛਮੀ ਲਾਈਬਰੇਰੀ ਸਾਇੰਸ ਦੀ ਸਿੱਖਿਆ ਪ੍ਰਪਤ ਕਰਨ। ਜੇ ਵਾਪਿਸ ਪਰਤਣ ਤੋ ਬਾਅਦ ਵੀ ਕਿਤਾਬ ਘਰ ਦੀ ਨੌਕਰੀ ਲਈ ਇੱਛਾ ਨਾ ਰਹੀ ਤਾ ਗਣਿਤ ਅਧਿਆਪਕ ਦਾ ਦਰਜਾ ਵਾਪਿਸ ਦੇ ਦਿੱਤਾ ਜਾਵੇਗੇ। ਉਸ ਸਮੇ ਲਾਈਬਰੇਰੀ ਸਾਇੰਸ ਦੇ ਗ੍ਰੇਜੂਏਟ ਪੱਧਰ ਦਾ ਕੋਰਸ ਬਰਤਾਨੀਆ ਦੇ ਯੂਨੀਵਰਸਿਟੀ ਕਾਲਜ ਆਫ ਲੰਡਨ ਵਿੱਚ ਹੀ ਕਰਵਾਇਆ ਜਾਦਾ ਸੀ । ਜਿਥੋ ਉਹਨਾ ਨੇ ਔਸਤ ਅੰਕਾ ਤੋ ਕੁਝ ਅੰਕ ਉਪਰ ਲੈ ਕੇ ਡਿਗਰੀ ਪੂਰੀ ਕੀਤੀ। ਪਰ ਆਪਣਾ ਗਣਿਤਕ ਦਿਮਾਗ ਨੂੰ ਲਾਈਬਰੇਰੀ ਦੇ ਵਰਗੀਕਰਨ ਨੂੰ ਸਲਝਾਉਣ ਲਈ ਜਰੂਰ ਵਰਤਿਆ । ਜਦੋ ਕਿ ਇਹ ਪੜਾਈ ਬਾਹਰੀ ਵਿਦਿਆਰਥੀ ਲਈ ਕਾਫੀ ਮੁਸਕਲ ਸੀ । ਖੋਜ ਦੇ ਦੌਰਾਨ ਦਸ਼ਮਲਵ ਵਰਗੀਕਰਨ ਦੀਆ ਖਾਮੀਆ ਨੂੰ ਖੁਦ ਪੜਚੋਲ ਕਰਕੇ ਹੱਲ ਕੀਤਾ । ਉਸ ਨੂੰ ਯੋਜਨਾ ਬੰਧ ਕਰਕੇ ਵੱਖਰੇ ਵਰਗਾ ਵਿੱਚ ਵੰਡਣ ਦੇ ਸੁਝਾਅ ਦਿੱਤੇ। ਡੈਵੀ ਦਸ਼ਮਲਵ ਵਰਗੀਕਰਨ (deway decimal classification) ਦੀ ਪ੍ਰਮਾਣਿਕਾ ਨੂੰ ਹੋਰ ਵਿਸ਼ਥਾਰ ਨਾਲ ਵਿਆਖਿਆ ਕਰਕੇ ਦੱਸਿਆ ਕਿਵੇ ਇਕ ਹੀ ਕਿਤਾਬ ਨੂੰ ਵੱਖ ਵੱਖ ਵਰਗਾ ਵਿੱਚ ਦੂਜੇ ਸਿਰਲੇਖਾ ਅਧੀਨ ਰੱਖਿਆ ਜਾ ਸਕਦਾ ਹੈ। ਉਦਾਹਰਨ ਵਜੋ ਜਿਵੇ ਭਾਰਤ ਦਾ ਜੰਗਨਾਮਾ ਕਿਤਾਬ ਨੂੰ ਜੰਗਨਾਮਾ ਜਾ ਭਾਰਤ ਜਾ ਜੰਗਨਾਮਾ ਦੇ ਭਾਰਤੀ ਲੇਖ ਵਿੱਚ ਵੰਡ ਸਕਦੇ ਹਾ। ਇਸੇ ਤਰਾ ਕਈ ਕਮਜੋਰ ਤਕਨੀਕਾ ਨੂੰ ਬਦਲਾਉ ਕਰਕੇ ਨਵੇ ਯੁੱਗ ਦੇ ਹਾਣ ਦਾ ਕੀਤਾ। ਜਿਨਾ ਦੀ ਵਰਤੋ ਪੁਸਤਕ ਘਰਾ ਵਿੱਚ ਸ਼ਾਨ ਨਾਲ ਕੀਤੀ ਜਾ ਰਹੀ ਹੈ ।

ਅੰਤ ਇੰਗਲੈਡ ਵਿੱਚ ਰਿਹਦੇ ਸਮੇ ਸੁਰੂ ਕੀਤੀ ਨਵੀ ਖੋਜ ਕੋਲਨ ਵਰਗੀਕਰਨ ਦੇ ਰੂਪ ਵਿੱਚ ਬਣ ਕੇ ਉਭਰੀ । ਉਸ਼ ਨੂੰ ਹੋਰ ਨਿਖਾਰਨ ਦੀ ਆਸਾ ਨਾਲ ਭਾਰਤ ਵਾਪਸੀ ਦੀ ਯਾਤਰਾ ਸਮੇ ਸਮੁੰਦਰੀ ਜਹਾਜ ਦੀ ਲਾਇਬਰੇਰੀ ਨੂੰ ਨਵੀ ਖੋਜ ਦੇ ਪ੍ਰਯੋਗ ਨਾਲ ਤਰਤੀਬ ਵਾਰ ਕੀਤਾ। ਇਸ ਖੋਜ ਦਾ ਵਿਚਾਰ ਰੰਗਾਨਾਥਨ ਨੂੰ ਲੰਡਨ ਵਿੱਚ ਦੇਖੀ ਇਕ ਖਿਡੋਣਿਆ ਦੀ ਦੁਕਾਨ ਤੋ ਆਇਆ। ਪੜਾਈ ,ਖੋਜ ਤੇ ਤਜਰਬਿਆ ਨੇ ਮਨ ਅੰਦਰ ਲਾਈਬਰੇਰੀਅਨ ਦੀ ਨੌਕਰੀ ਵਾਸਤੇ ਅਥਾਹ ਦਿਲਚਸਪੀ ਪੈਦਾ ਕਰ ਦਿੱਤੀ । ਫਿਰ ਭਾਰਤ ਪਰਤਦਿਆ ਹੀ ਲਾਈਬਰੇਰੀ ਦਾ ਜਿੰਮਾ ਸਭਾਲਿਆ ਤੇ ਲਗਾਤਾਰ 20 ਸਾਲ ਨੌਕਰੀ ਕੀਤੀ। ਇਸੇ ਦੌਰਾਨ ਮਦਰਾਸ ਲਾਈਬਰੇਰੀ ਸੰਗਠਨ ਵੀ ਬਣਾਇਆ। ਜਿਸਨੇ ਪੂਰੇ ਭਾਰਤ ਵਿੱਚ ਆਮ ਲੋਕਾ ਲਈ ਕਿਤਾਬਘਰ ਬਣਾਉਣ ਦਾ ਪੱਖ ਪੂਰਿਆ। ਨੌਕਰੀ ਦੇ ਸਮੇ ਵਿੱਚ ਵਿਸੇ ਲਈ ਕਈ ਕਿਤਾਬਾ ਵੀ ਲਿਖੀਆ। ਪਹਿਲੀ ਕਿਤਾਬ ਸੰਨ 1931" ਕਿਤਾਬ ਘਰ ਦੇ ਪੰਜ ਮੁੱਖ ਕਨੂੰਨ (five law of library) ਜਿਸਦੇ ਮੁੱਖ ਅੰਸ 1 ਕਿਤਾਬਾਂ ਵਰਤਣ ਲਈ ਹਨ, 2 ਹਰ ਪਾਠਕ ਨੂੰ ਉਸਦੀ ਕਿਤਾਬ ਮਿਲਣੀ ਚਾਹੀਦੀ ਹੈ, 3 ਹਰ ਕਿਤਾਬ ਨੂੰ ਉਸਦਾ ਪਾਠਕ ਮਿਲਣਾ ਚਹੀਦਾ ਹੈ, 4 ਪਾਠਕਾ ਦਾ ਸਮਾ ਬਚਾਉ, 5 ਲਾਈਬਰੇਰੀ ਲਗਾਤਾਰ ਬਦਲਦੀ ਹੋਈ ਸੰਸਥਾ ਹੈ।

ਸੰਨ 1933 ਵਿਚ ਦੂਸਰੀ ਕਿਤਾਬ ਕੋਲਨ ਵਰਗੀਕਰਨ ਪ੍ਰਣਾਲੀ (colon classification system) ਦੇ ਰਾਹੀ ਕਿਤਾਬ ਘਰਾ ਨੂੰ ਵਿਸਥਾਰ ਤੇ ਗੁਣਾਤਮਕ ਤਰਤੀਬ ਲਈ ਲਿਖੀ । ਦੋ ਦਹਾਕੇ ਤੋ ਬਾਅਦ ਵੀ ਭਾਂਵੇ ਰਟਾਇਰਮੈਂਟ ਤੱਕ ਨੌਕਰੀ ਕਰਨ ਦੇ ਇਛੁੱਕ ਸਨ। ਪਰ ਵਿਸਵ ਵਿਦਿਆਲੇ ਦੇ ਨਵੇ ਆਏ ਵਾਇਸ ਚਾਂਸਲਰ ਨਾਲ ਕਹਾ ਸੁਣੀ ਦੇ ਕਾਰਨ ਸਵੈ ਇਛੁੱਕ ਰਟਾਇਰਮੈਂਟ ਲੈ ਲਈ। 1945 ਵਿੱਚ ਬਨਾਰਸ ਹਿੰਦੂ ਯੂਨੀਵਰਸਿਟੀ ਵਾਰਾਨਸ਼ੀ ਵਿੱਚ ਆਖਰੀ ਨੌਕਰੀ ਲਾਈਬਰੇਰੀ ਸਾਇੰਸ ਦੇ ਪ੍ਰੋਫੈਸਰ ਵਜੋ ਕੀਤੀ । 1943 ਤੋ 53 ਤੱਕ ਭਾਰਤੀ ਲਾਈਬਰੇਰੀ ਸੰਗਠਨ ਦੇ ਪ੍ਰਧਾਨ ਰਹੇ। ਲੜਕੇ ਦੀ ਯੂਰਪੀਅਨ ਲੜਕੀ ਨਾਲ ਸਾਦੀ ਮਗਰੋ 1955 ਤੋ 57 ਤੱਕ ਦੋ ਸਾਲ ਜਿਊਰਖ ਸਵਿਜਰਲੈਂਡ ਵਿੱਚ ਸਾਂਤ ਪੂਰਵਕ ਜਿੰਦਗੀ ਬਤੀਤ ਕੀਤੀ ।

ਬੰਗਲੌਰ ਵਿਖੇ ਸੰਨ 1962 ਵਿਚ ਬਣੀ ਭਾਰਤੀ ਅੰਕੜਾ ਵਿਗਿਆਨ ਸੰਸਥਾ ਉਹਨਾ ਦੀਆ ਮਹਾਨ ਪ੍ਰਪਤੀਆ ਵਿਚੋ ਇਕ ਹੈ । ਜਿਸ ਲਈ ਭਾਰਤ ਸਰਕਾਰ ਨੇ 1965 ਵਿੱਚ ਰਾਸਟਰੀ ਖੋਜਕਰ ਅਧਿਆਪਕ (national research professor) ਦੇ ਪੁਰਸਕਾਰ ਨਾਲ ਸਨਮਾਨਿਆ ।

ਜੀਵਨ ਦੇ ਆਖਰੀ ਸਾਲ ਫੇਫੜਿਆ ਅਤੇ ਸਾਹ ਨਾਲੀ ਵਿਚ ਸੋਜ ਤੇ ਮਿਆਦੀ ਇੰਨਫੈਕਸਨ ਦੇ ਕਾਰਨ ਹਸਪਤਾਲ ਦਖਲ ਰਹੇ । 27 ਸਤੰਬਰ 1972 ਨੂੰ ਭਿਆਨਕ ਬੀਮਾਰੀ ਨਾਲ ਜੂਝਦੇ 80 ਸਾਲ ਦੀ ਉਮਰੇ ਲਾਈਬਰੇਰੀ ਪਿਤਾਮਾ ਕਿਤਾਬਾ ਤੇ ਦੁਨੀਆ ਨੂੰ ਅਲਵਿਦਾ ਆਖ ਗਏ। ਰੰਗਾਨਾਥਨ ਜੀ ਦੀ ਸਮਰਪਤ ਭਾਵਨਾ ਤੇ ਬੇਹਰਤਰੀਨ ਖੋਜਾ ਨਾਲ ਕਰੋੜਾ ਕਿਤਾਬਾ ਦਾ ਰੱਖ ਰਖਾ ਸੋਖਾਲਾ ਹੋਇਆ।

ਸੋ ਅੱਜ ਦੇ ਦਿਨ ਲਾਈਬਰੇਰੀਆ ਵਿੱਚ ਕੰਮਾ ਕਰਦੇ ਹਰ ਮੁਲਾਜਮ ਲਈ ਜਰੂਰੀ ਹੈ ਕਿ ਉਹਨਾ ਦੇ ਦੱਸੇ ਕਿਤਾਬਘਰ ਦੇ ਮੁੱਖ ਸਿਧਾਂਤਾ ਅਨੁਸਾਰ ਚੱਲਣ ਦਾ ਪ੍ਰਣ ਹੀ ਇਕ ਸੱਚਾ ਸਿਜਦਾ ਹੋਵੇਗਾ।

# ਮੋਰਚਾ ਗੁਰੂ ਕਾ ਬਾਗ- 8 ਅਗਸਤ 1922



ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ, ਜਿਸਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਇਕ ਸਮਾਜ ਸੁਧਾਰ ਲਹਿਰ ਹੈ। ਇਕ ਮਾਨਵਵਾਦੀ ਧਰਮ ਹੈ। ਮੁਗਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਦੇ, ਮਨੁੱਖੀ ਕਦਰਾਂ ਕੀਮਤਾਂ, ਹੱਕ-ਸੱਚ, ਨਿਆਂ ਸਵੈਮਾਣ ਅਤੇ ਸਵੈ ਰੱਖਿਆ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਲਈ ਫੌਜੀ ਖਾਲਸਾ ਤਿਆਰ ਹੋਇਆ। ਜਿਸਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖੀਰ ਆਪਣਾ ਖਾਲਸਾ ਰਾਜ ਸਥਾਪਤ ਕੀਤਾ। ਅੰਗਰੇਜ਼ੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਢਾਅ ਲਾਉਣ ਦੀ ਸਾਜ਼ਿਸ਼ ਰਚ ਲਈ, ਜਿਸ ਵਿਚ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜ਼ਾ ਕਰਵਾ ਲਿਆ, ਜਿਹਨਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅਯਾਸ਼ੀ ਦੇ ਅੱਡੇ ਬਣਾ ਲਏ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿਚ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁੱਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ, ਤਰਨਤਾਰਨ, ਜੈਤੋ, ਮੋਰਚਾ ਗੁਰੂ ਕਾ ਬਾਗ ਹੋਵੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ ਚੜ੍ਹ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਦੇ ਹੱਥ ਸੌਂਪਿਆ। ਇਹਨਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਜਨਤਕ ਅੰਦੋਲਨਾਂ ਦਾ ਰਾਹ ਖੋਲ੍ਹਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਇਹਨਾਂ ਮੋਰਚਿਆਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਕੇਵਾਲੀ, ਸੰਹਿਸਰਾਂ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ 'ਗੁਰੂ ਕਾ ਬਾਗ' ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ ਤੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਥਾਪਤ ਹਨ। ਇਹਨਾਂ ਗੁਰਧਾਮਾਂ ਦੇ ਨਾਂ ਕਾਫੀ ਜ਼ਮੀਨ ਸੀ। ਮਹੰਤ ਸੁੰਦਰਦਾਸ ਦਾ ਕਬਜ਼ਾ ਸੀ, ਜੋ ਇਕ ਦੁਰਾਚਾਰੀ ਅਤੇ ਅਯਾਸ਼ੀ ਸੀ। ਉਸਨੂੰ ਅੰਗਰੇਜ਼ਾਂ ਵੱਲੋਂ ਸਿੱਖਾਂ ਦੇ ਵਿਰੁੱਧ ਵਰਤਿਆ ਜਾ ਰਿਹਾ ਸੀ। ਮਹੰਤਾਂ ਨਾਲ ਸਰਕਾਰੀ ਮਿਲੀਭੁਗਤ ਨਾਲ ਹੀ 20 ਫਰਵਰੀ 1921 ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਤੋਂ ਬਾਅਦ 8 ਅਗਸਤ 1922 ਈ. ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ। ਜੋ ਸਿੱਖ ਕੌਮ ਦੀ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹ ਬੋਲਦੀ ਤਸਵੀਰ ਹੈ। ਇਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜ਼ੁਰਮਾਨਾ ਕਰ ਦਿੱਤਾ। ਇਸ ਘਟਨਾ ਦੇ ਨਾਲ ਹੀ 'ਮੋਰਚਾ ਗੁਰੂ ਕਾ ਬਾਗ' ਆਰੰਭ ਹੁੰਦਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪੁਰਅਮਨ ਸੰਘਰਸ਼ ਕਰਨ ਲਈ, ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਿਆ ਜਾਣ ਲੱਗਾ। ਜਿਸਨੂੰ ਪੁਲਿਸ ਫੜ ਕੇ ਦੂਰ-ਦੁਰਾਡੇ ਛੱਡ ਆਉਂਦੀ। ਜਦੋਂ ਗ੍ਰਿਫਤਾਰੀਆਂ ਦੀ ਗਿਣਤੀ ਵਧਦੀ ਗਈ ਤਾਂ ਪੁਲਿਸ ਦੀ ਸਖ਼ਤੀ ਵੀ ਵਧਦੀ ਗਈ। ਫਿਰ 31 ਅਗਸਤ 1922 ਨੂੰ 200 ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਪਿੰਡ ਸੰਹਿਸਰਾ, ਘੁਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਸਿੱਖਾਂ ਦੀ ਕਾਫੀ ਕੁੱਟਮਾਰ ਕੀਤੀ ਗਈ। ਭੇਜੇ ਜਾ ਰਹੇ ਜਥਿਆਂ ਦੀ ਵੀ ਕੁੱਟਮਾਰ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧੂ ਕੇ ਬਾਹਰ ਸੁੱਟਿਆ। ਬੰਦੂਕਾਂ ਦੇ ਦਸਤੇ ਅਤੇ ਡਾਂਗਾਂ ਨਾਲ ਵੀ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਦਾ ਜਥਾ ਫਿਰ 100 ਦਾ ਜਥਾ ਭੇਜਿਆ ਜਾਣ ਲੱਗਾ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਹਨਾਂ ਨੂੰ ਰੋਕਦੀ ਪਰ ਉਹ ਰੱਬ ਦੇ ਭਾਣੇ ਵਿਚ ਰਹਿ ਕੇ ਜਾਪ ਕਰਦੇ ਅੱਗੇ ਵਧੀ ਜਾਂਦੇ। ਪੁਲਿਸ ਉਹਨਾਂ ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ 'ਤੇ ਹੰਢਾਉਂਦੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਸਲਾ ਕਰਕੇ ਫਿਰ ਉੱਠਦੇ ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬੱਸ ਨਹੀਂ ਕੀਤੀ ਸਗੋਂ ਫੱਟੜ ਹੋ ਕੇ ਡਿੱਗੇ ਪਏ ਸਿੰਘਾਂ ਤੇ ਘੋੜੇ ਵੀ ਦੁੜਾਏ ਜਾਣ ਲੱਗੇ।

ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ, ਅਣਮਨੁੱਖੀ ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿਚ ਜਨਤਾ ਅਤੇ ਨੇਤਾ ਗੁਰੂ ਕ ਬਾਗ ਪਹੁੰਚਣ ਲੱਗੇ। ਜਿਹਨਾਂ ਵਿਚ ਮਦਨ ਮੋਹਨ ਮਾਲਵੀਆ, ਸੀ. ਐਫ. ਐਂਡਰਿਊਜ਼, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੁਨੀ ਚੰਦ, ਮਲਕ ਲਾਲ ਖਾਨ, ਸਯਦ ਅਤਾਉਲਾ ਸ਼ਾਹ, ਪ੍ਰੋ. ਰੁੱਚੀ ਰਾਮ ਸਾਹਲੀ, ਹਕੀਮ ਅਜਮਲ ਖਾਂ, ਸਵਾਮੀ ਸ਼ਰਧਾ ਨੰਦਾ, ਡਾ. ਅਨਸਾਰੀ, ਭਾਈ ਜੋਧ ਸਿੰਘ, ਸ਼ੰਕਰ ਅਚਾਰੀਆ, ਪੰਡਤ ਮੋਤੀ ਲਾਲ ਨਹਿਰੂ, ਸਰੋਜਨੀ ਨਾਇਡੂ ਆਦਿ ਤੋਂ ਇਲਾਵਾ ਅਖ਼ਬਾਰ ਨਵੀਸ ਸਨ। ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜ੍ਹਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸ਼ੱਦਦ ਸਾਹਮਣੇ ਹੱਥ ਨਹੀਂ ਚੁੱਕੇ, ਸੀਅ ਨਾ ਕੀਤੀ। ਇਹ ਇਕ ਅਦੁੱਤੀ ਮਿਸਾਲ ਕਾਇਮ ਕੀਤੀ।

ਸੀ. ਐਫ. ਐਂਡਰਿਊਜ਼ ਜਿਸਨੇ ਇਕ ਮਸੀਹਾ ਸੂਲੀ ਚੜ੍ਹਦੇ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਤਸੀਹੇ ਝੱਲ ਰਹੇ ਵੇਖ ਕੇ ਰੋ ਪਿਆ। ਉਸਨੇ ਅਖ਼ਬਾਰਾਂ ਨੂੰ ਰਿਪੋਰਟ ਭੇਜੀ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ। ਇਹ ਇਕ ਹਿਰਦੇਵੇਦਕ ਘਟਨਾ ਹੈ ਜੋ ਇਕ ਅੰਗਰੇਜ਼ ਤੋਂ ਵੀ ਨਹੀਂ ਵੇਖੀ ਜਾ ਸਕੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਵਿਖਾਵੇ। ਅੰਗਰੇਜ਼ੀ ਫਿਲਮਸਾਜ਼ ਏ. ਐਲ. ਵਰਜਰ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ। ਸਰ ਐਡਵਰਡ ਮੈਕਲਾਘਮ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸਦੇ ਦਖਲ ਨਾਲ ਸਿੰਘਾਂ ਤੇ ਡਾਂਗਾਂ ਵਰ੍ਹਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫਤਾਰੀਆਂ ਦਾ ਦੌਰ 17 ਨਵੰਬਰ 1922 ਤੱਕ ਚੱਲਿਆ। ਅਕਤੂਬਰ ਦੇ ਪਹਿਲੇ ਹਫਤੇ ਗਵਰਨਰ ਜਨਰਲ ਲਾਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਅਖੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰਦਾਸ ਵੱਲੋਂ ਗੁਰਦੁਆਰਾ ਜ਼ਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜ਼ਮੀਨ ਦਾ ਜਿੰਮਾ ਸੰਗਤਾਂ ਨੂੰ ਮਿਲ ਗਿਆ। ਅੰਤ 17 ਨਵੰਬਰ 1922 ਨੂੰ ਸਿੰਘ ਰਿਹਾ ਹੋ ਗਏ ਤੇ ਮੋਰਚਾ ਸਫਲ ਹੋਇਆ।

ਇਸ ਸ਼ਾਂਤਮਈ ਮੋਰਚੇ ਵਿਚ 839 ਸਿੰਘ ਜ਼ਖਮੀ ਅਤੇ 5605 ਸਿੰਘ ਗ੍ਰਿਫ਼ਤਾਰ ਹੋਏ ਸਨ, ਜਿਹਨਾਂ ਵਿਚ ਲਗਭਗ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਪੈਨਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਤੇ ਬਹਾਦਰੀ ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰ ਸਿੰਘਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ, ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਜਨਤਕ ਲਹਿਰਾਂ ਲਈ ਰਾਹ ਪੱਧਰਾ ਹੋਇਆ। ਲੋਕਾਂ ਵਿਚ ਜਨਤਕ ਤੌਰ ਤੇ ਇਨਕਲਾਬੀ ਉਤਸ਼ਾਹ ਆਇਆ ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜ਼ੀ ਹਕੂਮਤ ਦੇ ਖਿਲਾਫ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਪ੍ਰਫੁੱਲਿਤ ਕੀਤਾ। ਉਸ ਸਮੇਂ ਦੇ ਸਿੱਖ ਆਚਰਣ ਵਿਚ ਪ੍ਰਦਰਸ਼ਿਤ ਗੁਣਾਂ ਨੂੰ ਅਪਣਾਉਣ ਦੀ ਪ੍ਰੇਰਨਾ ਮਿਲਦੀ ਹੈ। ਇਹ ਇਕ ਗੌਰਵਮਈ ਸਫਲਤਾ ਇਤਿਹਾਸਕ ਮੋਰਚਾ ਹੋ ਨਿੱਬੜਿਆ।

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



Chicago's Pizza with a Twist
Call: 1-209-398-2221







Parvinder Dhesi
Kulwant Sandhu
1471 B St., Unit B, Livingston, CA 95334

# ਭਾਰਤ ਦਾ ਆਪਣਾ ਐਪ- 5 ਨੌਜਵਾਨਾਂ ਨੇ ਬਣਾਇਆ 'ਮੈਗਟੈਪ' ਐਪ

ਤਰਸੇਮ
91-97796-27888

ਚੀਨ ਨਾਲ ਟਕਰਾਅ ਅਤੇ ਭਾਰਤੀ ਸੈਨਿਕਾਂ ਦੀ ਸ਼ਹਾਦਤ ਤੋਂ ਬਾਅਦ ਇਕ ਵਾਰ ਫਿਰ ਭਾਰਤ ਵਿਚ ਚੀਨੀ ਸਮਾਨ ਅਤੇ ਐਪਸ ਦਾ ਬਾਈਕਾਟ ਕਰਨ ਦੀ ਮੰਗ ਕੀਤੀ ਗਈ ਸੀ ਅਤੇ ਹੁਣ ਭਾਰਤ ਸਰਕਾਰ ਨੇ 59 ਚੀਨੀ ਐਪਸ ਉੱਤੇ ਪਾਬੰਦੀ ਲਗਾ ਦਿੱਤੀ ਹੈ। ਅਜਿਹੀ ਸਥਿਤੀ ਵਿਚ, ਭਾਰਤੀ ਨੌਜਵਾਨਾਂ ਦੁਆਰਾ ਬਣਾਇਆ ਗਿਆ ਇਕ ਵਿਸ਼ੇਸ਼ ਵੈੱਬ ਬਰਾ .ਜ਼ਰ ਚੀਨੀ ਐਪਸ ਦੀ ਚੋਣ ਕਰ ਰਿਹਾ ਹੈ. ਦਰਅਸਲ 5 ਨੌਜਵਾਨਾਂ ਨੇ 'ਮੈਗਟੈਪ' ਨਾਮਕ ਇੱਕ ਵੈੱਬ ਬਰਾ .ਸਰ ਬਣਾਇਆ ਹੈ ਜੋ ਇਸ ਸ਼੍ਰੇਣੀ ਦੇ ਚੀਨੀ ਐਪਸ (ਯੂਸੀ ਬਰਾਉਰੌਂਜ਼ਰ) ਨਾਲੋਂ ਕਿਤੇ ਵਧੀਆ ਸਿੱਧ ਹੋ ਰਿਹਾ ਹੈ. ਇਸ ਐਪ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦਾ 'ਵਿਜ਼ੂਅਲ ਡਿਕਸ਼ਨਰੀ' ਹੈ, ਤਾਂ ਜੋ ਕਿਸੇ ਹੋਰ ਭਾਸ਼ਾ ਦੇ ਸ਼ਬਦਾਂ ਦੇ ਅਰਥ ਤਸਵੀਰਾਂ ਨਾਲ ਆਪਣੀ ਭਾਸ਼ਾ ਵਿਚ ਵੇਖੇ ਅਤੇ ਸੁਣ ਸਕਣ.ਇਸ ਵਿਚ ਤਿੰਨ ਚੀਨੀ ਐਪਸ ਦੀਆਂ ਵੱਖੋ ਵੱਖਰੀਆਂ ਵਿਸ਼ੇਸ਼ਤਾਵਾਂ ਇਸ ਇਕ ਭਾਰਤੀ ਐਪ ਵਿਚ ਮਿਲੀਆਂ ਮਿਲ ਸਕਦੀਆਂ ਹਨ. ਜੇਕਰ ਐਪ ਦੇ ਬਾਨੀ ਦੀ ਮੰਨੀਏ ਤਾਂ ਗੂਗਲ ਪਲੇ ਸਟੋਰ 'ਤੇ ਲਾਂਚ ਹੋਣ ਦੇ ਕੁਝ ਦਿਨਾਂ ਦੇ ਅੰਦਰ ਇਸ ਨੂੰ 1 ਮਿਲੀਅਨ ਤੋਂ ਵੀ ਜ਼ਿਆਦਾ ਵਾਰ ਡਾ ਦੌਨਲੋਅਦਨਲੋਡ ਕੀਤਾ ਜਾ ਚੁੱਕਾ ਹੈ। ਇਸਦੀ ਰੇਟਿੰਗ 4.8 ਹੈ ਅਤੇ 28,000 ਤੋਂ ਜ਼ਿਆਦਾ ਸਮੀਖਿਆਵਾਂ ਦੇ ਨਾਲ, ਮੈਗਟੈਪ ਦੁਨੀਆ ਵਿੱਚ ਸਭ ਤੋਂ ਵੱਧ ਦਰਜਾ ਪ੍ਰਾਪਤ ਐਪ ਹੈ.ਦੁਨੀਆ ਦਾ ਪਹਿਲਾ ਵਿਜ਼ੂਅਲ ਡਿਕਸ਼ਨਰੀ ਬ੍ਰਾ ਅਨਦਜ਼ਰ ਅਤੇ ਡੌਕੂਮੈਂਟ ਰੀਡਰ - ਆਲ ਇਨ ਵਨ ਇਸ ਐਪ ਦੇ ਬਾਨੀ ਅਤੇ ਸੀਈਓ ਸੱਤਿਆਪਾਲ ਚੰਦਰ ਦਾ ਕਹਿਣਾ ਹੈ ਕਿ 'ਮੈਗਟੈਪ' ਪੂਰੀ ਤਰ੍ਹਾਂ 'ਮੇਡ ਇਨ ਇੰਡੀਆ' ਹੈ, ਨਾਲ ਹੀ ਇਹ ਦੁਨੀਆ ਵਿਚ ਆਪਣੀ ਕਿਸਮ ਦਾ ਪਹਿਲਾ ਪ੍ਰਯੋਗ ਹੈ। 'ਮੈਗਟੈਪ' ਇਕ ਵਿਲੱਖਣ ਐਪ ਹੈ ਜੋ ਵਿਜ਼ੂਅਲ ਬਜ਼ਾਰ ਦੇ ਨਾਲ ਨਾਲ ਦਸਤਾਵੇਜ਼ ਪਾਠਕ, ਅਨੁਵਾਦ ਅਤੇ ਈ-ਸਿਖਲਾਈ ਪ੍ਰਦਾਨ ਕਰਦਾ ਹੈ। ਇਹ ਐਪ ਦੇਸ਼ ਦੇ ਹਿੰਦੀ ਭਾਸ਼ੀ ਵਿਦਿਆਰਥੀਆਂ ਨੂੰ ਧਿਆਨ ਵਿੱਚ ਰੱਖਦਿਆਂ ਵਿਸ਼ੇਸ਼ ਰੂਪ ਵਿੱਚ ਤਿਆਰ ਕੀਤਾ ਗਿਆ ਹੈ। ਉਹ ਕਹਿੰਦੇ ਹਨ ਕਿ ਇੰਟਰਨੈਟ ਤੇ ਜ਼ਿਆਦਾਤਰ ਚੰਗੀ ਜਾਣਕਾਰੀ ਅੰਗਰੇਜ਼ੀ ਵਿਚ ਹੈ.ਇਸ ਸਥਿਤੀ ਵਿੱਚ, ਉਹਨਾਂ ਨੂੰ ਪੜ੍ਹਦੇ ਸਮੇਂ, ਇਹ ਐਪ ਹਿੰਦੀ ਸਮੇਤ ਦੇਸ਼ ਦੀਆਂ 12 ਭਾਸ਼ਾਵਾਂ ਵਿੱਚ ਕਿਸੇ ਵੀ ਸ਼ਬਦ, ਵਾਕ ਜਾਂ ਪੂਰੇ ਪੈਰਾ ਦਾ ਅਨੁਵਾਦ ਕਰ ਸਕਦੀ ਹੈ. ਵਟਸਐਪ, ਫੇਸਬੁੱਕ, ਮੈਸੇਂਜਰ, ਆਦਿ ਵਰਗੇ ਕਿਸੇ ਵੀ ਹੋਰ ਐਪ ਦੇ ਨਾਲ, ਕਿਸੇ ਸ਼ਬਦ ਦੇ ਅਰਥਾਂ ਨੂੰ ਇਸ 'ਤੇ ਟੈਪ ਕਰਕੇ ਜਾਣਿਆ ਜਾ ਸਕਦਾ ਹੈ. ਲੌਕ ਡਾਉਨ ਦੇ ਦੌਰਾਨ ਇਸ ਐਪ 'ਚ ਕਈ ਐਕਸਟਰਾ ਵੀ ਸ਼ਾਮਲ ਕੀਤੀਆਂ ਗਈਆਂ ਹਨ. ਇਸ ਐਪ 'ਤੇ, ਬੱਚਿਆਂ ਤੋਂ ਬੈਂਕ, ਰੇਲਵੇ ਅਤੇ ਯੂ ਪੀ ਐਸ ਸੀ ਪੱਧਰ ਤੱਕ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਲਈ ਅਧਿਐਨ ਸਮੱਗਰੀ ਮੁਫਤ ਟੈਕਸਟ ਅਤੇ ਵੀਡੀਓ ਫਾਰਮੈਟ ਵਿੱਚ ਉਪਲਬਧ ਹੈ।

ਸਿਰਫ 30-35 ਐਮ ਬੀ ਹੈ। ਮੈਗਟੈਪ ਐਪ ਦਾ



Abhishek Singh Satyapal Chandra Sagar Malhotra Rohan Singh

ਆਕਾਰ
ਸਿਰਫ 30-35 ਐਮਬੀ ਦੇ ਵਿਚਕਾਰ ਹੈ,
ਚੀਨੀ ਐਪਸ ਲਈ ਸਭ ਤੋਂ ਵਧੀਆ ਵਿਕਲਪ ਅਤੇ ਆਕਾਰ ਚੀਨੀ ਐਪ ਨਾਲੋਂ ਵੀ ਘੱਟ ਹੈ।
ਯੂਸੀ ਬਰਾserਜ਼ਰ - 58 ਐਮ ਬੀ
ਯੂ ਡਿਕਸ਼ਨਰੀ - 41 ਐਮ ਬੀ
ਡਬਲਯੂਪੀਐਸ ਦਫਤਰ - 60 ਐਮ.ਬੀ.
ਮੈਗਟੈਪ 2.0..

ਮੈਗਟੈਪ' ਵਿਕਸਤ ਕਰਨ ਵਾਲੇ ਰੋਹਨ ਕੁਮਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਹੁਣੇ ਹੁਣੇ ਇਸ ਦਾ ਅਪਡੇਟ ਕੀਤਾ ਵਰਜ਼ਨ 'ਮੈਗਟੈਪ 2.0' ਲਾਂਚ ਕੀਤਾ ਹੈ. ਇਸ ਨਵੇਂ ਅਪਡੇਟ ਵਿੱਚ ਕਈ ਹੋਰ ਵਿਸ਼ੇਸ਼ਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਜੋ ਕਿ ਇਸ ਐਪ ਨੂੰ ਚੀਨ ਦੇ ਯੂਸੀ ਬ੍ਰਾserਜ਼ਰ ਦੇ ਨਾਲ ਨਾਲ ਗੂਗਲ ਦੇ ਕ੍ਰੋਮ ਅਤੇ ਓਪੇਰਾ ਬ੍ਰਾserਜ਼ਰ ਤੋਂ ਵਧੀਆ ਬਣਾਏਗੀ. ਉਸਨੇ ਦੱਸਿਆ ਕਿ ਐਪ ਦੀ ਅਨੁਵਾਦ ਵਿਸ਼ੇਸ਼ਤਾ ਹੁਣ 12 ਵਿਦੇਸ਼ੀ ਭਾਸ਼ਾਵਾਂ ਦੇ ਨਾਲ ਨਾਲ ਫਰਾਂਸੀਸੀ, ਜਰਮਨ, ਇਟਾਲੀਅਨ ਅਤੇ ਅਰਬੀ ਸਮੇਤ 30 ਵਿਦੇਸ਼ੀ ਭਾਸ਼ਾਵਾਂ ਵਿੱਚ ਤੁਰੰਤ ਤਰਜਮਾ ਕਰ ਸਕੇਗੀ। ਇਸਦੇ ਨਾਲ, ਉਹ ਲੋਕ ਜੋ ਭਾਰਤ ਵਿੱਚ ਹਿੰਦੀ ਸਮੇਤ ਕਿਸੇ ਵੀ ਭਾਸ਼ਾ ਨੂੰ ਜਾਣਦੇ ਹਨ, ਉਹ ਦੁਨੀਆ ਦੀਆਂ ਸਾਰੀਆਂ ਮੁੱਖ ਭਾਸ਼ਾਵਾਂ ਘਰ ਤੋਂ ਸਿੱਖ ਸਕਦੇ ਹਨ ਅਤੇ ਕੁਝ ਵੀ ਪੜ੍ਹ ਸਕਦੇ ਹਨ। ਮੈਗਟੈਪ ਟੈਕਨੋਲੋਜੀ, ਜੋ ਕੰਪਨੀ ਮੈਗਟੈਪ ਐਪ ਬਣਾਉਂਦੀ ਹੈ, ਦਾ ਮੁੱਖ ਦਫਤਰ ਮੁੰਬਈ ਵਿੱਚ ਹੈ. ਇਹ ਕੰਪਨੀ ਭਾਰਤ ਸਰਕਾਰ ਦੀ ਸ਼ੁਰੂਆਤ ਯੋਜਨਾ ਨਾਲ ਵੀ ਜੁੜੀ ਹੋਈ ਹੈ। ਕੰਪਨੀ ਦੇ ਸੰਸਥਾਪਕ, ਸੱਤਿਆਲ ਚੰਦਰ, ਰੋਹਨ ਸਿੰਘ ਅਤੇ ਅਭਿਸ਼ੇਕ ਬਿਹਾਰ ਦੇ ਰਹਿਣ ਵਾਲੇ ਹਨ ਜਦੋਂ ਕਿ ਸਾਗਰ ਮਲਹੋਤਰਾ ਜੋ ਇਸ ਐਪ ਦੇ ਸੰਸਥਾਪਕ ਅਤੇ ਮਾਰਕੀਟਿੰਗ ਮੁਖੀ ਹਨ, ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਦਾ ਰਹਿਣ ਵਾਲਾ ਹੈ। ਕੰਪਨੀ ਦਾ ਪੂਰਾ ਕੰਮ ਆਸ਼ੀਸ਼ ਵਿਰਕਰ ਦੁਆਰਾ ਸੰਭਾਲਿਆ ਜਾਂਦਾ ਹੈ, ਜੋ ਇਸ ਕੰਪਨੀ ਦੇ ਸੰਸਥਾਪਕ ਅਤੇ ਕਾਰਜਕਾਰੀ ਮੁਖੀ ਹਨ. 'ਮੈਗਟੈਪ' ਰੋਹਨ ਦੁਆਰਾ ਡਿਜ਼ਾਇਨ ਕੀਤਾ ਗਿਆ ਹੈ ਅਤੇ ਉਸਦਾ 18 ਸਾਲਾ ਭਰਾ ਅਭਿਸ਼ੇਕ ਸਿੰਘ ਇਸਦੇ ਤਕਨੀਕੀ ਪਹਿਲੂਆਂ ਨੂੰ ਸੰਭਾਲਣ ਵਿੱਚ ਸਹਾਇਤਾ ਕਰਦਾ ਹੈ। ਮੈਗਟੈਪ ਦੇ ਮਾਰਕੀਟਿੰਗ ਮੁਖੀ ਸਾਗਰ ਮਲਹੋਤਰਾ ਨੇ ਕਿਹਾ ਕਿ ਵਿਦਿਆਰਥੀਆਂ ਨੇ ਮੈਗਟੈਪ ਐਪ ਨੂੰ ਬਹੁਤ ਪਿਆਰ ਕੀਤਾ ਹੈ। ਇਸਦੇ ਮੁਫਤ ਅਤੇ ਮਲਟੀਪਰਪਜ਼ ਦੇ ਕਾਰਨ, ਮੈਗਟੈਪ ਇਸ ਸਾਲ ਦੇ ਅੰਤ ਤੱਕ 10 ਮਿਲੀਅਨ ਤੋਂ ਵੀ ਵਧੇਰੇ ਭਾਰਤੀ ਲੋਕ ਹੋਣਗੀਆਂ.

### 10 ਵਿੱਚੋਂ ਇੱਕ ਐਪ

ਸ਼ੁਰੂ ਤੋਂ ਹੀ ਮੈਗਟੈਪ ਨਾਲ ਜੁੜੇ ਰਹੇ ਸਾਗਰ ਮਲਹੋਤਰਾ ਨੇ ਦੱਸਿਆ ਕਿ ਐਪ ਵਿਚ ਹਿੰਦੀ ਅਤੇ ਅੰਗਰੇਜ਼ੀ ਵਿਚ ਘੱਟ ਖਰਚੇ 'ਤੇ ਖ਼ਬਰਾਂ ਪੜ੍ਹੀਆਂ ਜਾ ਸਕਦੀਆਂ ਹਨ. ਜੀ.ਕੇ., ਕਰੰਟ ਅਫੇਅਰਜ਼, ਸਿੱਖਿਆ, ਨੌਕਰੀਆਂ, ਮਨੋਰੰਜਨ, ਖੇਡਾਂ, ਖਰੀਦ-ਦਾਰੀ ਅਤੇ ਯਾਤਰਾ ਤੋਂ ਜਾਰੀ ਕੀਤੀਆਂ ਸਾਦੀ ਵੈਬਸਾਈਟਸ ਜਾਂ ਨਲਨਿਣਨਲਾਈਨ ਐਪਸ, ਮਨੋਰੰਜਨ, ਵਰਤਮਾਨ ਮਾਮਲੇ। ਫਲਾਈਟ-ਰੇਲ ਟਿਕਟ ਅਤੇ ਬੈਂਕਿੰਗ ਵਰਗੀਆਂ ਕਈ ਵਿਸ਼ੇਸ਼ਤਾਵਾਂ ਦੇ ਨਾਲ ਮੈਗਟੈਪ ਵਿੱਚ ਅਸਾਨੀ ਨਾਲ ਪਹੁੰਚ ਕੀਤੀਆਂ ਜਾ ਸਕਦੀਆਂ ਹਨ. ਫਿਰ ਮਿਲਾਂਗੇ ਇਹ ਐਪ ਸਿਰਫ 10 ਤੋਂ ਵੱਧ ਐਪਸ ਨੂੰ ਪੂਰਾ ਕਰਦਾ ਹੈ।

ਇਸ ਤੋਂ ਇਲਾਵਾ ਇਸ ਐਪ ਵਿਚ 10,000 ਤੋਂ ਵੱਧ ਕਿਤਾਬਾਂ ਮੁਫਤ ਵਿਚ ਉਪਲਬਧ ਹਨ, ਤਾਂ ਜੋ ਕੋਈ ਵੀ ਉਪਭੋਗਤਾ ਕਿਸੇ ਵੀ ਮੁਕਾਬਲੇ ਦੀ ਪ੍ਰੀਖਿਆ ਜਿਵੇਂ ਆਈ. ਏ. ਐੱਸ., ਆਈ. ਆਈ. ਟੀ., ਮੈਡੀਕਲ, ਬੈਂਕ, ਐਸ. ਐੱਸ. ਸੀ., ਸੀ. ਏ. ਆਦਿ ਦੀ ਤਿਆਰੀ ਕਰ ਸਕੇ. ਇਸ ਦੇ ਨਾਲ ਇਸ ਐਪ 'ਚ 8000 ਤੋਂ ਵੀ ਜ਼ਿਆਦਾ ਵੀਡੀਓ ਹਨ, ਜੋ ਤਿਆਰ ਕਰਨ' ਚ ਮਦਦ ਕਰਨਗੇ।

### ਤਸਵੀਰ ਦੇ ਨਾਲ ਸ਼ਬਦ ਦਾ ਮਤਲਬ

ਕੰਪਨੀ ਦੇ ਕਾਰਜ ਪ੍ਰਣਾਲੀ ਦੇ ਅਸ਼ੀਸ਼ ਵਿਰਕਰ ਨੇ ਕਿਹਾ ਕਿ ਅੰਗਰੇਜ਼ੀ ਦੀ ਮਹੱਤਤਾ ਨੂੰ ਵੇਖਦਿਆਂ ਐਪ ਦੀ ਸਭ ਤੋਂ ਆਕਰਸ਼ਕ ਵਿਸ਼ੇਸ਼ਤਾ ਇਸ ਦਾ ਵਿਜ਼ੂਅਲ ਡਿਕਸ਼ਨਰੀ ਹੈ. ਇਸ ਨਾਲ, ਬ੍ਰਾ ੋਨਜ਼ਰ 'ਤੇ ਇਕ ਨਿ paper ਪੇਪਰ ਜਾਂ ਕੋਈ ਅੰਗਰੇਜ਼ੀ ਦਸਤਾਵੇਜ਼ ਪੜ੍ਹਦਿਆਂ, ਜੇ ਤੁਸੀਂ ਕਿਸੇ ਸ਼ਬਦ ਦਾ ਅਰਥ ਨਹੀਂ ਸਮਝਦੇ, ਤਾਂ ਉਸ ਸ਼ਬਦ ਨੂੰ ਇਕ ਸਕਿੰਟ ਲਈ ਦਬਾਉਣ ਤੋਂ ਬਾਅਦ, ਫੋਟੋ ਦੇ ਨਾਲ ਸ਼ਬਦ ਦਾ ਅਰਥ ਬਾਹਰ ਆ ਜਾਂਦਾ ਹੈ। ਐਪ ਦੇ ਫੰਕਸ਼ਨ ਨੂੰ ਚਾਲੂ ਕਰਨ ਨਾਲ, ਵਟਸਐਪ, ਫੇਸਬੁੱਕ, ਟਵਿੱਟਰ ਆਦਿ ਉੱਤੇ ਅੰਗਰੇਜ਼ੀ ਮੈਸੇਜ ਹਿੰਦੀ ਵਿੱਚ ਆਸਾਨੀ ਨਾਲ ਪੜ੍ਹੇ ਜਾ ਸਕਦੇ ਹਨ। ਮੁਫਤ ਡਾਊਨਲੋਡ ਮੈਗਟੈਪ।

# ਬੱਚਿਆਂ ਦੇ ਖਿਡਾਉਣੇ ਨਹੀਂ ਹਨ ਮੋਬਾਈਲ ਫੋਨ

ਸਾਇੰਸ ਅਤੇ ਤਕਨੀਕ ਦੀ ਤਰੱਕੀ ਨੇ ਇਨਸਾਨ ਦੀ ਸੁੱਖ-ਸਹੂਲਤ ਲਈ ਬਹੁਤ ਸਾਰਿਆਂ ਚੀਜ਼ਾਂ ਦਾ ਨਿਰਮਾਣ ਕੀਤਾ ਹੈ। ਸਾਇੰਸ ਦੀਆਂ ਕੁਝ ਕਾਢਾਂ ਨੇ ਤਾਂ ਇਨਸਾਨ ਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ ਹੈ। ਜਿਵੇਂ ਹਵਾ ਅਤੇ ਪਾਣੀ ਤੋਂ ਬਾਅਦ ਬਿਜਲੀ ਮਨੁੱਖ ਦੀ ਤੀਜੀ ਬੁਨਿਆਦੀ ਜ਼ਰੂਰਤ ਬਣ ਗਈ ਹੈ। ਜੇਕਰ ਕੁਝ ਸਮੇਂ ਲਈ ਬਿਜਲੀ ਚਲੀ ਜਾਵੇ ਤਾਂ ਜ਼ਿੰਦਗੀ ਦੀ ਰਫ਼ਤਾਰ ਹੀ ਰੁਕ ਜਾਂਦੀ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਉਪਕਰਣ ਸਾਡੀ ਜ਼ਿੰਦਗੀ ਦਾ ਅੰਗ ਬਣ ਗਏ ਹਨ। ਪਹਿਲਾਂ ਕਿਸੇ ਨੇ ਕਦੇ ਇਹ ਨਹੀਂ ਸੋਚਿਆ ਹੋਵੇਗਾ ਕਿ ਮੋਬਾਇਲ ਫੋਨ ਨਾਂ ਦਾ ਯੰਤਰ ਮਨੁੱਖੀ ਸਰੀਰ ਦਾ ਅੰਗ ਹੀ ਬਣ ਜਾਵੇਗਾ। ਇਸ ਮੋਬਾਇਲ ਫੋਨ ਨੇ ਬਹੁਤ ਸਾਰੇ ਹੋਰ ਉਪਕਰਣ ਜਿਵੇਂ ਘੜੀ, ਕੈਲਕੁਲੇਟਰ, ਅਲਾਰਮ ਘੜੀ, ਰੇਡੀਓ, ਟੀ ਵੀ, ਟੇਪ ਰਿਕਾਰਡਰ, ਕੈਮਰਾ ਆਦਿ ਆਪਣੇ ਵਿੱਚ ਸਮੇਟ ਲਏ ਹਨ। ਸ਼ਾਇਦ ਹੀ ਕੋਈ ਵਿਰਲਾ ਹੋਵੇ ਜੋ ਇਸ ਉਪਕਰਣ ਦੀ ਵਰਤੋਂ ਨਾ ਕਰਦਾ ਹੋਵੇ। ਇਸ ਇਲੈਕਟ੍ਰਾਨਿਕ ਯੰਤਰ ਦਾ ਮਨੁੱਖੀ ਜੀਵਨ ਤੇ ਚੰਗਾ ਅਤੇ ਮਾੜਾ ਦੋਵੇਂ ਤਰ੍ਹਾਂ ਦਾ ਪ੍ਰਭਾਵ ਪਿਆ ਹੈ। ਬਿਨਾਂ ਸ਼ੱਕ ਮੋਬਾਇਲ ਫੋਨ ਜਾਂ ਸਮਾਰਟ ਫੋਨ ਨੇ ਮਨੁੱਖੀ ਜੀਵਨ ਦਾ ਹਰ ਕੰਮ ਬਹੁਤ ਸੌਖਾਲਾ ਬਣਾ ਦਿੱਤਾ ਹੈ। ਕਿਸੇ ਮਿੱਤਰ ਪਿਆਰੇ ਨੂੰ ਸੁਨੇਹਾ ਭੇਜਣ ਜਾਂ ਪ੍ਰਾਪਤ ਕਰਨ ਲਈ ਹੁਣ ਹਫਤਿਆਂ ਤੱਕ ਚਿੱਠੀਆਂ ਦਾ ਇੰਤਜ਼ਾਰ ਨਹੀਂ ਕਰਨਾ ਪੈਂਦਾ। ਸਗੋਂ ਹੁਣ ਤਾਂ ਸਮਾਰਟ ਫੋਨ ਦੀ ਵਰਤੋਂ ਨਾਲ ਆਹਮੋ-ਸਾਹਮਣੇ ਵੀਡੀਓ ਗੱਲਬਾਤ ਵੀ ਕੀਤੀ ਜਾ ਸਕਦੀ ਹੈ। ਇੰਟਰਨੈੱਟ ਦੀ ਵਰਤੋਂ ਨਾਲ ਦੇਸ਼ ਦੁਨੀਆਂ ਦੀ ਜਾਣਕਾਰੀ ਪਲਾਂ ਵਿੱਚ ਪ੍ਰਾਪਤ ਕੀਤੀ ਜਾ ਸਕਦੀ ਹੈ। ਬੈਂਕਿੰਗ ਲੈਣ ਦੇਣ ਬਹੁਤ ਅਸਾਨ ਹੋ ਗਿਆ ਹੈ। ਇਸ ਦੇ ਫਾਇਦਿਆਂ ਦੀ ਕੀ ਕੀ ਗੱਲ ਕਰੀਏ ਇਸ ਨਾਲ ਸੱਚਮੁੱਚ ਦੁਨੀਆਂ ਮੁੱਠੀ ਦੇ ਵਿੱਚ ਹੋ ਗਈ ਹੈ। ਮੋਬਾਇਲ ਫੋਨ ਬਿਨਾਂ ਹੁਣ ਜ਼ਿੰਦਗੀ ਦੀ ਕਲਪਨਾ ਕਰਨੀ ਵੀ ਮੁਸ਼ਕਲ



ਲੱਗਦੀ ਹੈ। ਮਹਾਂਮਾਰੀ ਵਿੱਚ ਲਾਕਡਾਉਨ ਦੌਰਾਨ ਮੋਬਾਇਲ ਫੋਨ ਹੀ ਸਭ ਦਾ ਸਹਾਰਾ ਬਣਿਆ। ਸਕੂਲ ਬੰਦ ਹੋਣ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਤੱਕ ਮੋਬਾਇਲ ਫੋਨ ਤੇ ਹੋ ਰਹੀ ਹੈ। ਮੋਬਾਇਲ ਫੋਨ ਖ਼ਾਸਕਰ ਨੌਜਵਾਨਾਂ ਅਤੇ ਬੱਚਿਆਂ ਦੀ ਪਹਿਲੀ ਪਸੰਦ ਬਣ ਗਿਆ ਹੈ। ਉਹ ਆਪਣਾ ਜ਼ਿਆਦਾਤਰ ਸਮਾਂ ਮੋਬਾਇਲ ਫੋਨ ਤੇ ਸੋਸ਼ਲ ਮੀਡੀਆ ਵਰਤਣ, ਵੀਡੀਓ ਵੇਖਣ, ਚੈਟ ਕਰਨ ਅਤੇ ਗੇਮਾਂ ਖੇਡਣ ਤੇ ਬਿਤਾਉਂਦੇ ਹਨ। ਸੀਮਤ ਸਮੇਂ ਲਈ ਤਾਂ ਠੀਕ ਹੈ ਪਰ ਵਧੇਰੇ ਸਮਾਂ ਸਮਾਰਟ ਫੋਨ ਦੀ ਵਰਤੋਂ ਉਨ੍ਹਾਂ ਲਈ ਬਹੁਤ ਹਾਨੀਕਾਰਕ ਹੈ। ਇਸਦਾ ਜਿਥੇ ਉਨ੍ਹਾਂ ਦੀ ਪੜ੍ਹਾਈ ਤੇ ਮਾੜਾ ਪ੍ਰਭਾਵ ਪੈਂਦਾ ਹੈ ਉਥੇ ਇਹ ਉਨ੍ਹਾਂ ਦੀਆਂ ਅੱਖਾਂ ਤੇ ਵੀ ਅਸਰ ਪਾਉਂਦਾ ਹੈ। ਹੁਣ ਬੱਚੇ ਬਾਹਰੀ ਖੇਡਾਂ ਬਹੁਤ ਘੱਟ ਖੇਡਦੇ ਹਨ ਅਤੇ ਪਬਜੀ ਵਰਗੀਆਂ ਮੋਬਾਈਲ ਗੇਮਾਂ ਦੇ ਆਦੀ ਬਣਦੇ ਜਾ ਰਹੇ ਹਨ। ਮੋਬਾਇਲ ਫੋਨ ਦੀ ਰੇਡੀਏਸ਼ਨ ਵੀ ਉਨ੍ਹਾਂ ਦੀ ਸਿਹਤ ਤੇ ਬੁਰਾ ਅਸਰ ਪਾਉਂਦੀ ਹੈ। ਉਹ ਸਾਰਾ ਦਿਨ ਮੋਬਾਈਲ ਫੋਨ ਵਿੱਚ ਇਨ੍ਹਾਂ ਵਿਅਸਤ ਰਹਿੰਦੇ ਹਨ ਕਿ ਕਿਸੇ ਨਾਲ ਗੱਲਬਾਤ ਤੱਕ ਨਹੀਂ ਕਰਦੇ ਜਿਸ ਨਾਲ ਉਨ੍ਹਾਂ ਦਾ ਬੌਧਿਕ ਵਿਕਾਸ ਰੁਕ ਰਿਹਾ ਹੈ। ਉਹ ਆਪਣੇ ਆਸ ਪਾਸ ਤੋਂ ਅਣਜਾਣ ਬਣਦੇ ਜਾ ਰਹੇ ਹਨ। ਅੱਜਕਲ੍ਹ ਆਮ ਵੇਖਣ ਵਿਚ ਆਉਂਦਾ ਹੈ ਕਿ ਅਣਜਾਣਤਾ ਵਿੱਚ ਨੌਜਵਾਨ ਜਾਂ ਬੱਚੇ ਮਾਪਿਆਂ ਦੀ ਕਮਾਈ ਲੁਟਾ ਲੈਂਦੇ ਹਨ ਜਾਂ ਕਈ ਵਾਰ ਕੋਈ ਸਾਈਬਰ ਕਰਾਈਮ ਕਰ ਬੈਠਦੇ ਹਨ। ਨਤੀਜੇ ਤੋਂ ਅਣਜਾਣ ਕਿਸੇ ਨੂੰ ਗਲਤ ਸੰਦੇਸ਼ ਭੇਜਣ ਜਾਂ ਅਸ਼ਲੀਲ ਸਮੱਗਰੀ ਵੇਖਣ ਦੇ ਮਾਮਲੇ ਵੀ ਸਾਹਮਣੇ ਆ ਰਹੇ ਹਨ। ਵਰਚੁਅਲ ਦੁਨੀਆਂ ਵਿੱਚ ਗੁਆਚੇ ਬਹੁਤਿਆਂ ਨੇ ਖੁਦਕੁਸ਼ੀ ਤੱਕ ਵੀ ਕੀਤੀ ਹੈ। ਗੂਗਲ ਪਲੇਅ ਸਟੋਰ ਅਤੇ ਐਪ ਸਟੋਰ ਤੇ ਹਜ਼ਾਰਾਂ ਮੁਫ਼ਤ ਐਪਸ ਮੌਜੂਦ ਹਨ ਜਿਨ੍ਹਾਂ ਵਿੱਚੋਂ ਬੱਚੇ ਤਰ੍ਹਾਂ ਤਰ੍ਹਾਂ ਦੀਆਂ ਐਪਸ ਆਪਣੇ ਫੋਨ ਵਿੱਚ ਇੰਸਟਾਲ ਕਰਕੇ ਵਰਤੋਂ ਕਰਦੇ ਹਨ। ਪਰ ਇਨ੍ਹਾਂ ਮੁਫ਼ਤ ਐਪਸ ਬਣਾਉਣ ਵਾਲੇ ਐਪ ਡਿਵੈਲਪਰ ਵੀ ਲੁਕਵੇਂ ਢੰਗ ਨਾਲ ਪੈਸੇ ਕਮਾਉਂਦੇ ਹਨ। ਉਹ ਅਲਾਓ ਕੀਤੀਆਂ ਫੋਨ ਵਿਚਲੀਆਂ ਸੂਚਨਾਵਾਂ ਦੀ ਵਰਤੋਂ ਪੈਸਾ ਕਮਾਉਣ ਅਤੇ ਹੋਰ ਗਲਤ ਕੰਮਾਂ ਲਈ ਵੀ ਕਰ ਸਕਦੇ ਹਨ। ਉਦਹਾਰਣ ਦੇ ਤੌਰ ਤੇ ਵੱਖ-ਵੱਖ ਵੀਡੀਓਜ਼ ਵਿੱਚ ਮਸ਼ਹੂਰ ਸਿਤਾਰਿਆਂ ਦੇ ਫੇਸ ਦੀ ਥਾਂ ਆਪਣਾ ਫੇਸ ਲਗਾਉਣ ਵਾਲੀ ਐਪ ਪੂਰੇ ਕੈਮਰਾ ਰੋਲ ਦੀਆਂ ਫੋਟੋਆਂ ਨੂੰ ਐਕਸੈੱਸ ਕਰ ਕੇ ਸਾਡੇ ਫੇਸ ਦੇ ਵੱਖ-ਵੱਖ ਕੋਣਾਂ ਨੂੰ ਪਹਿਚਾਣਦੀ ਹੈ। ਉਹ ਇਸ ਜਾਣਕਾਰੀ ਨੂੰ ਬਾਇਓਮੈਟ੍ਰਿਕ ਪਹਿਚਾਣ ਦੀ ਤਰ੍ਹਾਂ ਗਲਤ ਮਕਸਦ ਲਈ ਵੀ ਵਰਤ ਸਕਦੀ ਹੈ। ਸੋ ਮੋਬਾਇਲ ਫੋਨ ਦੇ ਫਾਇਦਿਆਂ ਦੇ ਨਾਲ ਨਾਲ ਸਾਨੂੰ ਇਸ ਤੋਂ ਹੋ ਸਕਣ ਵਾਲੇ ਨੁਕਸਾਨਾਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਮੋਬਾਈਲ ਫੋਨ ਬੱਚਿਆਂ ਦੇ ਖਿਡਾਉਣੇ ਨਹੀਂ ਹਨ। ਇਹ ਸੁਵਿਧਾ ਦੇ ਨਾਲ ਨਾਲ ਵੱਡੀ ਦੁਵਿਧਾ ਵੀ ਬਣ ਸਕਦੇ ਹਨ। ਇਸਦੀ ਸੀਮਤ ਵਰਤੋਂ ਅਤੇ ਮਾੜੇ ਪ੍ਰਭਾਵਾਂ ਬਾਰੇ ਬੱਚਿਆਂ ਅਤੇ ਨੌਜਵਾਨਾਂ ਨੂੰ ਜਾਣੂ ਕਰਾਇਆ ਜਾਣਾ ਬਹੁਤ ਜ਼ਰੂਰੀ ਹੈ।



ਚਾਨਣ ਦੀਪ ਸਿੰਘ ਔਲਖ
91-98768-88177

# ਗੀਤ "ਇਨਸਾਫ਼" ਨਾਲ ਗਾਇਕੀ 'ਚ ਵੀ ਝੰਡੇ ਗੱਡ ਗਿਆ-ਦਿਲਸਾਦ ਜਮਾਲਪੁਰੀ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਕਲਾ ਕੁਦਰਤ ਦੀ ਬਖਸ਼ਿਸ਼ ਹੁੰਦੀ ਹੈ, ਜਦੋਂ ਮਿਹਰਬਾਨ ਹੁੰਦੀ ਹੈ ਤਾਂ ਇਨਸਾਨ ਨੂੰ ਕਲਾਵਾਂ ਨਾਲ ਭਰਪੂਰ ਕਰ ਦਿੰਦੀ ਹੈ।ਅਜਿਹੀ ਹੀ ਕੁਦਰਤੀ ਬਖਸ਼ਿਸ਼ ਸੂਫ਼ੀ ਗਾਇਕ, ਗੀਤਕਾਰ ਅਤੇ ਕੰਪੋਜ਼ਰ ਦਿਲਸ਼ਾਦ ਜਮਾਲਪੁਰੀ ਉੱਪਰ ਦਾਤਾਰ ਨੇ ਕੀਤੀ ਹੈ। ਗੀਤਕਾਰ ਵਜੋਂ ਇਸ ਖੇਤਰ ਚ ਸਾਬਤ ਕਦਮੀਂ ਦ੍ਰਿੜ ਇਰਾਦੇ ਘੁਸਪੈਠ ਕਰਨ ਵਾਲੇ " ਜੱਟ ਮਾਰਿਆ ਮਰਦਾਂ ਨਾ, ਕੈਸੀ ਮਾਰ ਚੰਦਰੀਏ ਮਾਰੀ" ਸਮੇਂ ਦੇ ਸੁਪਰ ਹਿੱਟ ਗੀਤ ਦੇ ਗੀਤਕਾਰ ਦਿਲਸ਼ਾਦ ਜਮਾਲਪਰੀ ਨੇ ਪਿੰਡ ਜਮਾਲਪੁਰ, ਤਹਿਸੀਲ ਮਲੇਰਕੋਟਲਾ ਜ਼ਿਲ੍ਹਾ ਸੰਗਰੂਰ ਵਿਖੇ ਪਿਤਾ ਮੁਹੰਮਦ ਯੂਸਫ ਦੇ ਵਿਹੜੇ ਅਤੇ ਮਾਤਾ ਹਾਂਜਰਾ ਬੇਗਮ ਦੀ ਬੁੱਕਲ ਦਾ ਸ਼ਿੰਗਾਰ ਬਣਿਆ। ਆਪਣੀ ਜ਼ਿੰਦਗੀ ਦੀਆਂ 45 ਕੁਝ ਪੱਤਝੜਾਂ ਅਤੇ ਹੁਸੀਨ ਬਹਾਰਾਂ ਦਾ ਆਨੰਦ ਮਾਣ ਚੁੱਕੇ ਦਿਲਸ਼ਾਦ ਨੂੰ ਬਚਪਨ ਚ ਹੀ ਸ਼ੌਕ ਪੈਦਾ ਹੋ ਗਿਆ ਸੀ ਕਿ ਉਸਦਾ ਨਾਮ ਸਪੀਕਰਾਂ ਤੇ ਵੱਜਦੇ ਗੀਤਾਂ ਚ ਗੂੰਜੇ।

ਉਸਦਾ ਸੁਪਨਾ ਉਦੋਂ ਸਾਕਾਰ ਹੋ ਗਿਆ ਜਦੋਂ ਮਿੰਟੂ ਧੂਰੀ ਦੀ ਆਵਾਜ਼ ਉਸਦਾ ਪਹਿਲਾ "ਆਖਰੀ ਤਮੰਨਾ ਯਾਰਾ ਦਿਲ ਦੀ" ਗੀਤ ਰਿਕਾਰਡ ਹੋਇਆ ਅਤੇ ਦਿਲਸ਼ਾਦ ਜਮਾਲਪੁਰੀ ਦਾ ਗੀਤਕਾਰਾਂ ਚ ਨਾਮ ਸ਼ੁਮਾਰ ਕਰ ਗਿਆ। ਫਿਰ ਦਵਿੰਦਰ ਕੋਹਿਨੂਰ ਦੀ ਆਵਾਜ਼ ਚ " ਜੁਦਾ ਹੋ ਗਏ ਦੇਖਤੇ ਦੇਖਤੇ" ਟੀ ਸੀਰੀਜ਼ ਤੋਂ ਰਿਲੀਜ਼ ਹੋਇਆ ਅਤੇ ਉਸਦੀ ਗੀਤਕਾਰਾਂ ਚ ਚੰਗੀ ਪੈਂਠ ਬਣ ਗਈ। ਗੁਰਪਾਲ ਮੁਟਿਆਰ ਅਤੇ ਸੁਦੇਸ਼ ਕੁਮਾਰੀ ਦੀ ਆਵਾਜ਼ ਚ ਰਿਕਾਰਡ ਗੀਤ "ਜੱਟ ਮਾਰਿਆ ਮਰਦਾ ਨਾ ..." ਉਦਾਸ ਗੀਤ ਨੇ ਦਿਲਸ਼ਾਦ ਨੂੰ ਸੁਪਰ ਹਿੱਟ ਬਣਾ ਦਿੱਤਾ। ਦਿਲਸ਼ਾਦ ਜਮਾਲਪੁਰੀ ਦੇ ਪੰਜਾਬੀ ਫਿਲਮ 'ਮਜਾਜਣ' ਲਈ ਲਿਖੇ ਗੀਤ "ਕੱਲ ਮੈਂ ਜ਼ਰੂਰ ਸੱਜਣਾ" ਨੂੰ ਸੁਰਜੀਤ ਭੁੱਲਰ ਅਤੇ ਸੁਦੇਸ਼ ਕੁਮਾਰੀ ਨੇ ਆਵਾਜ਼ ਦਿੱਤੀ ਹੈ।ਇਸ ਤੋਂ ਇਲਾਵਾ ਦਲਜੀਤ ਬਿੱਟੂ ਅਤੇ ਹੋਰ ਗਾਇਕਾਂ ਨੇ ਦਿਲਸ਼ਾਦ ਦੇ ਗੀਤ ਗਾ ਕੇ ਮਾਣ ਮਹਿਸੂਸ ਕੀਤਾ ਹੈ। ਗੀਤਕਾਰੀ ਦੇ ਸੰਜੀਦਾ, ਸੁਹਿਰਦ, ਸੂਝਵਾਨ ਅਤੇ ਲੱਚਰਤਾ ਤੋਂ ਨਿਰਲੇਪ ਗੀਤਕਾਰ ਨੇ ਜਿੱਥੇ ਪੰਜਾਬੀ ਗੀਤਾਂ ਨੂੰ ਕੰਪੋਜ਼ ਕੀਤਾ ਹੈ, ਉੱਥੇ ਸੂਫ਼ੀਆਨਾ ਗਾਇਕੀ ਚ ਵੀ ਚੰਗਾ ਨਾਮਣਾ ਖੱਟਿਆ ਹੈ। ਗੀਤਕਾਰੀ ਦੀ ਚੰਗੀ ਸੋਝੀ ਰੱਖਣ ਵਾਲੇ ਦਿਲਸ਼ਾਦ ਨੂੰ ਸਮਾਜਿਕ ਰਿਸ਼ਤਿਆਂ, ਪਰਿਵਾਰਕ ਸਾਂਝਾਂ,



ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਪਹਿਚਾਣ ਹੈ,ਤਾਹੀਂ ਤਾਂ ਯਾਰਾਂ ਦਾ ਯਾਰ ਹੈ। ਉਸਦੇ ਗਲੇ ਚ ਸੁਰ ਹੈ ,ਲੈਅ ਹੈ, ਮਧੁਰਤਾ ਹੈ।

ਦੁਨੀਆਂ ਚ ਫੈਲੀ ਕੋਰੋਨਾ ਮਹਾਂਮਾਰੀ ਤੇ ਉਸਨੇ ਆਪਣੇ ਲਿਖੇ "ਇਨਸਾਫ਼" ਗੀਤ ਨੂੰ ਆਪਣੀ ਸੁਰੀਲੀ ਆਵਾਜ਼ ਚ ਗਾਕੇ ਗਾਇਕੀ ਦੇ ਖੇਤਰ ਚ ਪੱਕੇ ਪੈਰੀਂ ਕਦਮ ਰੱਖਿਆ ਹੈ।ਇਸ ਗੀਤ ਨੂੰ ਸੰਗੀਤ ਦੀਆਂ ਮਨਮੋਹਕ ਧੁਨਾਂ ਚ ਐਸ ਕੇ ਰਾਜ਼ੀ ਖੰਨਾ ਨੇ ਪ੍ਰੋਰਿਆ ਹੈ।ਇਸ ਗੀਤ ਦੀ ਵੀਡੀਓ ਰਾਹਵਾਂ ਰੌਣੀ ਨੇ ਦਿਲਖਿੱਚਵੀਂਆਂ ਲੋਕੇਸ਼ਨਾਂ ਨਾਲ ਬਣਾਈ ਹੈ।ਇਸ ਗੀਤ ਨੂੰ ਰਿਲੀਜ ਕਰਨ ਚ ਫਤਿਹ ਰਿਕਾਰਡਜ਼ ਨੇ ਮਾਣ ਮਹਿਸੂਸ ਕੀਤਾ ਹੈ।ਇਸ ਗੀਤ ਨੂੰ ਰਿਲੀਜ ਕਰਨ ਤੱਕ ਯਾਰਾਂ ਦੋਸਤਾਂ ਦੇ ਸਹਿਯੋਗ ਨੂੰ ਦਿਲਸ਼ਾਦ ਜਮਾਲਪੁਰੀ ਨਜ਼ਰ ਅੰਦਾਜ਼ ਨਹੀਂ ਕਰਦਾ।ਗੀਤ ਨੂੰ ਸਰੋਤਿਆਂ ਦਾ ਭਰਪੂਰ ਸਹਿਯੋਗ ਅਤੇ ਪਿਆਰ ਮਿਲ ਰਿਹਾ ਹੈ।

# ਉਹ ਕਵੀ ਜਿਸਨੂੰ ਕਵਿਤਾ ਉਡੀਕਦੀ ਹੈ : ਪ੍ਰੋ. ਸਤਗੁਰ ਸਿੰਘ



ਪ੍ਰੀਤਮ ਲੁਧਿਆਣਵੀ
9876428641

ਜਿਲਾ ਸੰਗਰੂਰ 'ਚ ਪੈਂਦੇ ਪਿੰਡ ਨੰਗਲਾ ਦੇ ਜੰਮਪਲ ਸਤਗੁਰ ਸਿੰਘ ਦਾ ਜਨਮ 12 ਜੂਨ 1989 ਨੂੰ ਸ੍ਰ. ਮਹਿੰਦਰ ਸਿੰਘ ਦੇ ਘਰ ਭੁੱਲਰ ਪਰਿਵਾਰ ਵਿੱਚ ਹੋਇਆ। ਐਮ.ਏ. ਪੰਜਾਬੀ (ਯੂ.ਜੀ.ਸੀ. ਨੈਟ) ਪਾਸ ਕਰਕੇ ਅੱਜ ਕੱਲ ਵਿੱਦਿਆ ਰਤਨ ਕਾਲਜ ਫੌਰ ਵੂਮੈਨ 'ਖੋਖਰ' ਵਿਖੇ ਅਧਿਆਪਨ ਦਾ ਕਾਰਜ ਕਰ ਰਹੇ ਹਨ। ਇਸਦੇ ਨਾਲ ਹੀ ਪਬਲਿਸ਼ਰ, ਟਾਈਪਿਸਟ, ਬੁੱਕ ਟਾਈਟਲ ਮੇਕਿੰਗ, ਨਾਟ-ਨਿਰਦੇਸ਼ਕ ਆਦਿ ਗੁਣ ਵੀ ਏਸ ਦੇਹ 'ਚ ਵਿਰਾਜਮਾਨ ਹਨ। ਉਹ ਵੱਖ-ਵੱਖ ਵੰਨਗੀਆਂ ਵਿੱਚ ਹੁਣ ਤੱਕ "ਹਿੰਦ ਜਦੋਂ ਵੀ ਹਾਰਿਆ'' (ਲਾਇਬਰੇਰੀ ਡਾਕੂਮੈਂਟ), ''ਪੰਜਾਬ ਸਿਰਲੇਖ'' (ਪ੍ਰਾਚੀਨ ਸ਼ਬਦਿਕ ਖੋਜ ਪੁਸਤਕ), ''ਬੇਟੀ ਵਾਰਿਸ਼ ਸ਼ਾਹ ਦੀ'' (ਅਣਪ੍ਰਕਾਸ਼ਿਤ ਪਰ ਮੰਚਨ ਨਾਟਕ), ''ਪਰਬਤ ਪੋਥੀ (ਆ ਰਹੀ ਨਵੀਂ ਸਮੀਖਿਆ ਵਿਧੀ ਦੀ ਪੁਸਤਕ) ਪੁਸਤਕਾਂ ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਨੂੰ ਸਮਰਪਤਿ ਕਰ ਚੁੱਕੇ ਹਨ। ਉਹਨਾਂ ਦੇ ਮੁੱਖ ਸ਼ੌਂਕ-ਪੁਸਤਕਾਂ ਪੜਨਾ, ਸਮੀਖਿਆ ਕਰਨਾ, ਮੁੱਖ ਬੰਦ ਲਿਖਣੇ, ਪੁਸਤਕਾਂ ਦੀ ਪਰੂਫ- ਰੀਡਿੰਗ ਕਰਨੀ, ਸੰਗੀਤ ਸੁਣਨਾ ਆਦਿ ਹਨ। ਆਪਣੇ ਕਾਲਜ ਵਿਖੇ 'ਨਵੀਂ ਸਮੀਖਿਆ ਵਿਧੀ ਉੱਤੇ ਵਿਦਿਆਰਥੀਆਂ ਵੱਲੋਂ ਕੰਮ ਕਰਵਾ ਕੇ ਇਕ ਸਮੀਖਿਆ ਮੈਗਜੀਨ ਪ੍ਰਕਾਸ਼ਿਤ ਕਰਨ ਦਾ ਸੁਭਾਗ ਵੀ ਪ੍ਰਾਪਤ ਕਰ ਰਹੇ ਹਨ।






ਸਰਕਾਰੀ ਊਧਮ ਸਿੰਘ ਕਾਲਜ, ਸੁਨਾਮ ਵਿਖੇ ਪੜਦਿਆਂ ਉਹਨਾਂ ਨੂੰ ਡਾ. ਸੁਖਵਿੰਦਰ ਸਿੰਘ ਪਰਮਾਰ ਦੀ ਅਧਿਆਪਨ-ਸ਼ੈਲੀ ਨੇ ਬਹੁਤ ਪ੍ਰਭਾਵਿਤ ਕੀਤਾ। ਰਣਬੀਰ ਕਾਲਜ ਸੰਗਰੂਰ ਵਿਖੇ ਐਮ. ਏ. ਦੇ ਪਹਿਲੇ ਸਾਲ ਦੌਰਾਨ ਅੰਗਰੇਜ਼ੀ ਅਤੇ ਪੰਜਾਬੀ ਇਤਿਹਾਸਕਾਰਾਂ ਦਾ ਤੁਲਨਾਤਮਕ ਅਧਿਐਨ ਕਰਕੇ ਅੰਗਰੇਜ਼ ਸਿੱਖ ਯੁੱਧਾਂ 'ਤੇ ਇੱਕ 'ਕਾਵਿ ਥੀਸਸ' ਲਿਖਿਆ। ਪ੍ਰਸਿੱਧ ਪੰਜਾਬੀ ਆਲੋਚਕ ਡਾ. ਤੇਜਵੰਤ ਸਿੰਘ ਮਾਨ ਨੇ ਇਸ 'ਤੇ ਇੱਕ ਆਰਟੀਕਲ ਵੀ ਲਿਖਿਆ। ਇਸ ਥੀਸਸ ਨੂੰ ਚੇਤਨਾ ਪ੍ਰਕਾਸ਼ਨ ਵੱਲੋਂ ਛਾਪਿਆ ਗਿਆ। ਗੁਰਬਾਣੀ ਉਸਦਾ ਮਨਭਾਉਂਦਾ ਵਿਸ਼ਾ ਹੈ। ਬੇਸ਼ੱਕ ਉਹ ਸਾਹਿਤ ਦੇ ਹੋਰਨਾਂ ਧਰਾਵਾਂ ਤੇ ਵੀ ਕੰਮ ਕਰ ਰਿਹਾ ਹੈ। ਸਾਹਿਤ ਵਿਚ ਆਲੋਚਨਾ ਦਾ ਨਿਘਾਰ ਵੇਖ ਕੇ ਉਸਨੇ ਆਲੋਚਨਾ ਤੇ ਕੰਮ ਕਰਨ ਦਾ ਮਨ ਬਣਾਇਆ ਹੈ। ਕੁਲਵੰਤ ਸਿੰਘ ਵਿਰਕ ਦੀ ਸਾਧਾਰਨਤਾ 'ਚੋਂ ਸਾਧਾਰਨਤਾ ਪਕੜਨ ਦੀ ਬਿਰਤੀ ਅਤੇ ਉਹਦਾ ਮਨੁੱਖਵਾਦ, ਉਸਨੂੰ ਦੋਨੋ ਚੰਗੇ ਲੱਗੇ ਤੇ ਦੋਨੋਂ ਹੀ ਉਸਨੇ ਅਪਣਾਉਣ ਦੀ ਕੋਸ਼ਿਸ਼ ਕੀਤੀ। ਪ੍ਰਿੰ. ਤੇਜਾ ਸਿੰਘ ਤੋਂ ਬਾਅਦ ਉਸਦਾ ਮਨਭਾਉਂਦਾ ਆਲੋਚਕ ਸੰਤ ਸਿੰਘ ਸੇਖੋਂ ਹੈ, ਜਿਸ ਨੇ ਬਾਬਾ ਫ਼ਰੀਦ, ਸੂਫ਼ੀਆਂ ਅਤੇ ਆਧੁਨਿਕ ਕਵੀਆਂ ਬਾਰੇ ਨਿਵੇਕਲੀ ਸਮੀਖਿਆ ਕਰਕੇ ਬਹੁਤ ਕੁਝ ਖੋਜਣ ਦੇ ਰਾਹ ਦਿਖਾਏ ਹਨ।

'ਪੰਜਾਬ ਸਿਰਲੇਖ' ਕਿਤਾਬ ਦੇ ਸ਼ਬਦਾਂ ਦੀ ਖੋਜ ਦਾ ਕੰਮ ਅਕਾਲ ਅਕੈਡਮੀ, ਚੀਮਾਂ ਸਾਹਿਬ ਵਿਖੇ ਪੜਾਉਂਦਿਆਂ ਸੰਤ ਤੇਜਾ ਸਿੰਘ ਦੀ ਬਣਾਈ ਲਾਇਬ੍ਰੇਰੀ ਵਿੱਚੋਂ ਪ੍ਰਾਪਤ ਕੀਤਾ ਸੀ। ਨਵੀਂ ਪ੍ਰਕਾਸ਼ਿਤ ਹੋ ਰਹੀ ਪੁਸਤਕ 'ਪੋਥੀ ਪਰਬਤ' ਦਾ ਕਾਰਜ ਵਾਦ ਮੁਕਤ ਸਮੀਖਿਆ ਨਾਲ ਜੁੜਿਆ ਹੈ।

ਸਤਗੁਰ ਸਿੰਘ ਅਨੁਸਾਰ ਕਵਿਤਾ ਸਿਰਫ਼ ਸ਼ਬਦ ਦੀ ਜੜਤ ਹੀ ਨਹੀਂ, ਸਗੋਂ ਇਹ ਤਾਂ ਇੱਕ ਰਵਾਨਗੀ ਹੈ। ਟੂਣਾ ਹੈ ਜੋ ਸਾਨੂੰ ਮੋਹ ਲੈਂਦੀ ਹੈ। ਇਹ ਕਵੀ ਦੀ ਅਜਿਹੀ ਲਿਖਣ ਅਵਸਥਾ ਨਾਲ ਸਬੰਧਤ ਹੈ ਜੋ ਕਿ ਉਸ ਨੂੰ ਲਿਖ ਕੇ ਵੀ ਬਿਆਨ ਨਹੀਂ ਕਰ ਸਕਦਾ। ਅੱਜ ਕੱਲ ਉਹ ਕੁਲਦੀਪ ਨਿਆਜ਼ ਅਤੇ ਹੋਰ ਸਾਥੀਆਂ ਨਾਲ ਮਿਲ ਕੇ ਪੰਜਾਬੀ ਸਾਹਿਤ ਅੰਦਰ ਨਵੀਆਂ ਖੋਜਾਂ ਅਤੇ ਨਵੇਂ ਰਾਹ ਅਖਤਿਆਰ ਕਰ ਰਹੇ ਹਨ। ਕਲਮ ਦ ਰੰਗ ਦੇਖੋ-

''ਸੁੱਖਾਂ ਵਿੱਚ ਚਾਵਾਂ ਵਿੱਚ,
ਜਲਸੇ, ਸਭਾਵਾਂ ਵਿੱਚ,
ਨਿੱਤ ਨਵੇਂ ਰਾਹਵਾਂ ਵਿੱਚ
ਹੋਰਾਂ ਨਾਲ ਜਾਏਂਗਾ।
ਯਾਦ ਰੱਖੀਂ ਸ਼ਾਇਰਾ
ਬੋਲ 'ਕਿਹਾ' ਇੱਕ ਮੇਰਾ
ਜਦੋਂ ਦਰਦ ਸੁਣਾਏਂਗਾ
'ਮਾਂ ਬੋਲੀ' 'ਚ ਸੁਣਾਏਂਗਾ।''

ਸ਼ਾਲਾ ਵਾਹਿਗੁਰੂ ਜੀ ਉਹਨਾਂ ਨੂੰ ਇਸੇ ਤਰਾਂ ਪੰਜਾਬੀ ਭਾਸ਼ਾ ਦਾ ਵਡੱਤਣ ਗਾਉਣ ਦੀ ਤੌਫੀਕ ਅਤੇ ਹੌਸਲਾ ਬਖਸ਼ਦੇ ਰਹਿਣ।

## ਜਿਪਸੀ

ਜਦੋਂ ਹਾਰਨ ਵਜਾ ਕੇ ਦਰਾਂ ਵਿਚੋਂ ਲੰਘਣਾ
ਕਦੇ ਲੰਘਦੇ ਨੇ ਝੂਠੀ-ਮੂਠੀ ਖੰਘ ਖੰਘਣਾ
ਗੱਲ ਪਰਦੇ ਦੀ ਚੰਗੀ ਹੁੰਦੀ ਹਾਣੀਆ
ਵੇ ਤੈਨੂੰ ਤਾਂ ਮੈਂ ਰਹੀ ਟੋਲਦੀ
ਤੇਰੀ ਜਿਪਸੀ ਪੁਆੜੇ ਪਾਤੇ ਸੋਹਣਿਆ
ਵੇ ਤਾਹੀਉਂ ਤਾਂ ਮੈਂ ਰਹੀ ਰੋਕਦੀ।

ਗੱਲ ਕੰਧਾਂ ਤੇ ਬਨੇਰੇ ਹੁਣ ਟੱਪ ਗਈ ਵੇ
ਐਡੀ ਗਲਤੀ ਕਿਉਂ ਕੀਤੀ ਤੇਰੀ ਮੱਤ ਗਈ ਵੇ
ਪੱਲੇ ਪਈ ਬਦਨਾਮੀ ਚੰਨ ਮੱਖਣਾ
ਵੇ ਦਿਨ ਰਾਤ ਰਹਾਂ ਕੋਸਦੀ
ਤੇਰੀ ਜਿਪਸੀ ਪੁਆੜੇ ਪਾਤੇ ਸੋਹਣਿਆ ...

ਸ਼ੱਕ ਪੈ ਗਈ ਸੀ ਸ਼ਰੀਕਾਂ ਉਹ ਤਾਂ ਲੱਭਦੇ ਬਹਾਨੇ
ਦਾਤੀ ਫੇਰ ਗਏ ਤਾਂ ਜੜ੍ਹੀਂ ਤਾਹੀਂ ਟੁੱਟ ਗਏ ਯਾਰਾਨੇ
ਤੈਨੂੰ ਆਨੇ ਬਹਾਨੇ ਮੇਰੇ ਰਾਂਝਣਾ
ਵੇ ਗੁੱਸੇ ਵਿਚ ਰਹੀ ਬੋਲਦੀ
ਤੇਰੀ ਜਿਪਸੀ ਪੁਆੜੇ ਪਾਤੇ ਸੋਹਣਿਆ ਵੇ ...

ਕਦੇ ਰੇਸਾਂ ਦੇ ਕੇ ਲੰਘੇ ਕਿਵੇਂ ਉਚੀ ਟੇਪ ਲਾਉਂਦਾ
ਇਹੋ ਕਜੀਆ ਕਲੇਸ਼ ਪਿੱਛੋਂ ਕਤਲ ਕਰਾਉਂਦਾ
ਰਾਈ ਦਾ ਪਹਾੜ ਬੱਸ ਬਣ ਗਿਆ ਮਾਂ ਮੇਰੀ ਰਹੀ ਘੋਖਦੀ
ਤੇਰੀ ਜਿਪਸੀ ਪੁਆੜੇ ਪਾਤੇ ਸੋਹਣਿਆ ਵੇ ...

ਪੂਰੀ ਹਿੰਡ ਤਾਂ ਪੁਗਾਈ ਮੇਰਾ ਨਾਂ ਕਿਉਂ ਲਿਖਾਇਆ
ਐਵੇਂ 'ਘੋਲੀਏ' ਦੇ ਮੁੰਡਿਆਂ 'ਚ ਵੈਰ ਤੂੰ ਵਧਾਇਆ
ਹੋਈ ਗਲਤੀ ਦਾ ਹੱਲ 'ਦੇਵ' ਲੱਭ ਵੇ ਮੈਂ ਸਾਰਾ ਦਿਨ ਰਹਾਂ ਸੋਚਦੀ
ਤੇਰੀ ਜਿਪਸੀ ਪੁਆੜੇ ਪਾਤੇ ਸੋਹਣਿਆ
ਵੇ ਤੈਨੂੰ ਤਾਂ ਮੈਂ ਰਹੀ ਰੋਕਦੀ।



- ਦੇਵ ਘੋਲੀਆ ਖੁਰਦ
559-232-7764



# ਭਾਰਤ ਤੇਜੀ ਨਾਲ ਲੋਕਤੰਤਰ ਤੋਂ ਤਾਨਾਸ਼ਾਹੀ ਰਾਜ ਵੱਲ!



ਜੰਗ ਸਿੰਘ
91-94170-95965

ਅਜਾਦ ਭਾਰਤ ਦਾ ਕੋਈ ਵੀ ਦੇਸ਼ ਵਾਸੀ ਕਿਆਸ ਆਰਾਈਂ ਨਹੀਂ ਸੀ ਕਰ ਸਕਦਾ ਕਿ ਜਿਸ ਦੇ ਲੋਕ ਤੰਤਰੀ ਤੇ ਧਰਮ ਨਿਰਪੱਖ ਸੰਵਿਧਾਨ ਨੂੰ 70-72 ਵਰ੍ਹੇ ਪਹਿਲਾ ਡਾ ਭੀਮ ਰਾਓ ਅੰਬੇਦਕਰ ਨੇ ਬਣਾ ਕੇ ਲਾਗੂ ਕੀਤਾ ਸੀ। ਉਸੇ ਧਰਮ ਨਿਰਪੱਖ ਤੇ ਲੋਕਤੰਤਰਿਕ ਦੇਸ਼ ਨੂੰ ਪਿਛਲੇ ਛੇ ਸੱਤ ਸਾਲਾਂ ਤੋਂ ਰਾਜ ਕਰ ਰਹੀ ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਗੁੱਪਤ ਤਰੀਕੇ ਨਾਲ ਤਾਨਾਸ਼ਾਹ ਰਾਜ ਬਣਾਉਣ ਦੇ ਰਾਹ ਪੈ ਜਾਵੇਗੀ। ਦੇਸ਼ ਦੇ ਲੋਕ ਜਦੋਂ ਕਾਂਗਰਸ ਪਾਰਟੀ ਦੀਆਂ ਨੀਤੀਆਂ ਤੋਂ ਅੰਤਾਂ ਦੇ ਪਰੇਸ਼ਾਨ ਹੋ ਗਏ ਸਨ। ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜਗਾਰੀ ਆਦਿ ਸੱਮਸਿਆਵਾਂ ਨੇ ਉਨਾਂ ਦੇ ਨੱਕ ਵਿੱਚ ਦੱਮ ਕਰ ਦਿਤਾ ਸੀ ਤਾਂ 2014 ਦੀਆਂ ਲੋਕ ਸਭਾ ਚੋਣਾਂ ਸਮੇਂ ਭਾਰਤੀ ਜੰਨਤਾ ਪਾਰਟੀ ਦੇ ਆਗੂ ਸ੍ਰੀ ਨਰਿੰਦਰ ਮੋਦੀ ਨੇ ਵੱਡੇ ਵੱਡੇ ਇੱਕਠਾਂ ਵਿੱਚ ਲੋਕਾਂ ਨਾਲ ਦੇਸ਼ ਦੇ ਸੁਧਾਰ ਕਰਨ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਕਰਕੇ ਜਿਹੜੇ ਜਿਹੜੇ ਸਬਜ ਬਾਗ ਦਿਖਾਏ, ਉਹ ਉਨਾਂ ਦੇ ਵਹਿਣ ਵਿੱਚ ਵਹਿ ਗਏ। ਦੇਸ਼ਵਾਸੀ ਇਹ ਨਹੀਂ ਸਨ ਸਮਝ ਸਕੇ ਕਿ ਇਸ ਆਗੂ ਵਲੋਂ ਵਹਾਏ ਜਾ ਰਹੇ ਮਗਰਮੱਛ ਦੇ ਹੰਝੂ ਕਿ 'ਹਮੇ ਦੇਸ਼ ਕਾ ਪ੍ਰਧਾਨ ਮੰਤਰੀ ਨਹੀਂ ਸਿਰਫ ਚੌਕੀਦਾਰ ਬਣਾਈਏ'। ਇਹ ਚੌਕੀਦਾਰ ਦੇਸ਼ ਨੂੰ ਮਹਿੰਗਾਈ, ਬੇਰੁਜਗਾਰੀ ਭ੍ਰਿਸ਼ਟਾਚਾਰ ਖਤਮ ਕਰਕੇ, ਵਿਦੇਸ਼ ਵਿਚ ਪਏ ਦੇਸ਼ ਦੇ ਕਾਲੇ ਧੰਨ ਨੂੰ ਦੇਸ਼ ਵਿੱਚ ਲਿਆਂਦਾ ਜਾਵੇਗਾ ਆਦਿ ਸਮਸਿਆਵਾਂ ਤੋਂ ਲੋਕਾਂ ਨੂੰ ਨਿਜਾਤ ਦੁਆਏਗਾ। ਹਰ ਸਾਲ ਨੌਜੁਆਨਾਂ ਨੂੰ ਦੋ ਕਰੋੜ ਨੌਕਰੀਆਂ ਦੇਣੀਆਂ ਸ਼ੁਰੂ ਕਰਕੇ ਦੇਸ਼ ਵਿਚਲੀ ਬੇਰੁਜਗਾਰੀ ਖਤਮ ਕਰ ਦਿਤੀ ਜਾਵੇਗੀ, ਡਾ ਸਵਾਮੀਨਾਥਨ ਰੀਪੋਰਟ ਲਾਗੂ ਕਰਕੇ ਕਿਸਾਨਾਂ ਦੀ ਹਾਲਤ ਬੇਹੱਤਰ ਕੀਤੀ ਜਾਵੇਗੀ। ਉਹ ਇਨਾਂ ਦੀਆ ਮੋਮੋਠੱਗਣੀਆਂ ਗੱਲਾਂ ਵਿੱਚ ਆ ਗਏ। ਉਨਾਂ ਨੇ 2014 ਵਿਚ ਕਾਂਗਰਸ ਪਾਰਟੀ ਨੂੰ ਲੱਕ ਤੋੜਵੀਂ ਹਾਰ ਦੇ ਕੇ ਭਾਰਤੀ ਜੰਨਤਾ ਪਾਰਟੀ ਦੀ ਨਵੀਂ ਸਰਕਾਰ ਕੇਂਦਰ ਵਿਚ ਲਿਆਂਦੀ। ਇਸ ਸਰਕਾਰ ਨੇ ਜਿਹੜੇ ਵਾਅਦੇ ਲੋਕਾਂ ਨਾਲ ਚੋਣਾਂ ਵਿੱਚ ਕੀਤੇ ਸਨ। ਉਹਨਾਂ ਨੂੰ ਵਿਸਾਰ ਕੇ ਇਕ ਵੱਖਰੀ ਕਿਸਮ ਦੀ ਰਾਜਨੀਤੀ ਕਰਨੀ ਸ਼ੁਰੂ ਕਰ ਦਿਤੀ। ਉਨਾਂ ਨੇ ਦੇਸ਼ ਵਾਸੀਆਂ ਨੂੰ ਉਹਿੰਦੂ ਮੁਸਲਿਮ ਉਦਾ ਵਿਵਾਦ ਬਣਾ ਕੇ ਆਪਿਸ ਵਿੱਚ ਲੜਾਉਣਾ ਸ਼ੁਰੂ ਕਰ ਦਿਤਾ। ਗਊ ਮਾਸ ਦਾ ਮਸਲਾ ਬਣਾ ਕੇ ਦੇਸ਼ ਦੇ ਬਹੁ ਗਿਣਤੀ ਦੇ ਲੋਕਾਂ ਦੀਆਂ ਭਾਵਨਾਵਾਂ ਭੜਕਾ ਕੇ ਪਿਛਲੇ ਸਮੇਂ ਤੋਂ ਆਪਸ ਵਿੱਚ ਰਲ ਮਿਲ ਕੇ ਰਹਿਣ ਦੀਆਂ ਚੱਲੀਆਂ ਆ ਰਹੀਆਂ ਸਾਂਝਾਂ ਨੂੰ ਮੋਬ ਲਿਚਿੰਗ ਰਾਹੀਂ ਮੁਸਲਮਾਨਾਂ ਨੂੰ ਕੋਹ ਕੋਹ ਮਰਵਾ ਕੇ ਨਫਰਤ ਦੇ ਬੀਜ ਬੀਜੇ ਤਾਂ ਕਿ ਉਹ ਭਵਿੱਖ ਵਿੱਚ ਕਦੇ ਇਕਠੇ ਹੀ ਨਾ ਹੋ ਸਕਣ। ਐਨ. ਆਰ .ਸੀ., ਸੀ. ਸੀ. ਏ , ਐਨ. ਪੀ. ਆਰ .ਵਰਗੇ ਕਾਨੂੰਨ ਲਿਆ ਕੇ ਆਪਸੀ ਸਾਂਝਾਂ ਦੇ ਪਾੜੇ ਨੂੰ ਹੋਰ ਵਧਾਇਆ ।ਇਸ ਸਰਕਾਰ ਕੋਲੋਂ ਨਾ ਮਹਿੰਗਾਈ ਹਟੀ, ਨਾ ਭ੍ਰਿਸ਼ਟਾਚਾਰ ਘਟਿਆ ਤੇ ਨਾ ਹੀ ਨੌਜੁਆਨਾਂ ਨੂੰ ਨੌਕਰੀਆਂ ਦੇ ਕੇ ਬੇਰੁਜਗਾਰੀ ਘਟਾਈ ।ਸਗੋਂ ਨੋਟ ਬੰਦੀ ਕਰਕੇ, ਵਡੇ ਵੱਡੇ ਅਜਾਰੇਦਾਰਾਂ ਦੇ ਹਜਾਰਾਂ ਲੱਖਾ ਕਰੋੜਾਂ ਰੁਪਏ ਦੇ ਕਰਜੇ ਮੁਆਫ ਕਰਕੇ ਦੇਸ਼ ਨੂੰ ਆਰਥਿਕ ਸੰਕਟ ਵਿੱਚ ਧਕੇਲ ਦਿਤਾ। 2019 ਦੀਆਂ ਚੋਣਾਂ ਸਮੇਂ ਪਿੱਛਲੇ ਸਾਰੇ ਮੁੱਦੇ ਨਜਰ ਅੰਦਾਜ ਕਰਕੇ ਸਿਰਫ ਬਹੁ ਗਿਣਤੀ ਧਰਮ ਨਾਲ ਸਬੰਧਤ "ਹਿੰਦੂ ਮੁੱਦੇ" ਕਿ ਅਯੁੱਧਿਆ ਵਿਖੇ 'ਰਾਮ ਮੰਦਰ' ਬਣਾਇਆ ਜਾਵੇਗਾ, ਜੰਮੂ ਕਸ਼ਮੀਰ ਦੀ ਧਾਰਾ 370 ਹਟਾਈ ਜਾਵੇਗੀ ਵਗੈਰਾ ਵਗੈਰਾ ਦਾ ਸ਼ੋਰ ਪਾ ਕੇ ਉਨਾਂ ਦਾ ਧਿਆਨ ਲੋਕ ਮਸਲਿਆਂ ਤੋਂ ਇਸ ਸ਼ਾਤਰ ਚਾਲ ਨਾਲ ਹਟਾਇਆ ਗਿਆ। ਸਰਕਾਰ ਦਾ ਉਸ ਸਮੇਂ ਇਕੋ ਇਕ ਨਿਸਾਨਾ ਸੀ ਕਿ ਉਹ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਕਿਸ ਤਰਾਂ ਆ ਸਕਦੀ ਹੈ? ਰਾਜਨੀਤਕਾਂ ਵਿਚ ਇਸ ਗੱਲ ਦੀ ਆਮ ਚਰਚਾ ਹੁੰਦੀ ਰਹੀ ਹੈ ਕਿ ਉਸ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਜਿਹੜੀਆਂ ਪੰਜ ਵਿਧਾਨ ਸਭਾ ਦੀਆਂ ਚੋਣਾਂ ਕਰਾਈਆਂ ਸਨ ਉਨਾਂ ਵਿੱਚ ਈ ਵੀ ਐਮ ਨਾਲ ਛੇੜ੍ਹ ਛਾੜ੍ਹ ਕੀਤੇ ਬਿਨਾ ਕਰਾਈਆਂ। ਜਿਸ ਦੇ ਨਤੀਜੇ ਸਭ ਦੇ ਸਾਹਮਣੇ ਹਨ ਕਿ ਦੇਸ਼ ਦੇ ਲੋਕਾਂ ਨੇ ਭਾਰਤੀ ਜੰਨਤਾ ਪਾਰਟੀ ਨੂੰ ਉਨਾਂ ਚੋਣਾਂ ਵਿੱਚ ਨਮੋਸ਼ੀਜਨਕ ਹਾਰ ਦਿਤੀ।ਦੇਸ਼ ਦੀਆ ਸਾਰੀਆਂ ਵਿਰੋਧੀ ਪਾਰਟੀਆਂ ਨੇ ਵਿਧਾਨ ਸਭਾ ਚੋਣਾਂ ਜਿੱਤਣ ਦੇ ਬਾਵਜੂਦ ਕੇਂਦਰ ਸਰਕਾਰ, ਕੌਮੀ ਚੋਣ ਕਮਿਸ਼ਨਰ ਕੋਲੋਂ ਮੰਗ ਕੀਤੀ ਕਿ ਲੋਕ ਸਭਾ ਦੀਆਂ ਚੋਣਾਂ ਬੇਲਟ ਪੇਪਰ ਰਾਹੀਂ ਕਰਾਈਆਂ ਜਾਣ। ਪਰ ਉਨਾਂ ਦੀ ਮੰਗ ਨੂੰ ਪਰਵਾਨ ਨਾ ਕੀਤਾ ਤੇ ਲੋਕ ਸਭਾ ਚੋਣਾਂ ਈ ਵੀ ਐਮ ਰਾਹੀਂ ਕਰਾਉਣ ਤੇ ਅੜ੍ਹੀ ਰਹੀ। ਵਿਰੋਧੀ ਪਾਰਟੀਆਂ ਨੇ ਫਿਰ ਇਹ ਮੰਗ ਕੀਤੀ ਕਿ ਵੋਟਾਂ ਦਾ ਮਿਲਾਣ ਵੀ. ਵੀ. ਪੈਟ. ਨਾਲ ਕਰਾ ਲਿਆ ਜਾਵੇ ਜੇ ਕਰ ਉਹ ਸਹੀ ਨਿਕਲਣ ਤਾਂ ਫਿਰ ਸਾਰੀਆਂ ਵੋਟਾਂ ਦੀ ਗਿਣਤੀ ਕਰਾ ਲਈ ਜਾਵੇ। ਪਰ ਸਰਕਾਰ ਨੇ ਇਹ ਮੰਗ ਵੀ ਸਵੀਕਾਰ ਨਹੀਂ ਕੀਤੀ ।ਵਿਰੋਧੀ ਪਾਰਟੀਆਂ ਨੇ ਦੇਸ਼ ਦੇ ਉੱਪ ਰਾਸ਼ਟਰਪਤੀ, ਰਾਸ਼ਟਰਪਤੀ, ਸਪੀਕਰ, ਕੇਂਦਰੀ ਚੋਣ ਕਮਿਸ਼ਨਰ ਨੇ ਇਥੋਂ ਤਕ ਕਿ ਦੇਸ਼ ਦੀ ਸਰਬ ਉੱਚ ਅਦਾਲਤ ਤਕ ਵੀ ਪਹੁੰਚ ਕੀਤੀ। ਪਰ ਸਭ ਵਲੋਂ ਨਾਂਹ ਪੱਖੀ ਜੁਆਬ ਮਿਲਿਆ। ਜਿਸ ਨੇ ਵਿਰੋਧੀ ਪਾਰਟੀਆਂ ਦੇ ਮਨਾਂ ਵਿਚ ਹੋਰ ਸ਼ੰਕੇ ਪੈਦਾ ਕਰ ਦਿਤੇ ਕਿ ਸਰਕਾਰ ਲੋਕ ਸਭਾ ਚੋਣਾਂ ਵਿੱਚ ਈ ਵੀ ਐਮ ਨਾਲ ਛੇੜ੍ਹ ਛਾੜ੍ਹ ਕਰਕੇ ਕੇਂਦਰ ਵਿਚ ਰਾਜ ਗੱਦੀ ਸਾਂਭ ਕੇ ਹਿੰਦੂ ਤਾਨਾਸ਼ਾਹ ਸਰਕਾਰ ਦੀ ਸਥਾਪਨਾ ਕਰਨਾ ਚਾਹੁੰਦੀ ਹੈ ।ਆਖਰ ਹੋਇਆ ਵੀ ਉਹੀ ਕੁਝ ਜਿਸ ਦਾ ਖਤਰਾ ਵਿਰੋਧੀ ਪਾਰਟੀਆਂ ਨੂੰ ਸੀ। ਵਿਰੋਧੀ ਪਾਰਟੀਆ ਦੀ ਇਹ ਗੱਲ ਇਹ ਕਹਿ ਕੇ ਨਕਾਰੀ ਗਈ ਜਦੋਂ ਵਿਧਾਨ ਸਭਾ ਦੀਆ ਚੋਣਾਂ ਹੋਈਆਂ ਸਨ ਉਦੋਂ ਈ ਵੀ ਐਮ ਮਸ਼ੀਨਾਂ ਠੀਕ ਸਨ, ਜਦੋਂ ਕੇਂਦਰ ਵਿੱਚ ਵਿਰੋਧੀ ਹਾਰ ਗਏ ਤਾਂ ਈ ਵੀ ਐਮ ਮਸ਼ੀਨਾਂ ਖਰਾਬ ਹੋ ਗਈਆਂ ਦਾ ਰੌਲਾ ਪਾ ਕੇ ਉਨਾਂ ਦੀ ਅਵਾਜ ਨੂੰ ਦਬਾਉਣਾ ਸ਼ੁਰੂ ਕਰ ਦਿਤਾ।ਇਥੇ ਕੇਂਦਰ ਦਾ ਇਹ ਪੱਤਾ ਸਫਲ ਹੋਇਆ। ਵਿਰੋਧੀਆਂ ਦਾ ਇਹ ਕਹਿਣਾ ਕਿ ਕੇਂਦਰ ਵਿਚ ਰਾਜ ਕਰ ਰਹੀ ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਹੋਣ ਕਰਕੇ ਗੁਪਤ ਤੇ ਹੋਰ ਸਾਰੀਆ ਏਜੰਸੀਆਂ ਇਨਾਂ ਦੇ ਅਧੀਨ ਹਨ। ਇਨਾ ਕੋਲ ਪਲ ਪਲ ਦੀ ਸੂਚਨਾ ਸਰਕਾਰ ਨੂੰ ਮਿਲਦੀ ਰਹਿੰਦੀ ਹੈ। ਜਦੋਂ ਰਾਜ




ਕਰ ਰਹੀ ਸਰਕਾਰ ਬਾਰ ਬਾਰ ਇਹ ਕਹਿ ਰਹੀ ਸੀ ਕਿ 2019 ਦੀਆਂ ਚੋਣਾਂ ਵਿੱਚ ਉਹਨਾਂ ਦੀ ਭਾਰਤੀ ਜੰਨਤਾ ਪਾਰਟੀ ਲੋਕ ਸਭਾ ਦੀਆਂ 300 ਤੋਂ ਵਧੇਰੇ ਸੀਟਾਂ ਜਿੱਤੇਗੀ। ਤਾਂ ਫਿਰ ਇਨਾਂ ਨੂੰ ਕਾਹਦਾ ਡਰ ਸੀ , ਇਨਾਂ ਨੂੰ ਵਿਰੋਧੀ ਧਿਰ ਦੀ ਮੰਗ ਨੂੰ ਕਿ ਚੋਣਾਂ ਬੈਲਟ ਪੇਪਰ ਰਾਹੀਂ ਕਰਵਾਈਆਂ ਜਾਣਗੀਆਂ ਨੂੰ ਝੱਟ ਪਰਵਾਨ ਕਰਕੇ ਵਿਰੋਧੀ ਧਿਰ ਦੇ ਸ਼ੰਕੇ ਨਵਿਰਤ ਕਰ ਦੇਣੇ ਚਾਹੀਦੇ ਸੀ। ਪਰ ਇਨਾ ਨੇ ਨਾ ਤਾਂ ਵੋਟਾਂ ਬੇਲਟ ਪੇਪਰ ਰਾਹੀਂ ਕਰਵਾਉਣ ਦੀ ਮੰਗ ਮੰਨੀ ਤੇ ਨਾ ਹੀ ਵੀ ਵੀ ਪੈਟ ਨਾਲ ਕੁਝ ਗ਼ ਵੋਟਾਂ ਦੇ ਮਿਲਾਣ ਵਾਲੀ ਮੰਗ ਪਰਵਾਨ ਕੀਤੀ। ਜੋ ਇਸ ਸ਼ੰਕੇ ਨੂੰ ਸੱਚ ਵਿੱਚ ਸਾਬਤ ਕਰ ਰਹੇ ਹਨ ਕਿ ਸਰਕਾਰ ਵਲੋਂ ਲੋਕ ਸਭਾ ਚੋਣਾਂ ਵਿੱਚ ਈ ਵੀ ਐਮ ਮਸ਼ੀਨਾਂ ਨਾਲ ਕੁਝ ਨਾ ਕੁਝ ਛੇੜ੍ਹ ਛਾੜ੍ਹ ਜਰੂਰ ਕੀਤੀ ਗਈ ਹੈ। ਦੂਸਰੀ ਵਾਰ ਗੱਦੀ ਤੇ ਬੈਠਦੇ ਹੀ ਇਨਾਂ ਨੇ ਤੇਜੀ ਨਾਲ ਉਹ ਕੰਮ ਕਰਨੇ ਸੁਰੂ ਕਰ ਦਿਤੇ ਜੋ ਦੇਸ਼ ਨੂੰ ਲੋਕ ਤੰਤਰ ਤੋਂ ਤਾਨਾਸ਼ਾਹੀ ਵਲ ਲਿਜਾਂਦੇ ਹਨ। ਦੇਸ਼ ਵਿੱਚ ਇਕ ਰਾਸ਼ਟਰ, ਇਕ ਸੰਵਿਧਾਨ, ਇਕ ਬੋਲੀ ਤੇ ਇਕ ਧਰਮ ਦੀ ਅਵਾਜ ਨੂੰ ਬੁਲੰਦ ਕਰਨ ਦਾ ਮਕਸਦ ਹੁਣ ਸਭ ਦੇ ਸਮਝ ਵਿੱਚ ਆ ਰਿਹਾ ਹੈ ਕਿ ਦੇਸ਼ ਵਿੱਚ ਹਿੰਦੂਆਂ ਦਾ ਰਾਜ ਸਥਾਪਿਤ ਕਰਨਾ ਹੈ। ਸੂਬਿਆਂ ਦੇ ਅਧਿਕਾਰ ਵਿਦਿਆ, ਸਿਹਤ ਨੂੰ ਪਹਿਲਾਂ ਖੋਹ ਕੇ ਉਨਾਂ ਦਾ ਕੇਂਦਰੀਕਰਨ ਕਰਨ ਤੋਂ ਬਾਅਦ ਹੁਣ ਜਦੋਂ ਲੋਕ ਕਰੋਨਾ ਬਿਮਾਰੀ ਕਾਰਨ ਘਰਾਂ ਵਿੱਚ ਤਾੜ੍ਹੇ ਹੋਏ ਹਨ ਦਾ ਨਜਾਇਜ ਫਾਇਦਾ ਲੈ ਕੇ ਕਿ ਉਹ ਕੋਈ ਵਿਰੋਧ ਨਾ ਕਰ ਸਕਣ। ਕਿਸਾਨਾਂ ਨੂੰ ਅਨਾਜਾਂ ਦੇ ਘਟੋ ਘਟ ਭਾਅ ਦੇਣੇ ਵੀ ਖੁੱਲੀ ਮੰਡੀ ਦੇ ਨਾਂ ਥੱਲੇ ਬੰਦ ਕਰ ਦਿੱਤੇ ਗਏ ਹਨ। ਸਰਕਾਰ ਵਲੋਂ ਕਿਸਾਨਾਂ ਨੂੰ ਘਟੋ ਘੱਟ ਭਾਅ ਦੇਣ ਨਾਲ ਜਿਹੜੀ ਆਮਦਨ ਪ੍ਰਾਂਤਾਂ ਦੇ ਮੰਡੀ ਬੋਰਡਾਂ ਨੂੰ ਹੁੰਦੀ ਸੀ, ਜਿਵੇਂ ਇਕਲੇ ਪੰਜਾਬ ਨੂੰ ਲਗ ਭਗ 4000 ਕਰੋੜ੍ਹ ਰੁਪਏ ਸਾਲਾਨਾ ਆਮਦਨ ਹੁੰਦੀ ਸੀ। ਜਿਸ ਨਾਲ ਪਿੰਡਾਂ ਦੀਆਂ ਟੁੱਟੀਆਂ ਭੱਜੀਆਂ ਸੜਕਾਂ ਠੀਕ ਕਰਾਈਆਂ ਜਾਂਦੀਆਂ ਸਨ ਜਾਂ ਪ੍ਰਾਂਤ ਦੇ ਹੋਰ ਵਿਕਾਸ ਦਾ ਕੰਮ ਕਾਜ ਕਰਾ ਲਏ ਜਾਂਦੇ ਸਨ। ਉਨਾਂ ਸਭ ਦਾ ਭੋਗ ਪਾ ਕੇ ਕਿਸਾਨਾਂ ਦੇ ਹਿੱਤਾਂ ਨੂੰ ਤਗੜ੍ਹੀ ਸੱਟ ਮਾਰੀ ਹੈ। ਖੁੱਲੀ ਮੰਡੀ ਰਾਹੀਂ ਕਿਸਾਨਾਂ ਦੀ ਲੁੱਟ ਵੱਡੇ ਵਿਉਪਾਰੀਆਂ ਰਾਹੀਂ ਹੋਣੀ ਸ਼ੁਰੂ ਹੋ ਜਾਵੇਗੀ। ਸਰਕਾਰ ਨੇ 'ਖੁੱਲੀ ਮੰਡੀ ' ਵਾਲਾ ਇਹ ਕਾਨੂੰਨ ਬਿਹਾਰ ਵਿੱਚ ਸਾਲ 2006 ਵਿੱਚ ਲਾਗੂ ਕੀਤਾ ਦੱਸਿਆ ਜਾਂਦਾ ਹੈ ਉਥੇ ਕਿਸਾਨਾਂ ਨੂੰ ਵਿਉਪਾਰੀਆਂ ਵਲੋਂ ਇਕ ਦੋ ਸਾਲ ਜਿਨਸਾਂ ਦੇ ਵੱਧ ਭਾਅ ਦੇਣ ਬਾਅਦ ਹੁਣ ਕਿਸਾਨਾਂ ਨੂੰ ਫਸਲਾਂ ਦੇ ਮਨਮਰਜੀ ਦੇ ਭਾਅ ਦੇ ਕੇ ਲੁੱਟ ਕੀਤੀ ਜਾ ਰਹੀ ਹੈ। ਵੱਡੇ ਵਿਉਪਾਰੀਆਂ ਵਲੋਂ ਕਿਸਾਨਾਂ ਦੀ ਵੱਡੇ ਪੱਧਰ ਤੇ ਲੁੱਟ ਹੋਣ ਨਾਲ ਕਿਸਾਨਾਂ ਤੇ ਇਹ ਪ੍ਰਭਾਵ ਵੀ ਪੈਣੇ ਸ਼ੁਰੂ ਹੋ ਜਾਣਗੇ ਕਿ ਉਨਾਂ ਨੂੰ ਮਜਬੂਰ ਹੋ ਕੇ ਆਪਣੀਆਂ ਜਮੀਨਾਂ ਇਨਾਂ ਧਨਾਢ ਵਿਉਪਾਰੀਆਂ ਕੋਲ ਵੇਚਣੀਆਂ ਪੈਣਗੀਆਂ।ਜਿਸ ਨਾਲ ਉਹ ਕਿਸਾਨਾਂ ਦੀ ਥਾਂ ਤੇ ਮੁਜਾਰੇ ਬਣਨੇ ਸ਼ੁਰੂ ਹੋ ਜਾਣਗੇ। ਉਹਨਾਂ ਵਿੱਚ ਹੋਰ ਵਧੇਰੇ ਨਿਰਾਸ਼ਾ ਪੈਦਾ ਹੋਵੇਗੀ। ਜਿਸ ਨਾਲ ਖੁਦਕਸ਼ੀਆਂ ਵੱਧਣਗੀਆਂ। ਸਰਕਾਰ ਵਲੋਂ ਧੜ੍ਹਾ ਧੜ੍ਹ ਸਰਕਾਰੀ ਇਮਾਰਤਾਂ, ਹਵਾਈ ਕੰਪਨੀਆਂ, ਹਵਾਈ ਅੱਡੇ, ਰੇਲਵੇ, ਬੈਂਕ, ਬੀ ਐਸ ਐਨ ਐਲ, ਬੀਮਾ ਆਦਿ ਸਭ ਦਾ ਨਿੰਜੀਕਰਨ ਕਰ ਰਹੀ ਹੈ। ਇਹ ਸਰਕਾਰੀ ਅਦਾਰੇ ਅਜਾਰੇਦਾਰਾਂ ਨੂੰ ਸਸਤੇ ਦਰਾਂ ਤੇ ਦੇ ਕੇ ਉਨਾਂ ਨੂੰ ਮਾਲਾ ਮਾਲ ਕੀਤਾ ਜਾ ਰਿਹਾ ਹੈ। ਇਨਾਂ ਅਦਾਰਿਆ ਦੇ ਨਿੰਜੀ ਕਰਨ ਹੋਣ ਨਾਲ ਵਿਭਾਗਾਂ ਵਿੱਚ ਕੰਮ ਕਰ ਰਹੇ ਕਰੋੜ੍ਹਾਂ ਮਜਦੂਰਾਂ, ਮੁਲਾਜਮਾਂ ਦੀ ਛੁੱਟੀ ਹੋਣ ਨਾਲ ਬੇਰੁਜਗਾਰੀ ਵਿੱਚ ਵੱਡਾ ਵਾਧਾ ਹੋਵੇਗਾ। ਅੱਜ ਜਦੋਂ ਦੇਸ਼ ਦੇ ਲੋਕ ਕੋਵਿਡ 19 ਵਿਚ ਘਿਰੇ ਹੋਣ ਕਾਰਨ ਘਰਾਂ ਅੰਦਰ ਤਾੜ੍ਹੇ ਹੋਏ ਹਨ। ਸਰਕਾਰ ਦਾ ਧਿਆਨ ਉਨਾਂ ਨੂੰ ਬਿਮਾਰੀ ਤੋਂ ਨਿਜਾਤ ਦਿਵਾਉਣ ਦੀ ਥਾਂ ਉਸ ਦਾ ਸਾਰਾ ਜੋਰ ਦੇਸ਼ ਵਿੱਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਤੋੜ੍ਹਣ ਵਿੱਚ ਲਗਾ ਹੋਇਆ ਹੈ। ਸਰਕਾਰ ਬਿਮਾਰੀ ਦਾ ਫਾਇਦਾ ਲੈ ਕੇ ਪਹਿਲਾਂ ਧਾਰਾ 370, 35 ਏ ਤੋੜ੍ਹਣ ਦਾ ਲਾਹਾ ਲੈਣ ਉਪਰੰਤ ਪਾਰਲੀਮੈਂਟ ਵਿਚ ਵਿਚਾਰੇ ਬਿਨਾ ਤਿੰਨ ਕਿਸਾਨ ਵਿਰੋਧੀ ਆਰਡੀਨੈਂਸ ਲਿਆ ਕੇ ਕਿਸਾਨਾਂ ਦਾ ਲੱਕ ਤੋੜ੍ਹ ਰਹੀ ਹੈ। ਕੋਵਿਡ 19 ਦਾ ਲਾਹਾ ਲੈਂਦਿਆਂ ਇਕ ਕਦਮ ਹੋਰ ਪੁੱਟਦਿਆਂ ਉਸ ਨੇ ਵਿਦਿਆ ਵਰਗੇ ਅਹਿਮ ਮੁੱਦੇ ਨੂੰ ਪਾਰਲੀਮੈਂਟ ਵਿੱਚ ਬਹਿਸ ਕਰਾਏ ਬਿਨਾ ਦੇਸ਼ ਵਿੱਚ ਵਿਦਿਆ ਦੀ ਨਵੀਂ ਨੀਤੀ ਲਿਆ ਰਹੀ ਹੈ। ਜੋ ਇਹ ਦਸ ਰਿਹਾ ਹੈ ਕਿ ਸਰਕਾਰ ਦਾ ਕੰਮ ਕਾਜ ਦਾ ਢੰਗ ਲੋਕਤੰਤਰੀ ਨਾ ਹੋ ਕੇ ਤਾਨਾਸ਼ਾਹੀ ਬਣ ਰਿਹਾ ਹੈ। ਜਿਸ ਦੇ ਮੁਤਾਬਿਕ ਵਿਦਿਆ ਦਾ 10+2 ਦਾ ਸਿਸਟਮ ਖਤਮ ਕੀਤਾ ਜਾ ਰਿਹਾ ਹੈ। ਵਿਦਿਆ ਬੋਰਡ , ਯੂ ਜੀ ਸੀ ਨੂੰ ਖਤਮ ਕਰਕੇ ਨਵੀਂ ਨੀਤੀ ਵਿੱਚ ਲੀਨ ਕਰਕੇ ਵਿਦਿਆ ਦਾ ਢਾਂਚਾ 5+3+3+4 ਜੋ ਕਰਮਵਾਰ ਪ੍ਰਾਈਮਰੀ, ਮਿਡਲ, ਹਾਈ ਤੇ ਗਰੈਜੂਏਸ਼ਨ ਕੀਤਾ ਜਾ ਰਿਹਾ ਹੈ ।ਸਰਕਾਰ ਦੀ ਇਸ ਪਿਛੇ ਭਾਵਨਾ ਜੋ ਕੰਮ ਕਰ ਰਹੀ ਹੈ ਉਹ ਵਿਦਿਆ ਦੇ ਢਾਂਚੇ ਦਾ ਕੇਂਦਰੀਕਰਨ ਕਰਕੇ ਇਸ ਦਾ ਭੱਗਵਾਂਕਰਨ ਕਰਨਾ ਹੈ। ਜਿਸ ਦੇ ਮੁਤਾਬਿਕ ਸਰਕਾਰ ਪ੍ਰਾਈਮਰੀ ਤੋਂ ਹੀ ਪੜਾਈ ਦਾ ਮਾਧਿਅਮ ਹਿੰਦੀ ਰੱਖਣਾ ਚਾਹੁੰਦੀ ਸੀ ।ਪਰ ਗੈਰ ਹਿੰਦੀ ਪ੍ਰਾਂਤਾਂ ਵਲੋਂ ਸਖਤ ਵਿਰੋਧ ਕਰਨ ਤੇ ਹੁਣ ਪੰਜਵੀਂ ਤਕ ਦੀ ਪੜਾਈ ਉਨਾਂ ਦੀ ਖੇਤਰੀ ਭਾਸ਼ਾ ਭਾਵ ਮਾਂ ਬੋਲੀ ਵਿੱਚ ਕਰਾਈ ਜਾਣੀ ਹੈ। ਪਰ ਇਨਾਂ ਪ੍ਰਾਂਤਾਂ ਵਿੱਚ ਚਲ ਰਹੇ ਅੰਗਰੇਜੀ ਮਾਧਿਅਮ ਸਕੂਲਾਂ ਵਿੱਚ ਇਹ ਛੋਟ ਨਹੀਂ ਹੋਵੇਗੀ। ਜਿਸ ਤੋਂ ਇਹ ਸਪਸ਼ਟ ਹੈ ਕਿ ਅਗਲੇਰੀ ਪੜਾਈ ਸਿਰਫ ਹਿੰਦੀ ਭਾਸ਼ਾ ਨੂੰ ਠੋਸ ਕੇ ਕਰਾਈ ਜਾਵੇਗੀ। ਸਾਰੀ ਵਿਦਿਆ ਦਾ ਇਕੋ ਇਕ ਕੇਂਦਰੀ ਧੁਰਾ ਹੋਵੇਗਾ, ਪ੍ਰਾਂਤਾਂ ਨੂੰ ਇਸ ਵਿਚ ਤਬਦੀਲੀ ਕਰਨ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਗੈਰ ਹਿੰਦੀ ਪ੍ਰਾਂਤਾਂ ਵਿੱਚ ਵੀ ਖੇਤਰੀ ਭਾਸ਼ਾਵਾਂ ਦਾ ਭੋਗ ਪਾਉਣਾ ਚਾਹੁੰਦੀ ਹੈ। ਵਿਦਿਆ ਦੀ ਨਵੀਂ ਨੀਤੀ ਕਿੱਤਾ ਮੁੱਖੀ ਕੀਤੀ ਜਾਵੇਗੀ ਇਸ ਦੇ ਨਾਲ ਹੀ ਹੁਣ ਸਕੂਲਾਂ ਵਿਚ 'ਮਿੱਡ ਡੇ ਮੀਲ' ਦੇ ਨਾਲ ਬੱਚਿਆਂ ਨੂੰ 'ਨਾਸ਼ਤਾ' ਦੇਣ ਨੂੰ ਲਾਗੂ ਕੀਤਾ ਜਾ ਰਿਹਾ ਹੈ। ਜਿਨਾਂ ਵਿਦਿਆ ਮਾਹਰਾਂ ਦਾ ਵਿਦਿਆ ਦੇ ਨਾਲ ਨੇੜਤਾ ਵਾਲਾ ਨਾਤਾ ਰਿਹਾ ਹੈ। ਉਨਾਂ ਦਾ ਕਹਿਣਾ ਹੈ ਕਿ ਮਿੱਡ ਡੇ ਮੀਲ ਨੇ ਅਧਿਆਪਕਾਂ ਨੂੰ ਪੜਾਈ ਕਰਾਉਣ ਦੀ ਥਾਂ ਤੇ ਉਨਾਂ ਨੂੰ ਮਿੱਡ ਡੇ ਮੀਲ ਦੇ ਕੰਮਾਂ ਵਿੱਚ ਰੁੱਝਾ ਦਿਤਾ ਹੈ। ਜਿਸ ਨਾਲ ਬੱਚਿਆ ਦੀ ਪੜਾਈ ਕਾਫੀ ਪ੍ਰਭਾਵਤ ਹੋਈ ਹੈ। ਵੈਸੇ ਵੀ ਸਰਕਾਰ ਅਧਿਆਪਕਾਂ ਨੂੰ ਸਕੂਲਾਂ ਵਿੱਚ ਪੜਾਉਣ ਹੀ ਕਿਥੇ ਦੇਂਦੀ ਹੈ ਕਦੇ ਵੋਟਾਂ ਬਣਾਉਣ, ਕਦੇ ਮਰਦੁਮਸ਼ਮਾਰੀ ਕਰਾਉਣ, ਕਦੇ ਚੋਣ ਡਿਊਟੀਆਂ ਆਦਿ ਬਹੁਤ ਸਾਰੇ ਗੈਰ ਵਿਦਿਅੱਕ ਕੰਮ ਇਨਾਂ ਅਧਿਆਪਕਾਂ ਕੋਲੋਂ ਲਏ ਜਾਂਦੇ ਹਨ। ਹੁਣ ਜਦੋਂ 'ਨਾਸ਼ਤਾ 'ਦੇਣਾ ਸ਼ੁਰੂ ਕੀਤਾ ਜਾਣਾ ਹੈ ਤਾਂ ਫਿਰ ਅਧਿਆਪਕਾਂ ਦੀ ਹਾਲਤ ਹੋਰ ਤਰਸਯੋਗ ਬਣ ਜਾਵੇਗੀ। ਇਥੇ ਸਰਕਾਰ ਦਾ ਤਰਕ ਇਹ ਹੈ ਕਿ ਜੇ ਨਾਸ਼ਤਾ ਦੇਣ ਨਾਲ ਅਧਿਆਪਕਾਂ ਦਾ ਹੋਰ ਰੁਝੇਵਾਂ ਵੱਧ ਜਾਵੇਗਾ ਤਾਂ ਫਿਰ ਪੜਾਈ ਕਰਾਉਣ ਲਈ ਵਖਰੇ ਵਲੰਟੀਅਰ ਰਖੇ ਜਾਣ ਗੇ ਜੋ ਬੱਚਿਆਂ ਨੂੰ ਪੜਾਈ ਕਰਾਉਣਗੇ। ਇਹ ਵਲੰਟੀਅਰ ਕਿਸ ਤਰਾਂ ਦੀ ਪੜਾਈ ਕਰਾਉਣਗੇ ਜਿਨਾਂ ਕੋਲ ਪੜਾਉਣ ਦਾ ਕੋਰਸ ਨਾ ਕੀਤਾ ਹੋਇਆ ਹੋਣ ਕਾਰਨ, ਉਹ ਕਿਵੇਂ ਪੜਾ ਸਕਣਗੇ। ਇਨਾਂ ਵਲੰਟੀਅਰਾਂ ਨੂੰ ਖਾਸ ਕਿਸਮ ਦੀ ਰਾਜਨੀਤਕ ਟਰੇਨਿੰਗ ਦਿਤੀ ਗਈ ਪ੍ਰਤੀਤ ਹੁੰਦੀ ਹੈ ਇਹ ਵਲੰਟੀਅਰ ਰ ਸ ਸ ਵਲੋਂ ਤਿਆਰ ਕੀਤੇ ਗਏ ਹਨ , ਇਨਾਂ ਰਾਹੀਂ ਦੇਸ਼ ਵਿੱਚ ਭੱਗਵੀਂ ਪੜਾਈ ਕਰਾਉਣਾ ਚਾਹੁੰਦੀ ਹੈ। ਕਿੰਨੀ ਹੈਰਾਨਗੀ ਦੀ ਗੱਲ ਹੈ ਕਿ ਜਿਹੜੇ ਅਧਿਆਪਕ ਪੜਾਈ ਦੇ ਕਿੱਤੇ ਪਖੋਂ ਪਰਪੱਕ ਹਨ ਉਹ ਹੋਰ ਵਾਧੂ ਦੇ ਕੰਮਾਂ 'ਨਾਸ਼ਤਾ' ਤੇ 'ਮਿੱਡ ਡੇ ਮੀਲ' ਦਾ ਪ੍ਰਬੰਧ ਕਰਨਗੇ ਤੇ ਜਿਹੜੇ ਪੜਾਈ ਕਰਾਉਣ ਦੇ ਕੋਰਸ ਤੋਂ ਵਿਹੂਣੇ ਵਲੰਟੀਅਰ ਹਨ ਉਹ ਸਕੂਲਾ ਵਿੱਚ ਬਚਿਆਂ ਨੂੰ ਪੜਾਈ ਕਰਾਉਣ ਗੇ।ਕੀ ਕਹਿਣੇ ਸਰਕਾਰ ਦੀ ਇਸ ਨਵੀਂ ਵਿਦਿਅੱਕ ਨੀਤੀ ਦੇ? ਇਸ ਨਵੀਂ ਨੀਤੀ ਨਾਲ ਸਿਖਿਆ ਦਾ ਸਰਕਾਰੀ ਕਰਨ ਸਮਾਪਤ ਕਰਕੇ ਉਨਾਂ ਦਾ ਨਿੰਜੀਕਰਨ ਕੀਤਾ ਜਾਵੇਗਾ। ਜਿਸ ਤਹਿਤ ਸਕੂਲਾਂ, ਕਾਲਜਾਂ, ਯੂਨੀਵਰਸਟੀਆਂ ਨੂੰ ਖੁਦਮੁਖਤਿਆਰੀ ਦੇ ਨਾਂ ਤੇ ਜਿਥੇ ਮਨ ਮਰਜੀ ਦੀ ਵਿਦਿਆ ਦੇਣ ਦਾ ਰਾਹ ਖੁੱਲੇਗਾ। ਉਥੇ ਖੁੱਦ ਮੁਖਤਿਆਰ ਸਕੂਲਾਂ, ਕਾਲਜਾਂ, ਯੂਨੀਵਰਸਟੀਆਂ ਦੇ ਪ੍ਰਬੰਧਕਾਂ ਨੂੰ ਖੁੱਲੀ ਛੁੱਟੀ ਦਿਤੀ ਜਾਵੇਗੀ। ਜਿਸ ਅਨੁਸਾਰ ਉਹ ਆਪਣੀ ਮਰਜੀ ਨਾਲ ਵਿਦਿਆਰਥੀਆਂ ਦੀਆਂ ਫੀਸਾਂ ਵਧਾ ਸਕਣਗੇ। ਵਿਦਿਆ ਹੋਰ ਵਧੇਰੇ ਮਹਿੰਗੀ ਹੋ ਜਾਣ ਕਾਰਨ ਆਮ ਲੋਕਾਂ ਦੇ ਹੱਥਾਂ ਵਿਚੋਂ ਨਿਕਲ ਕੇ ਅਮੀਰ ਵਰਗ ਦੇ ਹੱਥ ਵਿੱਚ ਚਲੇ ਜਾਵੇਗੀ।ਆਮ ਤੇ ਗਰੀਬ ਲੋਕਾਂ ਦੇ ਬੱਚੇ ਵੱਡੇ ਪਧੱਰ ਤੇ ਵਿਦਿਆ ਤੋਂ ਵਿਰਵੇ ਹੋ ਜਾਣਗੇ। ਜਿਵੇਂ ਪੁਰਾਣੇ ਸਮੇਂ ਵਿੱਚ ਵਿਦਿਆ ਬ੍ਰਾਹਮਣਾਂ ਤਕ ਹੀ ਸੀਮਤ ਸੀ ਉਹੋ ਜਿਹੀ ਹੋ ਕੇ ਰਹਿ ਜਾਵੇਗੀ ।ਜਿਹੜੇ ਲੋਕ ਸਰਕਾਰ ਦੀਆਂ ਇਨਾਂ ਦੇਸ ਵਿਰੋਧੀ ਨੀਤੀਆ ਵਿਰੁੱਧ ਅਵਾਜ ਉੱਠਾਉਣਗੇ। ਉਨਾਂ ਨੂੰ ਇਆਪਾ ਵਰਗੇ ਕਾਨੂੰਨਾਂ ਤਹਿਤ ਜੇਲਾਂ ਅੰਦਰ ਡੱਕਣ ਦੇ ਨਾਲ ਉਨਾਂ ਦੀ ਹੱਕੀ ਤੇ ਜਾਇਜ ਅਵਾਜ ਨੂੰ ਬੰਦ ਕੀਤਾ ਜਾਵੇਗਾ। ਜਿਹੜੇ ਪੱਤਰਕਾਰ ਜਾਂ ਦੇਸ਼ ਦੇ ਚਿੰਤਕ ਸਰਕਾਰ ਦੀਆਂ ਗਲਤ ਨੀਤੀਆਂ ਵਿਰੁਧ ਅਵਾਜ ਉਠਾਉਣਗੇ ਉਨਾਂ ਦਾ ਹਾਲ ਡਾ. ਪੰਸਾਰੇ, ਨਰਿੰਦਰ ਦਬੋਲਕਰ, ਗੌਰੀ ਲੰਕੇਸ਼ ਆਦਿ ਵਰਗਾ ਕਰਕੇ, ਲੋਕਾਂ ਦੀ ਅਵਾਜ ਨੂੰ ਸਖਤੀ ਨਾਲ ਕੁੱਚਲਿਆ ਜਾਵੇਗਾ। ਉਕਤ ਸਾਬਤ ਕਰ ਰਿਹਾ ਹੈ ਕਿ ਦੇਸ਼ ਦੇ ਸੰਵਿਧਾਨ ਨੂੰ ਤਬਦੀਲ ਕੀਤੇ ਬਿਨਾ ਦੇਸ਼ ਨੂੰ ਜਬਰੀ ਤਾਨਾਸ਼ਾਹ ਬਣਾਇਆ ਜਾ ਰਿਹਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ 5 ਅਗਸਤ 2020 ਨੂੰ ਅਯੁਧਿੱਆ ਵਿਖੇ ਬਾਬਰੀ ਮਸਜਿਦ ਵਾਲੀ ਥਾਂ ਤੇ ਰਾਮ ਮੰਦਰ ਦਾ ਨੀਂਹ ਪੱਥਰ ਜਿਹੜਾ ਹਿੰਦੂ ਧਰਮ ਦੇ ਧਾਰਮਿਕ ਆਗੂਆਂ ਵਲੋਂ ਰੱਖਿਆ ਜਾਣਾ ਜੱਚਦਾ ਸੀ ਉਸ ਨੂੰ ਰੱਖ ਕੇ ਇਹ ਸਾਬਿਤ ਕਰ ਦਿਤਾ ਹੈ ਕਿ ਉਹ ਧਰਮ ਨਿਰਪੇਖ ਤੇ ਲੋਕ ਤੰਤਰ ਭਾਰਤ ਦੇਸ਼ ਦਾ ਪ੍ਰਧਾਨ ਮੰਤਰੀ ਨਹੀਂ, ਉਹ ਸਿਰਫ ਤੇ ਸਿਰਫ ਹਿੰਦੂਆਂ ਦੇ ਇਕੋ ਧਰਮ ਦੀ ਤਰਜਮਾਨੀ ਕਰਨ ਵਾਲਾ ਪ੍ਰਧਾਨ ਮੰਤਰੀ ਹੈ ।ਦੇਸ਼ ਦੀ ਵੱਡੀ ਵਿਰੋਧੀ ਕਾਂਗਰਸ ਪਾਰਟੀ ਦੇ ਕਈ ਆਗੂਆਂ ਨੇ ਭੂਮੀ ਪੂਜਨ ਦਾ ਵਿਰੋਧ ਕਰਨ ਦੀ ਥਾਂ ਤੇ ਕਈ ਪ੍ਰਾਂਤਾਂ ਦੇ ਕਾਂਗਰਸੀ ਸਰਕਾਰਾਂ ਵਿੱਚ ਜਿੰਮੇਵਾਰ ਪੱਦਵੀਆਂ ਤੇ ਬੈਠੇ ਕੱਟੜ੍ਹ ਕਿਸਮ ਦੇ ਆਗੂਆਂ ਨੇ ਭਾਜਪਾਈ ਬੋਲੀ ਬੋਲ ਕੇ ਰਾਮ ਮੰਦਰ ਬਣਾਏ ਜਾਣ ਦੀ ਉਨਾਂ ਨੂੰ ਵਧਾਈ ਦੇ ਕੇ ਇਸ ਪਾਰਟੀ ਨੇ ਵੀ ਆਪਣੇ ਧਰਮ ਨਿਰਪੱਖ ਹੋਣ ਦਾ ਜੂੱਲਾ ਲਾਹ ਕੇ ਇਕ ਤਰਾਂ ਦਾ ਭਾਜਪਾ ਨੂੰ ਸੰਕੇਤ ਦੇ ਦਿੱਤਾ ਹੈ ਕਿ ਉਹ (ਕਾਂਗਰਸੀ) ਵੀ ਉਨਾਂ ਦੇ ਵਿਚਾਰਾਂ ਦੇ ਹੀ ਹਾਮੀਦਾਰ ਬਣ ਕੇ ਭਾਜਪਾ ਦੀ ਕਹੀ ਗੱਲ ਕਿ ਦੇਸ਼ ਨੂੰ ਕਾਂਗਰਸ ਮੁੱਕਤ ਕਰਨਾ ਹੈ ਨੂੰ ਪੂਰਾ ਕਰ ਰਹੇ ਹਨ।

ਜਦੋਂ ਵਾੜ੍ਹ ਹੀ ਖੇਤ ਨੂੰ ਖਾਣ ਲਗ ਜਾਵੇ ਤਾਂ ਫਿਰ ਉਸ ਪਾਰਟੀ ਦਾ ਮੁਕੰਮਲ ਤੌਰਤੇ ਖਤਮ ਹੋ ਜਾਣਾ ਯਕੀਨੀ ਹੈ ।ਦੇਸ਼ ਦੇ ਲੋਕ ਜਿਨਾਂ ਵਿੱਚ ਵੱਡੀ ਗਿਣਤੀ ਵਿੱਚ ਧਰਮ ਨਿਰਪੱਖ ਹਿੰਦੂਆਂ ਦੀ ਵੀ ਹੈ ਉਹ ਬੜੇ ਸਿਆਣੇ ਤੇ ਸੁੰਘੜ੍ਹਵਾਨ ਹਨ ਇਨਾਂ ਤੋਂ ਬਿਨਾ ਦੇਸ਼ ਦੀਆਂ ਕਈ ਹੋਰ ਰਾਜਨੀਤਕ ਪਾਰਟੀਆਂ ਵੀ ਇਸ ਹਿੰਦੂ ਕਟੱੜ੍ਹਵਾਦ ਤੇ ਤਾਨਾਸ਼ਾਹੀਆਂ ਨੀਤੀਆਂ ਦੇ ਵਿਰੋਧੀ ਹਨ। ਇਸ ਕਰਕੇ ਅੰਤ ਵਿੱਚ ਜਿੱਤ ਵੀ ਲੋਕਤੰਤਰ ਤੇ ਧਰਮ ਨਿਰਪੇਖ ਪਾਰਟੀਆਂ ਦੀ ਹੋਣੀ ਯਕੀਨੀ ਹੈ ।ਆਉ ਸਾਰੇ ਇੱਕਠੇ ਹੋ ਕੇ ਹੰਭਲਾ ਮਾਰੀਏ।

# ਪਹਿਲੀ ਵੈਕਸੀਨ ਨੂੰ ਲੈ ਕੇ ਰੂਸ ਡਬਲਯੂਐੱਚਓ, ਦੇ ਸੰਪਰਕ 'ਚ, ਅਮਰੀਕਾ ਬਣਾਏਗਾ ਟੀਕੇ ਦੀ 10 ਕਰੋੜ ਡੋਜ਼

ਵਾਸ਼ਿੰਗਟਨ- ਦੁਨੀਆ 'ਚ ਕੋਰੋਨਾ ਵਾਇਰਸ ਦਾ ਕਹਿਰ ਤੇਜੀ ਨਾਲ ਵੱਧ ਰਿਹਾ ਹੈ। ਇਸ ਦੌਰਾਨ ਰੂਸ ਦੇ ਰਾਸ਼ਟਰਪਤੀ ਪੁਤਿਨ ਨੇ ਦੁਨੀਆ ਦੀ ਪਹਿਲੀ ਕੋਰੋਨਾ ਵੈਕਸੀਨ ਬਣਾਉਣ ਦਾ ਦਾਅਵਾ ਕੀਤਾ ਹੈ। ਦੁਨੀਆ ਦੀ ਪਹਿਲੀ ਕੋਰੋਨਾ ਵਾਇਰਸ ਵੈਕਸੀਨ ਬਣਾਉਣ ਦੇ ਨਾਲ ਹੀ ਰੂਸ ਨੇ ਦੁਨੀਆਭਰ ਦੇ ਦੇਸ਼ਾਂ ਨੂੰ ਪਿੱਛੇ ਛੱਡ ਦਿੱਤਾ ਹੈ। ਫਿਲਹਾਲ ਇਸ ਟੀਕੇ ਨੂੰ ਲੈ ਕੇ ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਰੂਸ ਦੇ ਸੰਪਰਕ 'ਚ ਹੈ। ਜ਼ਿਕਰਯੋਗ ਹੈ ਕਿ ਰੂਸ 'ਚ ਇਸ ਵੈਕਸੀਨ ਨੂੰ ਰੇਗੂਲੇਟਰੀ ਅਪਰੂਵਲ ਮਿਲ ਗਿਆ ਹੈ। ਇਸ ਦੌਰਾਨ ਅਮਰੀਕਾ 'ਚ ਟਰੰਪ ਸਰਕਾਰ ਨੇ ਮੌਡਰਨ ਕੰਪਨੀ ਨਾਲ ਇਕ ਡੀਲ ਦੇ ਤਹਿਤ ਆਪਣੀ ਵੈਕਸੀਨ ਦੀ 10 ਕਰੋੜ ਡੋਜ਼ ਬਣਾਉਣ ਦੀ ਤਿਆਰ ਕੀਤੀ ਹੈ। ਇਸ ਦੇ ਪੂਰਾ ਹੋਣ 'ਤੇ ਕੰਪਨੀ ਵੈਕਸੀਨ ਤਿਆਰ ਕਰੇਗੀ। ਦੁਨੀਆ ਦੀ ਪਹਿਲੀ ਕੋਰੋਨਾ ਵੈਕਸੀਨ ਨੂੰ ਲੈ ਕੇ ਡਬਲਯੂਐੱਚਓ ਫਿਲਹਾਲ ਰੂਸ ਦੇ ਸੰਪਰਕ 'ਚ ਹੈ। ਡਬਲਯੂ ਐੱਚ ਓ ਦੇ ਬੁਲਾਰੇ ਨੇ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਦੁਨੀਆ ਦੀ ਪਹਿਲੀ ਸੰਭਾਵਿਤ ਕੋਵਿਡ-19 ਵੈਕਸੀਨ ਨੂੰ ਮਨਜ਼ੂਰੀ ਦੇਣ ਨੂੰ ਲੈ ਕੇ ਰੂਸ ਦੇ ਸੰਪਰਕ 'ਚ ਹੈ। ਦੱਸਣਯੋਗ ਹੈ ਕਿ ਰੂਸ 'ਚ ਤਿਆਰ ਕੋਰੋਨਾ ਵੈਕਸੀਨ ਨੂੰ ਸਿਹਤ ਮੰਤਰਾਲੇ ਦੀ ਮਨਜ਼ੂਰੀ ਮਿਲ ਚੁੱਕੀ ਹੈ। ਇਸ ਤਰ੍ਹਾਂ ਰੂਸ ਦੁਆਰਾ ਤਿਆਰ ਕੀਤੀ ਗਈ ਕੋਰੋਨਾ ਵੈਕਸੀਨ ਦੁਨੀਆ ਦੀ ਪਹਿਲੀ ਵੈਕਸੀਨ ਬਣ ਗਈ ਹੈ। ਜ਼ਿਕਰਯੋਗ ਹੈ ਕਿ ਰੂਸ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਮੰਗਲਵਾਰ ਨੂੰ ਦੁਨੀਆ ਦੀ ਪਹਿਲੀ ਵੈਕਸੀਨ ਦੀ ਜਾਣਕਾਰੀ ਪੂਰੀ ਦੁਨੀਆ ਨੂੰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਬੇਟੀਆਂ ਨੂੰ ਇਸ ਵੈਕਸੀਨ ਦੀ ਪਹਿਲੀ ਡੋਜ਼ ਲੱਗ ਚੁੱਕੀ ਹੈ, ਜਿਸ ਦਾ ਉਨ੍ਹਾਂ 'ਤੇ ਕੋਈ ਸਾਈਡ ਇਫੈਕਟ ਨਹੀਂ ਦਿਖ ਰਿਹਾ ਹੈ। ਇਸ ਤੋਂ ਬਾਵਜੂਦ ਦੁਨੀਆਭਰ 'ਚ ਲੋਕਾਂ ਨੂੰ ਇਸ ਵੈਕਸੀਨ ਦੀ ਸੈਫਟੀ ਨੂੰ ਲੈ ਕੇ ਸੰਦੇਹ ਹੈ।

ਦੁਨੀਆ 'ਚ ਕੋਰੋਨਾ ਵਾਇਰਸ ਦਾ ਸਭ ਤੋਂ ਵੱਡਾ ਸੰਕਟ ਅਮਰੀਕਾ 'ਤੇ ਮੰਡਰਾ ਰਿਹਾ ਹੈ। ਇਸ ਲਿਹਾਜ ਨਾਲ ਅਮਰੀਕਾ ਨੂੰ ਕੋਰੋਨਾ ਵੈਕਸੀਨ ਦੀ ਸਭ ਤੋਂ ਪਹਿਲੀ ਜ਼ਰੂਰਤ ਹੈ। ਇਸ ਦੌਰਾਨ ਅਮਰੀਕਾ ਨੇ ਕੋਰੋਨਾ ਵੈਕਸੀਨ ਬਣਾਉਣ ਵਾਲੀ ਕੰਪਨੀ ਦਇਰਨਅ ਨਾਲ ਇਕ ਡੀਲ ਕੀਤੀ ਹੈ। ਇਸ ਨੂੰ ਲੈ ਕੇ ਮੰਗਲਵਾਰ ਨੂੰ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅਮਰੀਕਾ ਨੇ ਦਇਰਨਅ ਨਾਲ ਆਪਣੀ ਕੋਰੋਨਾ ਵੈਕਸੀਨ ਨੂੰ ਲੈ ਕੇ ਸਮਝੌਤਾ ਕੀਤਾ ਹੈ ਜਿਸ ਤਹਿਤ ਟੀਕੇ ਦੀਆਂ 10 ਕਰੋੜ ਡੋਜ਼ ਤਿਆਰ ਕੀਤੀਆਂ ਜਾਣਗੀਆਂ।

# ਸ਼ਹੀਦ ਸੁੱਖਾ ਸਿੰਘ- ਮਹਿਤਾਬ ਸਿੰਘ (11 ਅਗਸਤ 1740)



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਮੁਗਲਾਂ ਨੇ ਸਿੰਘਾਂ ਤੇ ਤਸ਼ੱਦਦ ਦੀ ਇਕ ਮੁਹਿੰਮ ਹੀ ਚਲਾ ਦਿੱਤੀ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਦੇ ਖ਼ੂਨੀ ਇਰਾਦੇ ਨੇ ਸਿੰਘਾਂ ਨੂੰ ਮੁਕਾਉਣ ਦਾ ਐਲਾਨ ਕਰ ਦਿੱਤਾ। ਸਿੰਘ ਇਹਨਾਂ ਜ਼ੁਲਮਾਂ ਤੋਂ ਬਚਣ ਲਈ ਲੱਖੀ ਜੰਗਲ, ਰਾਜਪੂਤਾਨੇ ਦੇ ਰੇਗਿਸਤਾਨ ਅਤੇ ਕਾਹਨੂੰਵਾਨ ਦੇ ਛੰਬ ਵਿਚ ਚਲੇ ਗਏ। ਹਕੂਮਤ ਨੇ ਹਰਿਮੰਦਰ ਸਾਹਿਬ 'ਤੇ ਕਬਜ਼ਾ ਕਰਕੇ ਮੰਡਿਆਲੀ ਦੇ ਚੌਧਰੀ 'ਮੱਸਾ ਰੰਘੜ' ਨੂੰ ਸੌਂਪ ਦਿੱਤਾ। ਹਕੂਮਤ ਦੀ ਸ਼ਹਿ ਤੇ ਉਸ ਭ੍ਰਿਸ਼ਟ ਨੇ ਗੁਰਮਰਿਆਦਾ ਨੂੰ ਪਰੇ ਕਰ ਆਪਣੀਆਂ ਭ੍ਰਿਸ਼ਟ ਮਨਮਾਨੀਆਂ ਸ਼ੁਰੂ ਕਰ ਦਿੱਤੀਆਂ ਕਿ ਹਰਿਮੰਦਰ ਸਾਹਿਬ ਵਿਚ ਹੁੱਕਾ ਪੀਣਾ, ਵੇਸ਼ਵਾਵਾਂ ਦੇ ਨਾਚ ਕਰਵਾਉਣਾ, ਸ਼ਰਾਬ ਦੀਆਂ ਮਜਲਿਸਾਂ ਸਜਣ ਲੱਗੀਆਂ।

ਸਿੱਖਾਂ ਵਿਚ ਗੁੱਸੇ ਦੀ ਲਹਿਰ ਦੌੜ ਪਈ। ਪਿੰਡ ਕੰਗ ਦੇ ਭਾਈ ਬਲਾਕਾ ਸਿੰਘ ਨੇ ਹਰਿਮੰਦਰ ਸਾਹਿਬ ਦੀ ਹੋ ਰਹੀ ਬੇਅਦਬੀ ਦੀ ਖਬਰ ਬੀਕਾਨੇਰ ਦੇ ਰੇਗਿਸਤਾਨ ਵਿਚ ਵੱਸੇ ਸਿੰਘਾਂ ਨੂੰ ਜਾ ਦਿੱਤੀ। ਇਸ 'ਤੇ ਸਿੰਘਾਂ ਦਾ ਖ਼ੂਨ ਖੋਲ੍ਹਣ ਲੱਗਾ ਕਿ ਸਿਰ ਵਾਰ ਕੇ ਵੀ ਧਰਮ ਦੀ ਰਾਖੀ ਕੀਤੀ ਜਾਵੇ। ਜਥੇਦਾਰ ਬੁੱਢਾ ਸਿੰਘ ਜੀ ਨੇ ਕਿਹਾ ਕਿ ਜਿਹੜਾ ਮੱਸਾ ਰੰਘੜ ਦਾ ਸਿਰ ਵੱਢ ਕੇ ਲਿਆਵੇਗਾ, ਉਹ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੇਗਾ। ਇਹ ਵੰਗਾਰ ਸੁਣ ਕੇ ਦੀਵਾਨ ਵਿਚੋਂ ਪਿੰਡ 'ਮਾੜੀ ਕੰਬੋਕੀ' ਦੇ ਭਾਈ ਸੁੱਖਾ ਸਿੰਘ ਤੇ ਮੀਰਾਂਕੋਟ ਦੇ ਭਾਈ ਮਹਿਤਾਬ ਸਿੰਘ ਨੇ ਕਿਹਾ ਕਿ ਸਾਡੇ ਚੰਗੇ ਭਾਗ ਹੋਣਗੇ ਕਿ ਅਸੀਂ 'ਮੱਸਾ ਰੰਗੜ' ਦਸ ਸਿਰ ਵੱਢ ਕੇ ਭੇਂਟ ਕਰੀਏ। ਇਸ ਵਿਚ ਭਾਵੇਂ ਸਾਨੂੰ ਸ਼ਹੀਦ ਹੀ ਕਿਉਂ ਨਾ ਹੋਣਾ ਪਵੇ।

ਅਰਦਾਸਾ ਸੋਧ ਕੇ ਦੋਵੇਂ ਸੂਰਬੀਰ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਚੌਧਰੀਆਂ ਦਾ ਭੇਸ ਵਟਾ ਕੇ ਘੋੜਿਆਂ ਤੇ ਸਵਾਰ ਹੋ ਕੇ ਦੁਸ਼ਟ ਮੱਸਾ ਰੰਗੜ ਨੂੰ ਖਤਮ ਕਰਨ ਲਈ ਚੱਲ ਪਏ। ਰਸਤੇ ਵਿਚ ਉਹਨਾਂ ਇਕ ਖੂਹ 'ਤੇ ਟਿਕਾਣਾ ਕੀਤਾ। ਉਹ ਸਲਾਹ ਕਰਨ ਲੱਗੇ ਕਿ ਇਹ ਉਪਰਾਲਾ ਕਿਵੇਂ ਕੀਤਾ ਜਾਵੇ। ਉਹਨਾਂ ਨੇ ਨੇੜਲੇ ਘੁੰਮਿਆਰ ਦੇ ਆਵੇ ਤੋਂ ਘੜੇ ਖਰੀਦ ਕੇ ਉਹਨਾਂ ਨੂੰ ਭੰਨ ਕੇ ਠੀਕਰੀਆਂ ਬਣਾ ਲਈਆਂ। ਠੀਕਰੀਆਂ ਥੈਲੀਆਂ ਵਿਚ ਪਾ ਲਈਆਂ ਕਿ ਉਹਨਾਂ ਦੀ ਟੁਨਕਾਰ ਤੋਂ ਮੋਹਰਾਂ ਜਾਪਣਗੀਆਂ। ਰਾਤ ਆਰਾਮ ਕੀਤਾ, ਸਵੇਰ ਹੁੰਦਿਆਂ ਹੀ ਥੈਲੀਆਂ ਲੈ ਕੇ ਘੋੜਿਆਂ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਵੱਲ ਚੱਲ ਪਏ।

ਪਹਿਰਾਵੇ ਤੋਂ ਉਹ ਕਿਸੇ ਪਿੰਡ ਦੇ ਵੱਡੇ ਚੌਧਰੀ ਜਾਪਦੇ ਸਨ। ਦੁਪਹਿਰ ਵੇਲੇ ਮੁਗਲ ਫੌਜ ਦਾ ਆਰਾਮ ਦਾ ਵੇਲਾ ਸੀ। ਉਹ ਘੋੜਿਆਂ ਸਮੇਤ ਪ੍ਰਕਰਮਾ ਵਿਚ ਪਹੁੰਚ ਗਏ। ਪਹਿਰੇਦਾਰਾਂ ਸਮਝਿਆ ਕਿ ਇਹ ਕੋਈ ਚੌਧਰੀ ਹਨ ਜੋ ਮਾਮਲਾ ਤਾਰਨ ਆਏ ਹੋਣਗੇ। ਬਿਨਾਂ ਕਿਸੇ ਰੁਕਾਵਟ ਦੇ ਘੋੜਿਆਂ ਨੂੰ ਲਾਚੀਬੇਰ ਨਾਲ ਬੰਨ੍ਹਿਆ। ਹੱਥ ਵਿਚ ਕਿਰਪਾਨਾਂ ਤੇ ਮੋਢੇ ਤੇ ਥੈਲੀਆਂ ਲੈ ਕੇ ਹਰਿਮੰਦਰ ਸਾਹਿਬ ਵੱਲ ਵਧ ਪਏ।

ਮੱਸਾ ਰੰਗੜ ਪਲੰਗ ਤੇ ਬੈਠਾ ਹੁੱਕਾ ਪੀ ਰਿਹਾ ਸੀ। ਵੇਸ਼ਵਾ ਦਾ ਨਾਚ ਹੋ ਰਿਹਾ ਸੀ। ਸ਼ਰਾਬ ਦਾ ਦੌਰ ਚੱਲ ਰਿਹਾ ਸੀ। ਹਕੂਮਤ ਨੂੰ ਖੁਸ਼ ਕਰਨ ਲਈ ਇਹ ਉਸ ਦਾ ਨਿੱਤ ਦਾ ਹੀ ਕੰਮ ਸੀ। ਦੋਵੇਂ ਸਿੰਘ ਕਚੀਚੀ ਵੱਟ ਮੱਸਾ ਰੰਗੜ ਨੂੰ ਜਾ ਮਿ। ਭਾਈ ਸੁੱਖਾ ਸਿੰਘ ਨੇ ਕਿਹਾ ਕਿ ਬੜੇ ਚਿਰ ਦਾ ਹਿਸਾਬ ਬਕਾਇਆ ਸੀ, ਚੁਕਾਉਣ ਆਏ ਹਾਂ। ਸਿੰਘ ਨੇ ਥੈਲੀਆਂ ਪਲੰਗ ਹੇਠ ਵਗਾਹ ਮਾਰੀਆਂ। ਮੱਸਾ ਰੰਗੜ ਨੇ ਜਦ ਹੀ ਥੈਲੀਆਂ ਚੁੱਕਣ ਲਈ ਸਿਰ ਝੁਕਾਇਆ ਤਾਂ ਮਹਿਤਾਬ ਸਿੰਘ ਨੇ ਬੜੀ ਫੁਰਤੀ ਨਾਲ ਕਿਰਪਾਨ ਕੱਢ ਕੇ ਮੱਸਾ ਰੰਗੜ ਦਾ ਸਿਰ ਵੱਢ ਲਿਆ। ਜੁੜੀ ਭੀੜ ਵਿਚ ਘਬਰਾਹਟ ਫੈਲ ਗਈ, ਕਿਸੇ ਨੂੰ ਸਮਝ ਆਉਣ ਤੋਂ ਪਹਿਲਾਂ ਹੀ ਸਿਰ ਨੂੰ ਸੰਭਾਲ ਕੇ ਦੋਹਾਂ ਨੇ ਲਾਚੀ ਬੇਰ ਨਾਲ ਬੱਧੇ ਘੋੜਿਆਂ ਕੋਲ ਆ ਕੇ ਸਿਰ ਨੂੰ ਨੇਜ਼ੇ ਤੇ ਟੰਗ ਲਿਆ। ਬਿਜਲੀ ਵਾਂਗ ਘੋੜੇ ਦੁੜਾ ਕੇ ਪ੍ਰਕਰਮਾ ਤੋਂ ਬਾਹਰ ਆ ਗਏ। ਉਹਨਾਂ ਨੇ ਮੱਸਾ ਰੰਗੜ ਦੇ ਪਾਪਾਂ ਦਾ ਮਹਿਲ ਢਾਹ ਦਿੱਤਾ ਸੀ।



ਬੀਕਾਨੇਰ ਪਹੁੰਚ ਕੇ ਸਜੇ ਦੀਵਾਨ ਵਿਚ ਸੰਗਤਾਂ ਦੀ ਹਾਜ਼ਰੀ ਵਿਚ ਮੱਸਾ ਰੰਗੜ ਦਾ ਸਿਰ ਜਥੇਦਾਰ ਨੂੰ ਭੇਂਟ ਕੀਤਾ। ਸੰਗਤਾਂ ਨੇ ਜੈਕਾਰੇ ਬੋਲ ਕੇ ਜੋਸ਼ ਦਾ ਇਜਹਾਰ ਕੀਤਾ। ਮੁਗਲ ਸਰਕਾਰ ਲਈ ਇਹ ਬੜੀ ਸ਼ਰਮ ਦੀ ਗੱਲ ਸੀ। ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਦਰਸਾ ਦਿੱਤਾ ਕਿ ਗੁਰ ਅਸਥਾਨ ਸਿੱਖਾਂ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰੇ ਹਨ। ਉਹ ਮਰ ਕੇ ਵੀ ਜਿਉਂਦੇ ਹਨ, ਜਿਹੜੇ ਧਰਮ ਲਈ ਮਰ ਮਿਟਦੇ ਹਨ। ਗੁਰੂ ਦੇ ਰਾਹ 'ਤੇ ਚਲਦਿਆਂ ਸੀਸ ਵਾਰ ਕੇ ਜਿਊਣ ਮਰਨ ਸਫਲ ਕਰ ਲੈਂਦੇ ਹਨ।

## ਦੋਵੇਂ ਸੂਰਬੀਰਾਂ ਦਾ ਸੰਖੇਪ ਜੀਵਨ

### ਭਾਈ ਸੁੱਖਾ ਸਿੰਘ

ਭਾਈ ਸੁੱਖਾ ਸਿੰਘ ਦਾ ਜਨਮ ਇਕ ਤਰਖਾਣ ਪਰਿਵਾਰ ਵਿਚ ਪਿਤਾ ਲੱਧਾ ਅਤੇ ਬੀਬੀ ਹਰੋ ਦੇ ਘਰ ਪਿੰਡ ਮਾੜੀ ਕੰਬੋਕੀ ਵਿਖੇ ਹੋਇਆ। ਬਚਪਨ ਤੋਂ ਹੀ ਉਹ ਸਿੱਖੀ ਸੁਭਾਅ ਦੇ ਸਨ ਤੇ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ ਸਨ। ਸੰਗਤਾਂ ਦੀ ਸੇਵਾ ਖੁਸ਼ੀ ਖੁਸ਼ੀ ਕਰਦੇ ਸਨ। ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵੀ ਅੱਗੇ ਹੋ ਕੇ ਕਰਦੇ ਸਨ। ਸੇਵਾ ਵਾਸਤੇ ਹਮੇਸ਼ਾ ਤਿਆਰ ਬਰ ਤਿਆਰ ਰਹਿੰਦੇ ਸਨ। ਕਦੇ ਵੀ ਥੱਕਦੇ ਨਹੀਂ ਸਨ। ਸਿੱਖਾਂ ਦੀ ਮਦਦ ਕਰਨ ਦੇ ਸ਼ੱਕ ਵਿਚ ਹਾਕਮਾਂ ਨੇ ਉਹਨਾਂ ਨੂੰ ਗ੍ਰਿਫਤਾਰ ਕਰਨਾ ਚਾਹਿਆ। ਜਦ ਪਿੰਡ ਪਹੁੰਚੇ ਤਾਂ ਉਹ ਮਿਲੇ ਨਹੀਂ ਤਾਂ ਬਚ ਗਏ। ਪਰ ਪਰਿਵਾਰ ਵਾਲੇ ਬਹੁਤ ਡਰ ਗਏ ਕਿ ਇਸ ਦੀ ਸਿੱਖੀ ਪਰਿਵਾਰ ਲਈ ਹਮੇਸ਼ਾ ਖਤਰਾ ਹੈ। ਪਰਿਵਾਰ ਨੇ ਭਾਈ ਸਾਹਿਬ ਦੇ ਸ਼ਤਿਆਂ ਦੇ ਕੇਸ ਕਤਲ ਕਰ ਦਿੱਤੇ। ਭਾਈ ਸਾਹਿਬ ਨੇ ਗੁੱਸੇ ਵਿਚ ਆ ਕੇ ਖੂਹ ਵਿਚ ਛਾਲ ਮਾਰ ਦਿੱਤੀ। ਪਾਣੀ ਘੱਟ ਹੋਣ ਕਰਕੇ ਬਚਾਅ ਹੋ ਗਿਆ। ਇਕ ਸਿੰਘ ਨੇ ਵੰਗਾਰਿਆ ਕਿ ਜੇ ਮਰਨਾ ਹੀ ਹੈ ਤਾਂ ਕਿਸੇ ਦੁਸ਼ਮਣ ਦੇ ਸਿਰ ਚੜ੍ਹ ਕੇ ਮਰ।

ਇਸ ਵੰਗਾਰ ਦਾ ਭਾਈ ਸਾਹਿਬ ਦੇ ਦਿਲ 'ਤੇ ਡੂੰਘਾ ਅਸਰ ਹੋਇਆ। ਕੁਝ ਦਿਨਾਂ ਬਾਅਦ ਸਰਦਾਰ ਸ਼ਾਮ ਸਿੰਘ ਦੇ ਜਥੇ ਨਾਲ ਜਾ ਰਲੇ, ਦੁਬਾਰਾ ਅੰਮ੍ਰਿਤ ਛੱਕ ਕੇ ਫਿਰ ਸਿੰਘ ਸੱਜ ਗਏ। ਉਹਨਾਂ ਦੀ ਸ਼ਸ਼ਤਰ ਚਲਾਉਣ ਵਿਚ ਬੜੀ ਮੁਹਾਰਤ ਸੀ। ਪੱਕੇ ਨਿਸ਼ਾਨਚੀ ਸਨ, ਦ੍ਰਿੜ੍ਹ ਅਤੇ ਬਹਾਦਰ ਸਨ।

ਸੰਨ 1739 ਵਿਚ ਨਾਦਰਸ਼ਾਹ ਦਿੱਲੀ ਲੁੱਟ ਕੇ ਪਰਤ ਰਿਹਾ ਸੀ ਤਾਂ ਸਿੰਘਾਂ ਨੇ ਉਸਦੀ ਫੌਜ ਨੂੰ ਹੀ ਲੁੱਟ ਲਿਆ। ਇਸ 'ਤੇ ਲਾਹੌਰ ਦੇ ਸੂਬੇਦਾਰ ਜਕਰੀਆ ਖਾਨ ਨੇ ਸਿੱਖਾਂ 'ਤੇ ਬੜੀ ਸਖਤੀ ਵਧਾ ਦਿੱਤੀ। ਕੋਈ ਵੀ ਸਿੰਘ ਸਰੋਵਰ ਵਿਚ ਇਸ਼ਨਾਨ ਨਹੀਂ ਕਰ ਸਕਦਾ ਸੀ। ਹਰਿਮੰਦਰ ਸਾਹਿਬ ਤੇ ਹਕੂਮਤ ਦਾ ਕਬਜ਼ਾ ਹੋ ਗਿਆ। ਭਾਈ ਸੁੱਖਾ ਸਿੰਘ ਤੇ ਭਾਈ ਮਨੀ ਸਿੰਘ ਜੀ ਦਾ ਭਤੀਜਾ ਥਰਾਜ਼ ਸਿੰਘ ਜਥਾ ਲੈ ਕੇ ਜਥੇ ਦੇ ਸਿੰਘਾਂ ਨੂੰ ਦਰਵਾਜ਼ੇ ਅੱਗੇ ਪਹਿਰੇ ਲਈ ਛੱਡ ਕੇ ਆਪ ਇਸ਼ਨਾਨ ਕਰਕੇ ਫਿਰ ਜਥੇ ਨਾਲ ਆਣ ਰਲੇ। ਕਾਜ਼ੀ ਅਤੇ ਉਸਦੇ ਪੁੱਤਰ ਨੇ ਪਿੱਛਾ ਕੀਤਾ ਜੋ ਸਿੰਘਾਂ ਹੱਥੋਂ ਮਾਰੇ ਗਏ।

1746 ਦੇ ਛੋਟੇ ਘੱਲੂਘਾਰੇ ਵੇਲੇ ਭਾਈ ਸੁੱਖਾ ਸਿੰਘ ਕਾਹਨੂੰਵਾਨ ਦੇ ਛੰਬ ਵਿਚ ਤਾਇਨਾਤ ਸੀ। ਇਕ ਦਿਨ ਭਾਈ ਸੁੱਖਾ ਸਿੰਘ ਨੂੰ ਸੁੱਝੀ ਕੀ ਦੀਵਾਨ ਲਖਪਤ ਰਾਏ 'ਤੇ ਹਮਲਾ ਕੀਤਾ ਜਾਵੇ। ਸਿੰਘਾਂ ਨੇ ਲਖਪਤ ਰਾਏ ਦੀ ਫੌਜ 'ਤੇ ਹੱਲਾ ਬੋਲ ਦਿੱਤਾ। ਭਾਈ ਸੁੱਖਾ ਸਿੰਘ ਨੇ ਲਖਪਤ ਰਾਏ 'ਤੇ ਹਮਲਾ ਕਰਨਾ ਚਾਹਿਆ, ਪਰ ਉਸ ਤੱਕ ਪਹੁੰਚ ਨਾ ਸਕਿਆ। ਇਸ ਖ਼ੂਨੀ ਲੜਾਈ ਵਿਚ ਮੁਗਲਾਂ ਦੇ ਨਾਮੀ ਜਰਨੈਲ ਮਾਰੇ ਗਏ। ਭਾਈ ਸੁੱਖਾ ਸਿੰਘ ਦੀ ਲੱਤ ਟੁੱਟ ਗਈ। ਘੱਲੂਘਾਰੇ ਖਤਮ ਹੋਣ ਤੇ ਜਥਾ ਜੈਤੋ ਪਹੁੰਚ ਕੇ ਲੱਤ ਬਣਵਾਈ।

ਅਹਿਮਦ ਸ਼ਾਹ ਅਬਦਾਲੀ 1747 ਈ: ਵਿਚ ਕੁਝ ਫੌਜ ਲਾਹੌਰ ਛੱਡ ਗਿਆ। ਫੌਜ ਦੀ ਭਾਈ ਸੁੱਖਾ ਸਿੰਘ ਦੇ ਜਥੇ ਨਾਲ ਝੜੱਪ ਹੋ ਗਈ। ਭਾਈ ਸੁੱਖਾ ਸਿੰਘ ਕੱਲੇ-ਕੱਲੇ ਦੀ ਲੜਾਈ ਵਿਚ ਮੈਦਾਨ ਵਿਚ ਨਿੱਤਰਿਆ। ਪਠਾਣ ਨਾਲ ਹੋਈ ਝੜੱਪ ਵਿਚ ਪਠਾਨ ਨੂੰ ਮਾਰ ਮੁਕਾਇਆ। ਸਿੰਘਾਂ ਨੇ ਉਸਨੂੰ ਸ਼ਾਮ ਸਿੰਘ ਦਾ ਘੋੜਾ ਤੋਹਫੇ ਵਿਚ ਭੇਂਟ ਕੀਤਾ।

1752 ਵਿਚ ਅਹਿਮਦਸ਼ਾਹ ਅਬਦਾਲੀ ਦੀ ਫੌਜੀ ਟੁਕੜੀ ਨਾਲ ਜੂਝਦਿਆਂ ਭਾਈ ਸੁੱਖਾ ਸਿੰਘ ਚੜ੍ਹਾਈ ਕਰ ਗਿਆ। ਮੱਸਾ ਰੰਗੜ ਦਾ ਸਿਰ ਵੱਢ ਕੇ ਲਿਆਵੁਣ ਨੇ ਉਸਨੂੰ ਅਮਰ ਕਰ ਦਿੱਤਾ। ਉਹਨਾਂ ਦੀ ਯਾਦ ਵਿਚ ਮਾੜੀ ਕੰਬੋਕੀ ਵਿਖੇ ਤਿੰਨ ਗੁਰਦੁਆਰੇ ਸਥਾਪਤ ਹੋਏ।

### ਭਾਈ ਮਹਿਤਾਬ ਸਿੰਘ

ਭਾਈ ਮਹਿਤਾਬ ਸਿੰਘ ਅੰਮ੍ਰਿਤਸਰ ਤੋਂ 5 ਮੀਲ ਦੂਰ ਪਿੰਡ ਮੀਰਾਂਕੋਟ ਦੇ ਵਸਨੀਕ ਸਨ। ਉਹ ਬੜੇ ਬਹਾਦਰ ਤੇ ਦ੍ਰਿੜ੍ਹ ਇਰਾਦੇ ਵਾਲੇ ਸਨ। ਨਾਦਰ ਸ਼ਾਹ ਦੇ ਹੁਕਮਾਂ ਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਜਦੋਂ ਸਿੱਖਾਂ ਨੂੰ ਖਤਮ ਕਰਨ ਦੇ ਖ਼ੂਨੀ ਇਰਾਦੇ ਨਾਲ ਸਿੱਖਾਂ 'ਤੇ ਜ਼ੁਲਮ ਢਾਹੇ ਤਾਂ ਸਿੰਘ ਜੰਗਲਾਂ-ਬੇਲਿਆਂ, ਪਹਾੜਾਂ ਅਤੇ ਰੇਗਿਸਤਾਨਾਂ ਵਿਚ ਵੱਸਣ ਲੱਗੇ। ਭਾਈ ਮਹਿਤਾਬ ਸਿੰਘ ਬੀਕਾਨੇਰ ਦੇ ਰੇਗਿਸਤਾਨ ਵਿਚ ਚਲੇ ਗਏ। ਜਦੋਂ ਉਹਨਾਂ ਮੱਸਾ ਰੰਗੜ ਵੱਲੋਂ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖਬਰ ਸੁਣੀ ਤਾਂ ਪਿੰਡ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨਾਲ ਮੱਸਾ ਰੰਗੜ ਦਾ ਸਿਰ 11 ਅਗਸਤ 1740 ਨੂੰ ਲਾਇਆ। ਜਿਸ ਨੇ ਦੋਹਾਂ ਸੂਰਬੀਰਾਂ ਨੂੰ ਅਮਰ ਕਰ ਦਿੱਤਾ। ਮੱਸਾ ਰੰਗੜ ਦੇ ਖਤਮ ਹੋਣ ਦੀ ਖਬਰ ਸੁਣ ਕੇ ਜਕਰੀਆ ਖਾਂ ਤੈਸ਼ ਵਿਚ ਆ ਗਿਆ। ਉਸਨੇ ਸਾਰੇ ਚੌਧਰੀਆਂ ਜਿਵੇਂ ਛੀਨੇ ਦਾ ਕਰਮਾ, ਤਲਵੰਡੀ ਦਾ ਰਾਮਾ ਰੰਧਾਵਾ, ਨੌਸ਼ਿਹਰੇ ਢਾਚੇ ਦਾ ਸਾਹਿਬ ਰਾਏ, ਜੰਡਿਆਲੇ ਦਾ ਹਰਿਭਗਤ, ਨਿਰੰਜਣੀਆਂ ਆਦਿ ਨੂੰ ਸਿੰਘਾਂ ਦੇ ਗ੍ਰਿਫਤਾਰ ਕਰਨ ਦੇ ਹੁਕਮ ਸੁਣਾਏ। ਹਰਿਭਗਤ ਨਿਰੰਜਣੀਆ ਨੇ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦੇ ਨਾਂ ਦੱਸ ਦਿੱਤੇ। ਨੂਰਦੀਨ ਦਾ ਪੁੱਤਰ ਰਾਏ ਸਿੰਘ ਪਿੰਡ ਵਿਚ ਸੀ, ਜਿਸਨੂੰ ਪੰਚ ਨੱਥੇ ਖਹਿਰੇ ਕੋਲ ਨਿਗਰਾਨੀ ਹੇਠ ਰੱਖਿਆ ਸੀ। ਨੱਥਾ ਸਿੰਘ ਕੁਝ ਸਾਥੀਆਂ ਨਾਲ ਘਰ ਦੇ ਪਿਛਲੇ ਰਸਤੇ ਤੋਂ ਲੜਕੇ ਨੂੰ ਲੈ ਕੇ ਪਿੰਡੋਂ ਨਿਕਲ ਗਿਆ। ਫੌਜਦਾਰ ਨੂਰਦੀਨ ਨੇ ਦੂਰ ਜਾ ਕੇ ਉਹਨਾਂ ਨੂੰ ਘੇਰ ਲਿਆ। ਨੱਥਾ ਅਤੇ ਉਸਦੇ ਸਾਥੀ ਮੁਕਾਬਲੇ ਵਿਚ ਮਾਰੇ ਗਏ। ਲੜਕੇ ਨੂੰ ਬੁਰੀ ਤਰ੍ਹਾਂ ਜ਼ਖਮੀ ਹੋਏ ਨੂੰ ਮਾਰਿਆ ਸਮਝ ਕੇ ਛੱਡ ਗਏ। ਬੱਚਾ ਇਕ ਇਸਤਰੀ ਦੇ ਨਜ਼ਰੀਂ ਪਿਆ ਜਿਸ ਨੇ ਉਸਦੀ ਸੰਭਾਲ ਕਰਕੇ ਬਚਾਅ ਲਿਆ। ਭਾਈ ਮਹਿਤਾਬ ਸਿੰਘ ਜਦੋਂ ਬੀਕਾਨੇਰ ਤੋਂ ਆਪਣੇ ਪਰਿਵਾਰ ਨੂੰ ਮਿਲਣ ਆਏ ਤਾਂ ਹਰਿਭਗਤ ਨਿਰੰਜਣੀਏ ਨੇ ਉਹਨਾਂ ਨੂੰ ਗ੍ਰਿਫਤਾਰ ਕਰਵਾ ਕੇ ਲਾਹੌਰ ਭੇਜ ਦਿੱਤਾ। ਮੁਗਲਾਂ ਨੇ ਆਪਣੀ ਨੀਚ ਆਦਤ ਨਾਲ ਇਸਲਾਮ ਕਬੂਲ ਕਰਨ ਲਈ ਕਿਹਾ। ਪਰ ਭਾਈ ਸਾਹਿਬ ਨੇ ਮੌਤ ਕਬੂਲ ਕੀਤੀ। ਭਾਈ ਤਾਰੂ ਸਿੰਘ ਜੀ ਦੇ ਸਾਹਮਣੇ ਭਾਈ ਮਹਿਤਾਬ ਸਿੰਘ ਜੀ ਜੂਨ 1745 ਵਿਚ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤੇ ਗਏ।

# ਪ੍ਰਸਿੱਧ ਗ਼ਜ਼ਲਗੋ ਜਨਾਬ ਹਰਭਜਨ ਸਿੰਘ ਬੈਂਸ ਨਾਲ ਇਕ ਪਰਿਵਾਰਕ ਮਿਲਣੀ

**ਯੂਨੀਅਨ ਸਿਟੀ-** ਬੀਤੇ ਸਮੇਂ ਵਿਚ ਪ੍ਰਸਿੱਧ ਗਜ਼ਲਗੋ ਜਨਾਬ ਹਰਭਜਨ ਸਿੰਘ ਬੈਂਸ ਸਿਆਟਲ ਤੋਂ ਕੈਲੇਫੋਰਨੀਆ ਫੇਰੀ ਤੇ ਸਨ। ਪੰਜਾਬੀ ਸ਼ਾਇਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੇ ਗ੍ਰਹਿ ਯੂਨੀਅਨ ਸਿਟੀ ਵਿਖੇ ਇਕ ਪਰਿਵਾਰਕ ਸਾਹਿਤਕ ਮਿਲਣੀ ਹੋਈ, ਜਿਸ ਵਿਚ ਪੰਜਾਬੀ ਸਾਹਿਤ ਦੀ ਉਨਤੀ ਲਈ ਢੇਰ ਸਾਰੀਆਂ ਗੱਲਾਂ ਹੋਈਆਂ। ਉਥੇ ਬੈਂਸ ਸਾਹਿਬ ਵੱਲੋਂ ਮਨੁੱਖਤਾ ਨੂੰ ਪੇਸ਼ ਆ ਰਹੀਆਂ ਘਟਨਾਵਾਂ ਦੇ ਵਿਸ਼ਿਆਂ ਤੇ ਆਪਣੀ ਸ਼ਾਇਰੀ ਸਾਂਝੀ ਕੀਤੀ। ਉਹਨਾਂ ਇਹ ਵੇਰਵਾ ਤਰਨੰਮ ਵਿਚ ਗਾ ਕੇ ਵੀ ਪੇਸ਼ ਕੀਤਾ। ਇਕ ਪ੍ਰੌੜ੍ਹ ਸ਼ਾਇਰੀ ਦਾ ਸਬੂਤ ਦਿੱਤਾ। ਬੈਂਸ ਸਾਹਿਬ ਸੁਰ ਅਤੇ ਸ਼ਾਇਰੀ ਦਾ ਬਾਖੂਬ ਗਿਆਨ ਰੱਖਦੇ ਹਨ। ਇਸ ਲਈ ਜਦ ਤਰੰਨਮ ਵਿਚ ਪੇਸ਼ ਕਰਦੇ ਹਨ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਨਿੱਬੜਦੀ ਹੈ।



ਬੱਚਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਚਿੰਤਾ ਅਤੇ ਦਿਸ਼ਾ ਦਾ ਸ਼ਿਅਰ ਦਰਜ ਹੈ।



ਆਓ ਕਿ ਬੂਟੇ ਸਾਂਭੀਏ, ਲਾਏ ਜੋ ਰਾਵਾਂ ਵਾਸਤੇ।
ਪੱਛੜੇ ਰਹੇ ਜੇ ਵੇਲਿਉਂ, ਤਰਸਾਂਗੇ ਛਾਵਾਂ ਵਾਸਤੇ।

ਅਤੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਦਾ ਸ਼ਿਅਰ ਹੈ:

ਜੇਕਰ ਕੱਲ੍ਹ ਨੂੰ ਜਿਉਂਦਾ ਰੱਖਣਾ ਮਰਦੇ ਅੱਜ ਦੀ ਸੁੱਧ ਬੁੱਧ ਲਈਏ।
ਏਹੀਓ ਅੱਜ ਦੇ ਬੰਦੇ ਕਹਿੰਦੇ, ਇਹੀਉ ਅੱਜ ਦੇ ਕਹਿਣ ਘੁਨੀਈਏ।

ਪਰਿਵਾਰਕ ਮਿਲਣੀ ਦਾ ਸਾਰਥਕ ਪ੍ਰਭਾਵ ਪਿਆ ਅਤੇ ਦੇਰ ਤੱਕ ਬੈਂਸ ਸਾਹਿਬ ਦੀ ਸ਼ਾਇਰੀ ਦਾ ਆਨੰਦ ਮਾਣਿਆ ਗਿਆ। ਇਕ ਯਾਦਗਾਰੀ ਤਸਵੀਰ ਨਾਲ ਪਰਿਵਾਰਕ ਮਿਲਣੀ ਸੰਪੰਨ ਹੋਈ।

**-ਪ੍ਰਮਿੰਦਰ ਸਿੰਘ ਪ੍ਰਵਾਨਾ 510-415-9377**

# ਪਾਲੀਵੁੱਡ ਝਰੋਖਾ

-ਅੰਮ੍ਰਿਤ ਪਵਾਰ



**ਰੇਸ਼ਨ ਛੀਨਾ - ਹੁਣ ਨਿਰਮਾਤਾ**

ਚੋਟੀ ਦਾ ਗਾਇਕ ਹੈ ਮਝੈਲ ਰੇਸ਼ਮ ਛੀਨਾ ਤੇ ਉਹ ਆ ਰਹੀ ਫਿਲਮ 'ਜੁਦਾਈਆਂ' ਦਾ ਹੀਰੋ ਵੀ ਹੈ । ਹੁਣ ਮੌਜੂਦਾ ਦੌਰ 'ਚ ਰੇਸ਼ਮ ਛੀਨਾ ਜਿੱਥੇ ਨਿਰਮਾਤਾ ਬਣ ਗਾਇਕਾਂ ਦੇ ਗੀਤ ਰਿਲੀਜ ਕਰ ਰਿਹਾ ਹੈ ਉਥੇ ਛੀਨਾ ਪ੍ਰੋਢਕਸ਼ਨਜ ਦੇ ਬੈਨਰ ਹੇਠ ਪੰਜਾਬੀ ਫਿਲਮਾਂ ਬਣਾ ਰਿਹਾ ਹੈ । ਰੇਸ਼ਮ ਛੀਨਾਂ ਅਨੁਸਾਰ ਆ ਰਿਹਾ ਸਮਾਂ 'ਐਮਾਜੋਨ' 'ਨੈਟਫਲਿਕਸ' ਦਾ ਹੈ, ਇਸ ਲਈ ਨਿਰਮਾਤਾ ਬਣ ਉਹ ਕੁਝ ਕਰੇਗਾ।



**ਸੋਨਮ ਕੌਰ ਨਵੀ ਪਰੀ**

ਅਭਿਨੈ ਸਮੁੰਦਰ ਦੀ ਨਵੀਂ ਲਹਿਰ ਹੈ ਸੋਨਮ ਕੌਰ ਜਿਸ ਦੀ ਮਸੂਮੀਅਤ ਤੇ ਮੁਸਕਾਨ ਗਜਬ ਦੀ ਹੈ । ਰੰਗ ਬਿਰੰਗੀ ਪ੍ਰੀਤ ਸਿੱਧੂ ਦੀ ਇਸ ਪੰਜਾਬੀ ਵੈਬ-ਸੀਰੀਜ 'ਚ ਸੋਨਮ ਕੌਰ ਕਾਸ ਕਿਰਦਾਰ ਨਿਭਾ ਰਹੀ ਹੈ । ਸੋਨਮ ਇੱਕ ਤਰਾਂ ਨਾਲ ਪੰਜਾਬੀ ਫਿਲਮਾਂ ਲਈ ਹੀਰੋਇਨ ਬਣ ਉੱਭਰਨ ਲਈ ਤਿਆਰ ਹੈ। ਵਿਸ਼ਵਾਸ ਹੈ ਕਿ ਕਾਮਯਾਬੀ ਪੱਕੀ ਮਿਲੇਗੀ।



**ਅਦਿਤਯ ਸੂਦ ਸਹੀ ਇਕ ਸਾਨ**

ਫਿਲਮੀ ਲੋਕ ਇੱਕ-ਦੂਜੇ ਨੂੰ ਕਿਵੇਂ ਠਿੱਬੀ ਲਾਉਂਦੇ ਨੇ ਯੁਵਾਂ-ਨਿਰਦੇਸ਼ਕ ਅਦਿਤਯ ਸੂਦ ਨੇ ਸਾਫ ਕੀਤਾ ਹੈ। ਅਦਿਤਯ ਅਨੁਸਾਰ ਉਸਦੀ ਫਿਲਮ 'ਤੇਰੀ ਮੇਰੀ ਜੋੜੀ' ਲਈ ਸਿਨੇਮਾ ਤੱਕ ਨਹੀ ਸੀ ਮਿਲਣ ਦਿੱਤੇ ਗਏ । ਕਾਰਣ ਉਸ ਤੋਂ ਜੂਨੀਅਰ ਨਹੀ ਚਾਹੁੰਦੇ ਸੀ ਕਿ ਇਹ ਬੰਦਾਂ ਤਰੱਕੀ ਕਰ ਜਾਏ। ਰੱਬ ਸਾਥ ਤਾਂ ਡਰ ਕਾਹਦਾ ।



**ਯਾਮੀ ਗੌਤਮ - ਸਟਾਰ**

ਅਮਰਿੰਦਰ ਗਿੱਲ ਨਾਲ ਹੀਰੋਇਨ ਆਈ ਯਾਮੀ ਗੌਤਮ ਲਈ ਕਿਸਮਤ ਮਿਹਰਬਾਨ ਰਹੀ ਹੈ । ਯਾਮੀ ਹੁਣ ਰਿਤਿਕ ਰੌਸਨ, ਸਲਮਾਨ ਖਾਨ ਨਾਲ ਕੰਮ ਕਰ ਚੁੱਕੀ ਹੈ। ਯਾਮੀ ਹਦਾ ਕਹਿਣਾ ਹੈ ਕਿ ਸਭ ਲੋਕਾਂ ਦਾ ਪਿਆਰ ਤੇ ਪਿਤਾ ਮੁਕੇਸ਼ ਗੌਤਮ ਦਾ ਸਹਿਯੋਗ ਹੈ।

**ਹਾਕਮ ਬਖਤੜੀਵਾਲਾ - ਫਿਲਮੀ ਟੱਬਰ**

ਪ੍ਰਸਿੱਧ ਪੰਜਾਬੀ ਗਾਇਕ, ਗੀਤਕਾਰ ਹਾਕਮ ਬਖਤੜੀਵਾਲਾ ਦੀਆਂ ਦੋਹਵੇ ਧੀਆਂ ਫਿਲਮਾਂ 'ਚ ਹਨ । ਰਮਜੀਤੂ ਸਾਊਥ ਦੀ ਨਾਇਕਾ ਹੈ ਤੇ ਅਸ਼ਮਾਇਰਾ ਸਿੰਘ ਟੀ.ਵੀ ਦੀ ਜਾਣੀ ਪਛਾਣੀ ਅਦਾਕਾਰ ਹੈ । ਹਾਕਮ ਚਾਹੁੰਦਾ ਹੈ ਕਿ ਦੋਹਵੇਂ ਧੀਆਂ ਫਿਲਮ ਸਨਅਤ ' ਸਟਾਰਡੰਮ ਦੇਖਣ ਤੇ ਉਹ ਰੱਬ ਦਾ ਸ਼ੁਕਰ ਗੁਜਾਰ ਹੈ।





**ਮਹਿਮਾ ਹੋਰ - ਫਿੱਟ**

ਲਾਕਡਾਊਨ 'ਚ ਮਹਿਮਾ ਹੋਰਾ ਕਮਾਲ ਦੀ ਫਿੱਟ ਹੋ ਗਈ ਹੈ ਯੋਗਾ ਤੇ ਕਸਰਤ ਦੇ ਨਾਲ ਖੰਡਾਂ ' ਚ ਹਿੱਸਾ ਲੈ ਮਹਿਮਾ ਨੈ ਹਿੰਦੀ ਫਿਲਮਾਂ ਦੇ ਅਨੁਕੂਲ ਬਣਾਈ ਹੈ।

## ਕਰੋਨਾ ਦਾ ਕਹਿਰ

ਅੱਜ ਤਾਂ ਸਭ ਨੂੰ ਲੱਗਦਾ
ਰੋਗ ਵਹਾਅ ਅੰਦਰ
ਮੌਤ ਬਣੀ ਸਿਰਨਾਵਾਂ
ਹਰ ਇਕ ਸਾਹ ਅੰਦਰ।

ਘਰ ਘਰ ਲੰਮੇ ਕੀਰਨੇ
ਵੇਖ ਰਿਹਾ ਪੈਂਦੇ
ਉਡਦਾ ਫਿਰੇ ਕਰੋਨਾ
ਏਸ ਸ਼ੁਦਾਅ ਅੰਦਰ।

ਲੋਕ ਰੋਜ਼ ਹੀ ਸੁਣਦੇ
ਗਿਣਤੀ ਮੌਤਾਂ ਦੀ
ਰੋਗ 'ਚ ਫਸਦੇ ਜਾਣ
ਹੋਏ ਫੈਲਾਅ ਅੰਦਰ।

ਬੇਬਸੀਆਂ ਵਿਚ ਸਿਰ
ਝੁਕਾਏ ਲੋਕਾਂ ਨੇ
ਖੱਬੀਖਾਨ ਵੀ ਆਏ
ਇਸੇ ਦਬਾਅ ਅੰਦਰ।

ਅੱਜ ਨਾ ਕੋਈ ਆਖੇ
ਘਰ ਵਿਚ ਜੀ ਆਇਆਂ
ਸਾਰੇ ਨਾ ਫਸ ਜਾਵਣ
ਬੁਰੀ ਬਲਾਅ ਅੰਦਰ।

ਫਿਰਨ ਢਕੀ ਮੂੰਹ ਸਾਰੇ
ਕਰੋਨਾ ਨਹੀਂ ਜਾਂਦਾ
ਪਤਾ ਨਹੀਂ ਕਿੱਥੇ ਲੁਕਿਆ
ਕੇਸ ਖਲਾਅ ਅੰਦਰ।

ਕੋਈ ਦਵਾ ਨਹੀਂ ਲੱਭੀ
ਖੋਜੀ ਲੱਭ ਰਹੇ ਨੇ
ਰਾਜਨੀਤੀ ਹੱਲ ਭਾਲ਼ੇ
ਕੇਹੇ ਦਾਅ ਅੰਦਰ।

ਇਕ ਦੇਸ਼ ਦੀ ਗਲਤੀ
ਸਾਰੇ ਭੁਗਤ ਰਹੇ ਨੇ
ਸਾਰੀ ਦੁਨੀਆਂ ਸੁੱਟੀ
ਮੌਤ ਤਲਾਅ ਅੰਦਰ।

ਸਾਰੇ ਦੇਣ ਮਸ਼ਵਰੇ
ਰੋਗ 'ਤੇ ਕਾਬੂ ਦੇ
ਮਿਲਦਾ ਕੁੱਝ ਵੀ ਨਾਹੀਂ
ਕਿਸੇ ਸਲਾਹ ਅੰਦਰ।

ਨਵਾਂ ਸਿਲੇਬਸ ਧਾਰੋ
ਘਰ ਵਿਚ ਬੰਦ ਰਹੋ
ਅੱਖਾਂ ਮੀਚ ਕੇ ਬੈਠੋ
ਅਜੇ ਟਿਕਾਅ ਅੰਦਰ।



**ਸ਼ਾਮ ਸਿੰਘ**
**98141-13338**

## ਅਜ਼ਾਦੀ

ਓ ਦੇਸ਼ ਦੇ ਝੰਡੇ,
ਤੈਨੂੰ ਉਚਾ ਕਰ ਫ਼ਹਿਰਾਵਾਂਗੇ ।
ਦੇਸ਼ ਕੌਮ ਲਈ ਗਏ ਜੋ ਵਾਰੇ
ਉਨ੍ਹਾਂ ਲਈ ਸ਼ੀਸ਼ ਝੁਕਾਵਾਂਗੇ ।
ਓ ਦੇਸ਼ ਦੇ ਝੰਡੇ
ਤੈਨੂੰ ਉਚਾ ਕਰ ਫ਼ਹਿਰਾਵਾਂਗੇ ।

ਅਜ਼ਾਦੀ ਲਈ ਤਾਂ ਸੂਰ-ਬੀਰਾਂ ਨੇ
ਆਪਣਾ ਖ਼ੂਨ ਵਹਾਇਆ ਸੀ ,
ਸੁਪਨਾ ਸੀ ਦੇਸ਼ ਸਵਰਗ ਬਣਾਉਣਾ
ਜੀਵਨ ਲੇਖੇ ਲਾਇਆ ਸੀ ।
ਜੋ ਕੰਮ ਉਨ੍ਹਾਂ ਦਾ ਰਿਹਾ ਅਧੂਰਾ
ਮਿਲ-ਜੁਲ ਕੇ ਸਿਰੇ ਚੜਾਵਾਂਗੇ,
ਓ ਦੇਸ਼ ਦੇ ਝੰਡੇ
ਤੈਨੂੰ ਉਚਾ ਕਰ ਫ਼ਹਿਰਾਵਾਂਗੇ ।

ਜਲਿਆਂ ਵਾਲੇ ਬਾਗ ਦਾ ਸਾਕਾ
ਗਿਆ ਨਾਂ ਕਿਸੇ ਤੋਂ ਝਲਿਆ ਸੀ,
ਗੋਰੇ ਨੂੰ ਵਿੱਚੋਂ ਦੇਸ਼ ਭਜਾਉਣਾ
ਘਰ ੨ ਸੁਨੇਹਾ ਘੱਲਿਆ ਸੀ ।
ਹੱਸ ੨ ਸ਼ਹੀਦਾਂ ਫਾਂਸੀ ਨੂੰ ਚੁੰਮਿਆ
ਕਿਹਾ ਅਜ਼ਾਦੀ ਵਿਆਹ ਲਿਆਵਾਂਗੇ,
ਓ ਦੇਸ਼ ਦੇ ਝੰਡੇ
ਤੈਨੂੰ ਉਚਾ ਕਰ ਫ਼ਹਿਰਾਵਾਂਗੇ ।

ਗੂੰਜੀ ਦੇਸ਼ 'ਚ' ਲਹਿਰ ਅਜ਼ਾਦੀ
ਮੌਤ ਤੋਂ ਕੋਈ ਨਾ ਭੱਜਿਆ ਸੀ,
ਖ਼ੂਨ ਖੌਲਿਆ ਸੀ ਵਿੱਚ ਉਧਮ
ਉਹ ਲੰਡਨ ਜਾ ਕੇ ਗਜਿਆ ਸੀ।
ਸੌਂਹ ਖਾਦੀ ਸੀ ਉਸ ਸ਼ੇਰ ਨੇ
ਉਡਵਾਇਰ ਨੂੰ ਮਾਰ ਮੁਕਾਵਾਂਗੇ,
ਓ ਦੇਸ਼ ਦੇ ਝੰਡੇ
ਤੈਨੂੰ ਉਚਾ ਕਰ ਫ਼ਹਿਰਾਵਾਂਗੇ ।

ਲਹਿਰ ਬਗ਼ਾਵਤ ਦੀ ਵੇਖ ਕੇ
ਗੋਰੇ ਦਾ ਦਮ ਸੁੱਕਿਆ ਸੀ ,
ਦੌੜੇ ਜਾਂਦੇ ਕੀਤੀ ਸ਼ਰਾਰਤ
ਦੇਸ਼ ਮੇਰਾ ਉਹਨੇ ਟੁੱਕਿਆ ਸੀ ।
ਜੋ ਵੀ ਹੈ ਭਾਰਤ ਦੇਸ਼ ਅਸਾਡਾ
ਅਸੀਂ ਉਹਦੀ ਸ਼ਾਨ ਵਧਾਵਾਂਗੇ,
ਓ ਦੇਸ਼ ਦੇ ਝੰਡੇ
ਤੈਨੂੰ ਉਚਾ ਕਰ ਫ਼ਹਿਰਾਵਾਂਗੇ ।

ਸੁਣੋ ਦੇਸ਼ ਦੇ ਪੈਰੋਕਾਰੋ
ਸ਼ਹੀਦਾਂ ਦੇ ਅਸੀਂ ਵਾਰਸ ਹਾਂ,
ਖ਼ੂਨ ਡੋਲਿਆ ਜਿਸ ਮਕਸਦ ਲਈ
ਉਹਦੇ ਵੀ ਅਸੀਂ ਸਾਲਸ ਹਾਂ ।
ਹੱਕ ਆਪਣੇ ਲੈਣ ਦੀ ਖ਼ਾਤਿਰ
ਸਿਰ ਧੜ ਦੀ ਬਾਜ਼ੀ ਲਾਵਾਂਗੇ,
ਓ ਦੇਸ਼ ਦੇ ਝੰਡੇ
ਤੈਨੂੰ ਉਚਾ ਕਰ ਫ਼ਹਿਰਾਵਾਂਗੇ ।

**ਰਬਿੰਦਰ ਸ਼ਰਮਾ**
**91-98146-67682**

## ਅਬਾਰਤ

ਜਾਗਦੇ ਹਾਂ
ਦੇਖਦੇ ਹਾਂ
ਸੁਣਦੇ ਹਾਂ
ਲਿਖਦੇ ਹਾਂ
ਬੰਦ ਕਰ ਦਿਓਗੇ !
ਕੋਈ ਫਰਕ ਨਹੀਂ
ਸੁਪਨੇ ਲੈਂਦੇ ਰਹਾਂਗੇ।
ਤੁਸੀਂ ਘਬਰਾਓਗੇ
ਇਹ ਕਲਮ ਬੰਦ ਤੇ
ਲੋਕ ਪੁੱਛਣਗੇ
ਲੋਕ ਜਾਗਣਗੇ
ਲੋਕ ਉਠਣਗੇ
ਲੋਕ ਲਿਖਣਗੇ
ਕੀ ਕੁਝ ਬੰਦ ਕਰੋਗੇ ?
ਕਿਸ ੨ ਨੂੰ ਬੰਦ ਕਰੋਗੇ
ਹੱਥ, ਪੈਰ ਬੰਦ ਕਰੋਗੇ
ਮੂੰਹ, ਅੱਖ, ਕੰਨ ਬੰਦ ਕਰੋਗੇ
ਸੱਚ ਬੰਦ ਹੋ ਕੇ ਨਹੀ ਰਹਿੰਦਾ
ਇਹ ਬਾਹਰ ਆ ਹੀ ਜਾਂਦਾ ਹੈ
ਜਾਗਿਆਂ ਸੁਪਨੇ ਮਰਦੇ ਨਹੀਂ
ਸਗੋਂ ਸੁਪਨੇ ਸਾਕਾਰ ਹੁੰਦੇ ਹਨ।
ਚੁੱਪ ਦੇ ਵੀ ਕਈ ਸਵਾਲ ਹਨ
ਮੌਸਮ ਚੁੱਪ 'ਚ' ਬਦਲਦੇ ਹਨ
ਅੰਦਰ ਦਾ ਖ਼ੂਨ ਚੁੱਪ ਹੈ
ਪਰ ਚੱਲਦਾ ਰਹਿੰਦਾ ਹੈ
ਹਉਕੇ ਵੀ ਭਰ ਲੈਂਦਾ ਹੈ
ਰੁਕਦਾ ਨਹੀਂ ਖੌਲਦਾ ਹੈ ।
ਤਸ਼ਦੱਦ ਕਰੋਗੇ
ਸੁੱਤੇ ਜਾਗਣਗੇ
ਜਾਗਿਓ ਤੁਰਨਗੇ
ਖ਼ੂਨ ਰਗ ੨ ਵਿੱਚ ਦੌੜੇਗਾ
ਹਰ ਮਾਨਵ ਨੂੰ ਝੰਜੋੜੇਂਗਾ
ਦੇ ਜਾਵੇਗਾ ਨਵਾਂ ਪੈਗ਼ਾਮ
ਢਹੇਗਾ ਸੜਿਆ ਨਿਯਾਮ
ਅਬਾਰਤ ਲਿਖੀ ਜਾਵੇਗੀ,
ਇਹ ਬੰਦ ਨਾ ਹੋ ਪਾਵੇਗੀ...।



## ਭਾਈ ਜੈਤਾ ਜੀ

1.ਲਿਆਓ ਸੂਰਮਾ ਗੁਰੂ ਦਾ ਸੀਸ ਕੋਈ,
ਪਹਿਰਾ ਤੋੜ ਕੇ ਮੁਗਲ ਜਰਵਾਣਿਆਂ ਦਾ।
ਵੱਟਾ ਲੱਗੇ ਨਾ ਭਾਰਤ ਦੀ ਅਣਖ ਤਾਂਈਂ,
ਗਰਬ ਟੁੱਟ ਜਾਏ ਮੁਗਲ ਮੁਲਾਣਿਆਂ ਦਾ।
ਛਲ ਕੇ ਹਾਕਮਾਂ ਨੂੰ , ਅੱਖੀਂ ਪਾ ਘੱਟਾ,
ਮਾਣ ਰੱਖੇ ਜੋ ਸਿੱਖੀ ਘਰਾਣਿਆਂ ਦਾ।
ਨਿੱਤਰੋ ! ਗੁਰੂ ਦਾ ਬਣ ਕੇ ਸਿੱਖ ਆਓ,
ਆਸ਼ਕ ਹੈ ਜੋ, ਗੁਰੂ ਦੇ ਭਾਣਿਆਂ ਦਾ।

2.ਸਹਿਮ ਛਾਇਆ ਚੁਫ਼ੇਰੇ ਚੁੱਪ ਵਰਤੀ,
ਪਾ ਕੇ ਨੀਵੀਆਂ ਸੂਰੇ ਦਲੇਰ ਬਹਿ ਗਏ।
ਫਿਰ ਗਈ ਪਿਲੱਤਣ, ਮੁਰਦੇ-ਹਾਣ ਛਾ ਗਈ,
ਢਾਹ ਕੇ ਢੇਰੀਆਂ ਢੇਰਾਂ ਦੇ ਢੇਰ ਬਹਿ ਗਏ।
ਮਜਨੂੰ ਦੁੱਧ ਪੀਣੇ, ਕੁਣਕਾ ਛੱਕਣ ਵਾਲੇ,
ਗੋਗੜਧਾਰੀ ਕਈ ਕਾਗਜ਼ੀ ਸ਼ੇਰ ਬਹਿ ਗਏ ।
ਅੱਖ ਬਚਾ ਕੇ ਪੱਤਰੇ ਵਿਚ ਗਏ ਕਈ,
ਧੌਣਾਂ ਸੁੱਟ ਕੇ ਕਈ ਟੁੱਕ -ਟੇਰ ਬਹਿ ਗਏ।

3.ਹਿੰਮਤ ਧਾਰ ਕੇ ਉੱਠਿਆ "ਭਾਈ ਜੈਤਾ",
ਮੇਰੇ ਸਿਰ ਜੇ ਗੁਰੂ ਦਾ ਹੱਥ ਹੋਵੇ।
ਗੁਰੂ ਸੇਵਾ ਤੋਂ ਮੁੜਾਂ ਨਾ ਮੂਲ ਪਿੱਛੇ,
ਲਿਖੀ ਸੇਵਾ ਜੇ ਸੇਵਕ ਦੇ ਮੱਥ ਹੋਵੇ।
ਕਰ ਕੇ ਕਾਜ ਸੰਪੂਰਨ, ਮੁੜੂੰ ਝੱਬਦੇ,
ਸੰਗ ਗੁਰੂ ਜੇ ਪੂਰਾ ਸਮਰੱਥ ਹੋਵੇ।
ਗੁਰੂ ਪਿਤਾ ਲਈ ਪਿਤਾ ਦੀ ਬਲੀ ਦੇਵੇ ,
ਜਿਹੜੀ ਕੌਮ ਬਹਾਦਰ, ਸਿਰਲੱਥ ਹੋਵੇ

4.ਅਨੰਦਪੁਰ ਆ ਗਿਆ ਗੁਰੂ ਦਾ ਸੀਸ ਲੈ ਕੇ,
ਦੱਸੀ! ਹੋਈ ਜੋ ਦਿੱਲੀ ਦਰਬਾਰ ਅੰਦਰ।
ਦੇ ਤਸੀਹੇ ਗੁਰੂ ਸ਼ਹੀਦ ਕੀਤੇ,
ਹੁਕਮਰਾਨਾਂ ਨੇ ਸ਼ਾਹੀ ਹੰਕਾਰ ਅੰਦਰ।
ਜਿਵੇਂ ਜਾਲਮਾਂ ਜੁਲਮ ਦੀ ਹੱਦ ਕੀਤੀ,
ਮਿਲੇ ਮਿਸਾਲ ਨਾ ਸਾਰੇ ਸੰਸਾਰ ਅੰਦਰ।
ਨਾਲੇ ਰੋਵੇ ਤੇ ਨਾਲੇ ਹਾਲ ਦੱਸੇ,
ਭਾਈ ਜੈਤਾ ਜੀ ਗੁਰੂ ਦੇ ਪਿਆਰ ਅੰਦਰ।

5.ਅੱਖਾਂ ਫੇਰ ਗਏ, ਗੁਰੂ ਦੇ ਸਿੱਖ ਸਾਰੇ,
ਨਾਤਾ ਤੋੜ ਗਏ ਕੰਨੀ ਖਿਸਕਾ ਗਏ ਸੱਭ।
ਰਾਮ ਰਾਮ ਕਰਦੇ,ਰਾਮ ਭਗਤ ਬਣ ਕੇ,
ਭੈਅ -ਭੀਤ ਹੋ ਭੱਜ ਭਜਾ ਗਏ ਸੱਭ।
ਜਿਹੜੇ ਗੁਰੂ ਨੂੰ ਦਾਅਵਤਾਂ ਵਰਜਦੇ ਸਨ,
ਸਿੱਖ ਲੁਕ ਗਏ, ਛੁਪ ਛੁਪਾ ਗਏ ਸੱਭ।
ਵੱਡੇ ਘਰਾਣਿਆਂ ਦੇ ਸਿੱਖ ਅਖਵਾਉਣ ਵਾਲੇ,
ਸੱਚੇ ਪਾਤਸ਼ਾਹ! ਪਿੱਠ ਵਿਖਾ ਗਏ ਸੱਭ।

6. ਵਾਹ ਰੰਘਰੇਟਿਆਂ ! ਗੁਰੂ ਦੇ ਬੇਟਿਆਂ ਨੇ
ਮਜ਼੍ਹਬ ਪਾਲ਼ਿਆ, ਮਜ਼੍ਹਬ ਦੀ ਸ਼ਾਨ ਰੱਖੀ।
ਅਸਮਤ ਦਿੱਤੀ ਨਾ ਦੇਸ ਦੀ ਰੁੱਲਣ ਪੈਰੀਂ,
ਅਣਖ ਖਾਤਰ ਹੱਥੇਲੀ ਤੇ ਜਾਨ ਰੱਖੀ।
ਗੁਰੂ ਪਿਤਾ ਦੀ ਦੇਹ ਨਾ ਰੁੱਲਣ ਦਿੱਤੀ,
ਕਰਕੇ ਪਿਤਾ ਦੀ ਜਾਨ ਕੁਰਬਾਨ ਰੱਖੀ।
ਲੱਖਾਂ ਵਿੱਚ ਨਾ ਛੁਪੇ, ਐਸਾ ਸਿੱਖ ਸਾਜੂੰ,
ਗੁਰਾਂ ਕਿਹਾ ਮੈਂ ਜੈਤਾ ਜੀ ! ਠਾਣ ਰੱਖੀ।

ਮਾਂ ਪ੍ਰੇਮੋ ਦੀ ਅੱਖ ਦਾ ਚੰਦ ਤਾਰਾ,
ਸਦਾ ਨੰਦ ਦਾ ਪੁੱਤਰ ਬਲਵਾਨ ਜੈਤਾ।
ਪਵਨ- ਪੁੱਤਰ ਸੰਜੀਵਨੀ ਲੈ ਮੁੜਿਆ,
ਮੁਰਦਾ- ਕੌਮ ਲਈ ਬਣਿਆਂ ਵਰਦਾਨ ਜੈਤਾ।
ਗੁਰੂ ਬੇਟਿਆਂ! ਧਰਮ ਦੀ ਲਾਜ ਰੱਖੀ,
ਕਰ ਕੇ ਆ ਗਿਆ ਕਾਜ ਮਹਾਨ ਜੈਤਾ।
ਸਿਰੜੀ, ਹਿੰਮਤੀ, ਸੂਰਾ, ਸਿਰਲੱਥ -ਯੋਧਾ,
ਅਣਖ ਕੌਮ ਦੀ, ਦੇਸ ਦੀ ਸ਼ਾਨ ਜੈਤਾ।

8.ਛੁਪੀ ਪਰਬਤ ਦੀ ਹਿੱਕ ਵਿਚ ਅੱਗ ਸੀ ਓਹ,
ਬੁੱਕਲ ਲਹਿਰਾਂ ਦੀ ਛੁਪਿਆ ਤੂਫਾਨ ਜੈਤਾ।
ਬਹਿਣੀ ਬੈਠਾ ਓਹ ਬੀਰ ਬਹਾਦਰਾਂ ਦੀ,
ਪਲ ਕੇ ਗੁਰੂ ਘਰ ਹੋਇਆ ਜੁਆਨ ਜੈਤਾ।
ਆਲਮ ਸਮੇਂ ਦਾ ਬਣ ਗਿਆ ਇਲਮ ਪੜ੍ਹ ਕੇ ,
ਬਣਿਆਂ ਸ਼੍ਰੋਮਣੀ ਕਵੀ, ਵਿਦਵਾਨ ਜੈਤਾ।
ਯੁੱਧ ਕਲਾ ਵਿੱਚ 'ਲਾਲ' ਪਰਬੀਨ ਹੈ ਸੀ
ਜਵਾਂ -ਮਰਦ ਸੀ, ਸੂਰਾ ਬਲਵਾਨ ਜੈਤਾ।



**ਲਾਲ ਸਿੰਘ ਸੁਲਹਾਣੀ**
**91-98721-55120**

## ਇਕ ਕਵਿਤਾ

ਸਮੁੰਦਰ ਕਿਨਾਰੇ
ਡਿਗੀ ਕਣੀ ਨੂੰ,
ਕੀ ਪਤਾ ?

ਦਰਿਆ ਦੀ
ਰਵਾਨਗੀ
ਕੀ ਹੁੰਦੀ ਏ ?

ਧਰਤੀ ਦੀ
ਪਿਆਸ
ਕੀ ਹੁੰਦੀ ਏ ?

ਜੀਵਨ ਦੀ
ਆਸ
ਕੀ ਹੁੰਦੀ ਏ ?

ਪੱਥਰਾਂ ਦੀ
ਖ਼ੋਰ
ਕੀ ਹੁੰਦੀ ਏ ?

ਪਾਣੀ ਖਾਤਰ
ਖ਼ੂਨ ਦੀ ਧਾਰ
ਕੀ ਹੁੰਦੀ ਏ ?

ਪਹਾੜਾਂ ਚ
ਕਲ਼ ਕਲ਼
ਕੀ ਹੁੰਦੀ ਏ ?

ਸਿਖ਼ਰ ਤੋਂ
ਵਾਪਸੀ
ਕੀ ਹੁੰਦੀ ਏ ?

**-ਜਨਮੇਜਾ ਸਿੰਘ ਜੌਹਲ**

## ਕਿਉਂ ਜ਼ਹਿਰਾਂ ਪੀ ਪੀ ਮਰਦੇ

ਘਰ ਦੇ ਜਿੰਮੇਵਾਰੋ ਟੱਬਰ ਟੀਹਰਾਂ ਵੱਲ ਵੀ ਦੇਖੋ
ਆਪਣੇ ਹੱਥ ਨਾ ਅੱਗ ਚਿਖ਼ਾ ਦੀ ਉੱਤੇ ਜਾ ਕੇ ਸੇਕੋ
ਸੋਚੋ ਸਮਝੋ ਤੁਹਾਡੇ ਪਿੱਛੋਂ, ਕਿੱਧਰ ਜਾਣਗੇ ਘਰਦੇ
ਹੋਸ਼ ਕਰੋ ਕੋਈ ਮੱਤ ਲਵੋ ਕਿਉਂ ਜ਼ਹਿਰਾਂ ਪੀ ਪੀ ਮਰਦੇ

ਹੀਰੇ ਵਰਗੇ ਏਸ ਜਨਮ ਨੂੰ, ਨਸ਼ਿਆਂ ਵਿਚ ਨਾ ਰੋਲੋ
ਆਪਣੀ ਜ਼ਿੰਦਗੀ ਦੇ ਵਿਚ ਹੱਥੀਂ ਜ਼ਹਿਰ ਨਾ ਆਪੇ ਘੋਲੋ
ਸਾਵਧਾਨ ਰਹੋ ਬੁਰੇ ਸਮੇਂ ਤੋਂ, ਕਿਉਂ ਆਹ ਦੁੱਖੜੇ ਜ਼ਰਦੇ
ਹੋਸ਼ ਕਰੋ ਕੋਈ ਮੱਤ ਲਵੋ ......

ਕੋਈ ਕਿਸੇ ਦਾ ਸਕਾ ਨਾ ਇੱਥੇ, ਅੰਨ੍ਹੀ ਪੀਂਹਦੀ ਆਟਾ
ਕੁੱਤੇ ਚੱਕੀ ਚੱਟੀ ਜਾਂਦੇ, ਖ਼ਾਲੀ ਦਿਸ ਦਾ ਬਾਟਾ
ਸਾਨੂ੍ ਬਣੇ ਸਰਕਾਰੀ ਕਿਸੇ ਤੋਂ ਨਸ਼ਾਖ਼ੋਰ ਨਾ ਡਰਦੇ
ਹੋਸ਼ ਕਰੋ ਕੋਈ ਮੱਤ ਲਵੋ ......

ਨਸ਼ਿਆਂ ਦੀ ਦੁਰਗੰਧ ਨੇ ਕੀਤਾ ਦੂਸ਼ਤ ਹਵਾ ਤੇ ਪਾਣੀ
ਭਟਕ ਗਏ ਮੰਜ਼ਿਲ ਤੋਂ ਆਪਾਂ, ਭੁੱਲੇ ਸਤਿਗੁਰ ਬਾਣੀ
ਚੁਣਦੇ ਜੇ ਸਰਕਾਰਾਂ ਚੰਗੀਆਂ, ਨਾ ਹਰਜਾਨੇ ਭਰਦੇ
ਹੋਸ਼ ਕਰੋ ਕੋਈ ਮੱਤ ਲਵੋ ......

ਜੇ ਨਾ ਗੱਲ ਵਿਚਾਰੀ ਅੱਜ ਤੈਂ ਫੇਰ ਖਾਵੇਂਗਾ ਧੋਖਾ
ਇਹ ਸ਼ਾਸ਼ਨ ਪ੍ਰਸ਼ਾਸ਼ਨ ਦਿੰਦਾ ਰਾਜਨੀਤੀ ਦਾ ਹੋਕਾ
ਖਾਕੇ ਸੋਹਾਂ ਮੁੱਕਰੇ ਨੇਤਾ, 'ਚੁੰਬਰਾ' ਪਾਉਂਦੇÊਰਦੇ
ਹੋਸ਼ ਕਰੋ ਕੋਈ ਮੱਤ ਲਵੋ ......

**– ਕੁਲਦੀਪ ਚੁੰਬਰ,**
**98151-37254**



## ਭਾਰਤ ਵਿਚ 16 ਲੱਖ ਕੋਰੋਨਾ ਮਰੀਜ਼ ਹੋਏ ਠੀਕ

**ਨਵੀਂ ਦਿੱਲੀ–** ਮਹਾਰਾਸ਼ਟਰ, ਉੱਤਰ ਪ੍ਰਦੇਸ਼ ਤੇ ਦੱਖਣੀ ਭਾਰਤ 'ਚ ਵੱਧਦੇ ਮਾਮਲਿਆਂ ਨਾਲ ਦੇਸ਼ 'ਚ ਕੋਰੋਨਾ ਤੋਂ ਪ੍ਰਭਾਵਿਤ ਲੋਕਾਂ ਦੀ ਗਿਣਤੀ ਮੰਗਲਵਾਰ ਨੂੰ 23 ਲੱਖ ਨੂੰ ਪਾਰ ਕੇ ਗਈ। ਹਾਲਾਂਕਿ ਕੋਰੋਨਾ ਦੇ ਵੱਧਦੇ ਮਾਮਲਿਆਂ 'ਚ ਭਾਰਤ 'ਚ ਠੀਕ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵੀ ਤੇਜੀ ਨਾਲ ਵੱਧ ਰਹੀ ਹੈ। ਦੇਸ਼ 'ਚ ਕੋਰੋਨਾ ਵਾਇਰਸ ਦੇ 16 ਲੱਖ ਤੋਂ ਜ਼ਿਆਦਾ ਮਰੀਜ਼ ਠੀਕ ਹੋ ਚੁੱਕੇ ਹਨ। ਮਰੀਜ਼ਾਂ ਦੇ ਉਬਰਨ ਦੀ ਦਰ ਕਰੀਬ 70 ਫੀਸਦੀ ਹੋ ਗਈ ਹੈ, ਜਦਕਿ ਮੌਤ ਦਰ ਦੋ ਫੀਸਦੀ ਤੋਂ ਵੀ ਹੇਠ ਆ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਮੰਗਲਵਾਰ ਸਵੇਰੇ ਅੱਠ ਵਜੇ ਜਾਰੀ ਅੰਕੜਿਆਂ ਮੁਤਾਬਕ ਬੀਤੇ 24 ਘੰਟਿਆਂ ਦੌਰਾਨ 60,963 ਨਵੇਂ ਪ੍ਰਭਾਵਿਤ ਕੇਸ ਮਿਲੇ ਹਨ ਤੇ ਕੁੱਲ ਮਾਮਲਿਆਂ ਦੀ ਗਿਣਤੀ 23 ਲੱਖ 29 ਹਜ਼ਾਰ 639 ਹੋ ਗਈ ਹੈ ਪਰ ਸਭ ਤੋਂ ਚੰਗੀ ਗੱਲ ਇਹ ਹੈ ਕਿ ਇਨ੍ਹਾਂ 'ਚੋਂ 16 ਲੱਖ 39 ਹਜ਼ਾਰ 600 ਮਰੀਜ਼ ਪੂਰੀ ਤਰ੍ਹਾਂ ਨਾਲ ਠੀਕ ਹੋ ਚੁੱਕੇ ਹਨ। ਮੌਜੂਦਾ ਸਮੇਂ 'ਚ ਕੋਰੋਨਾ ਦੇ 6 ਲੱਖ 43 ਹਜ਼ਾਰ 948 ਐਕਟਿਵ ਮਾਮਲੇ ਬਚੇ ਹਨ। ਕੋਰੋਨਾ ਮਹਾਮਾਰੀ ਦੇ ਚੱਲਦੇ ਹੁਣ ਤਕ ਦੇਸ਼ਭਰ 'ਚ 46,091 ਮਰੀਜ਼ਾਂ ਦੀ ਜਾਣ ਵੀ ਜਾ ਚੁੱਕੀ ਹੈ। ਆਈਸੀਐੱਮਆਰ ਅਨੁਸਾਰ 11 ਅਗਸਤ ਤਕ ਕੋਰੋਨਾ ਵਾਇਰਸ ਲਈ 2 ਕਰੋੜ 60 ਲੱਖ 15 ਹਜ਼ਾਰ 297 ਨਮੂਨਿਆਂ ਦੀ ਜਾਂਚ ਕੀਤੀ ਜਾ ਚੁੱਕੀ ਹੈ, ਜਿਨ੍ਹਾਂ 'ਚੋਂ 7 ਲੱਖ 33 ਹਜ਼ਾਰ 449 ਨਮੂਨਿਆਂ ਦੀ ਜਾਂਚ ਮੰਗਲਵਾਰ ਨੂੰ ਕੀਤੀ ਗਈ। ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਣ ਨੇ ਕਿਹਾ ਕਿ 31 ਮਾਰਚ ਨੂੰ 88.83 ਫੀਸਦੀ ਐਕਟਿਵ ਮਾਮਲਿਆਂ ਦੀ ਤੁਲਨਾ 'ਚ ਇਸ ਸਮੇਂ ਉਨ੍ਹਾਂ ਦੀ ਗਿਣਤੀ 28.21 ਫੀਸਦੀ ਰਹਿ ਗਈ ਹੈ। ਇਨ੍ਹਾਂ 'ਚੋਂ ਇਕ ਫੀਸਦੀ ਤੋਂ ਵੀ ਘੱਟ ਮਰੀਜ਼ ਵੈਂਟੀਲੇਟਰ 'ਤੇ ਹਨ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**

**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**

Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

**63 Muckelemi St**
**San Juan Bautista 95045**

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust